Punjabi Parwaz

# ਪੰਜਾਬੀ ਪਰਵਾਜ਼

ਅੰਕ 70ਵਾਂ (ਸ਼ਿਕਾਗੋ): 17 ਜਨਵਰੀ ਤੋਂ 30 ਜਨਵਰੀ 2026 ਤੱਕ

ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548

# ਛੋਟੇ ਮੁਲਕਾਂ ਉਤੇ ਕਬਜ਼ੇ ਦੀ ਦੌੜ ਤੇਜ਼ ਹੋਈ

**ਜਸਵੀਰ ਸਿੰਘ ਸ਼ੀਰੀ**

## *ਇਰਾਨ ਵਿੱਚ ਸਰਕਾਰ ਦੇ ਹੱਕ 'ਚ ਪ੍ਰਦਰਸ਼ਨ ਹੋਣ ਲੱਗੇ

ਇਰਾਨ ਦੇ ਇਰਾਕ ਨਾਲ ਲਗਦੇ ਬਾਰਡਰ ਦੇ ਦੋਹੀਂ ਪਾਸੀਂ ਫੌਜੀ ਕਾਰਵਾਈ ਲਈ ਤਿਆਰੀ ਦੀ ਹਿਲਜੁਲ ਵਿਖਾਈ ਦੇ ਰਹੀ ਹੈ। ਇਰਾਨ ਜਾਂ ਅਮਰੀਕਾ ਕੋਈ ਵੀ ਝੁਕਣ ਲਈ ਤਿਆਰ ਨਹੀਂ, ਜਦਕਿ ਇਜ਼ਰਾਇਲ ਦਾ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਕਲੇਸ਼ ਨੂੰ ਹਵਾ ਦੇਣ ਦਾ ਯਤਨ ਕਰ ਰਿਹਾ ਹੈ। ਲਗਦਾ ਇਉਂ ਹੈ ਕਿ ਇਰਾਨ ਨਾਲ ਵੱਡੀ ਖਾਰ ਅਸਲ ਵਿੱਚ ਇਜ਼ਰਾਇਲ ਦੀ ਹੈ। ਪਰ ਬੰਦੂਕ ਟਰੰਪ ਦੇ ਮੋਢੇ 'ਤੇ ਰੱਖ ਕੇ ਚਲਾਈ ਜਾ ਰਹੀ ਹੈ।

ਛੇ ਮਹੀਨੇ ਪਹਿਲਾਂ ਇਜ਼ਰਾਇਲ ਅਤੇ ਅਮਰੀਕਾ ਵਿਚਕਾਰ ਹੋਈ ਜੰਗ ਵਿੱਚ ਇਜ਼ਰਾਇਲ ਨੂੰ ਪਤਾ ਲੱਗ ਗਿਆ ਸੀ ਕਿ ਉਹ ਇਰਾਨ ਨਾਲ ਸਿੱਧੀ ਲੜਾਈ ਨਹੀਂ ਲੜ ਸਕਦਾ, ਇਸ ਲਈ ਅਮਰੀਕਾ ਨੂੰ ਇਰਾਨ ਵਿਰੁੱਧ ਜੰਗ ਲਈ ਤਿਆਰ ਕਰ ਲਿਆ ਗਿਆ। ਵੈਨੇਜ਼ੂਏਲਾ ਵਾਲੇ ਕੇਸ ਵਿੱਚ ਇਜ਼ਰਾਇਲ ਦੀ ਖੁਫੀਆ ਏਜੰਸੀ ਮੋਸਾਦ ਨੇ ਅਮਰੀਕਾ ਦਾ ਸਾਥ ਦੇ ਦਿੱਤਾ। ਵੈਨੇਜ਼ੂਏਲਾ ਵਿੱਚ ਮਦੂਰੋ ਨੂੰ ਫੜਨ ਲਈ ਜਿਸ ਕਿਸਮ ਦਾ ਉਪਰੇਸ਼ਨ ਕੀਤਾ, ਉਸ 'ਤੇ ਮੋਸਾਦ ਦੀ ਛਾਪ ਸਾਫ ਵਿਖਾਈ ਦਿੰਦੀ ਹੈ। ਮਦੂਰੋ ਨੂੰ ਫੜਨ ਦੇ ਉਪਰੇਸ਼ਨ ਦੀ ਮੁਕੰਮਲ ਪਲਾਨ ਮੋਸਾਦ ਵੱਲੋਂ ਉਲੀਕੀ ਜਾਪਦੀ ਹੈ, ਜਦਕਿ ਇਸ ਨੂੰ ਅਮਲ ਵਿੱਚ ਅਮਰੀਕਾ ਦੀ ਡੈਲਟਾ ਫੋਰਸ ਨੇ ਲਿਆਂਦਾ ਹੈ। ਇਰਾਨ ਦਾ ਕੇਸ ਵੱਖਰਾ ਹੈ। ਇੱਥੇ ਜੰਗ ਛੇੜਨਾ ਅਤੇ ਉਸ ਨੂੰ ਤੋੜ ਤੱਕ ਜਾਰੀ ਰੱਖਣਾ ਅਮਰੀਕਾ ਲਈ ਆਸਾਨ ਨਹੀਂ। ਬੀਤੇ ਕੁਝ ਹੀ ਸਮੇਂ ਵਿੱਚ ਇਰਾਨ ਨੇ ਆਪਣੇ ਆਪ ਨੂੰ ਫੌਜੀ ਤੌਰ 'ਤੇ ਕਾਫੀ ਮਜਬੂਤ ਕੀਤਾ ਹੈ। ਵਿਗਿਆਨ ਅਤੇ ਤਕਨੀਕ ਦੇ ਮਾਮਲੇ ਵਿੱਚ ਇਰਾਨੀ ਵਧੇਰੇ ਹੁਸ਼ਿਆਰ ਹੋਏ ਹਨ। ਪਰ ਅਮਰੀਕਾ ਅਤੇ ਯੂਰਪ ਵੱਲੋਂ ਲਗਾਈਆਂ ਗਈਆਂ ਆਰਥਕ ਪਾਬੰਦੀਆਂ ਕਾਰਨ ਉਸ ਦੀ ਵਿੱਤੀ ਹਾਲਤ ਪਤਲੀ ਹੋ ਗਈ, ਸਿੱਕੇ ਦੇ ਫੈਲਾਅ ਕਾਰਨ ਇਰਾਨੀ ਕਰੰਸੀ ਦਾ ਮੁਲ ਬਹੁਤ ਜ਼ਿਆਦਾ ਘਟ ਗਿਆ ਹੈ। ਇਸ ਹਾਲਤ ਨੂੰ ਵੇਖਦਿਆਂ ਇਰਾਨ ਨੇ ਪ੍ਰਦਰਸ਼ਨਕਾਰੀਆਂ ਖਿਲਾਫ ਦੂਹਰੀ ਨੀਤੀ ਅਪਣਾਈ ਹੈ। ਇਰਾਨ ਸਰਕਾਰ ਦੇ ਨੁਮਾਇੰਦਿਆਂ ਨੇ ਬੀਤੇ ਦਿਨਾਂ ਵਿੱਚ ਵਾਰ-ਵਾਰ ਐਲਾਨ ਕੀਤਾ ਹੈ ਕਿ ਲੋਕਾਂ ਦੇ ਆਰਥਕ ਮਸਲੇ ਜਾਇਜ਼ ਹਨ ਅਤੇ ਉਨ੍ਹਾਂ ਨੂੰ ਸਾਂਤੀ ਪੂਰਨ ਪ੍ਰਦਰਸ਼ਨ ਕਰਨ ਦਾ ਹੱਕ ਹੈ। ਨਾਲ ਹੀ ਇਰਾਨ ਦੇ ਸਰਬਉੱਚ ਆਗੂ ਅਯਾਤੁਲਾ ਅਲੀ ਖ਼ਾਮੇਨੇਈ ਨੇ ਆਖ ਦਿੱਤਾ ਕਿ ਹਿੰਸਕ ਹਮਲੇ ਬਰਦਾਸ਼ਤ ਨਹੀਂ ਕੀਤੇ ਜਾਣਗੇ। ਉਨ੍ਹਾਂ ਇਰਾਨ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਕਿਸੇ ਹੋਰ ਮੁਲਕ ਦੇ ਰਾਸ਼ਟਰਪਤੀ ਦੇ ਕਹਿਣ 'ਤੇ ਆਪਣੇ ਦੇਸ਼ ਦੀ ਜਾਇਦਾਦ ਨੂੰ ਨੁਕਸਾਨ ਨਾ ਪਹੁੰਚਾਇਆ ਜਾਵੇ।

ਕਰੰਸੀ ਅਤੇ ਇਸ ਮਾਮਲੇ ਨੂੰ ਲੈ ਕੇ ਲੋਕਾਂ ਵਿੱਚ ਰੋਸ ਹੈ। ਇਸ ਗੁੰਝਲਦਾਰ ਹਾਲਤ ਵਿੱਚ ਅਸਲ ਸਥਿਤੀ ਇਹ ਹੈ ਕਿ ਸਰਕਾਰ ਵਿਰੁੱਧ ਹੋਏ ਪ੍ਰਦਰਸ਼ਨਾਂ ਦੇ ਸਮਾਨੰਤਰ ਇਰਾਨ ਸਰਕਾਰ ਦੇ ਹੱਕ ਵਿੱਚ ਵੀ ਵੱਡੇ ਪ੍ਰਦਰਸ਼ਨ ਹੋਣ ਲੱਗੇ ਹਨ। ਇਸ ਦਰਮਿਆਨ 1979 ਵਿੱਚ ਇਸਲਾਮਿਕ ਕ੍ਰਾਂਤੀ ਵੇਲੇ ਗੱਦੀ ਤੋਂ ਲਾਹੇ ਸ਼ਾਹ ਪਰਿਵਾਰ ਦਾ ਫਰਜੰਦ ਰਜ਼ਾ ਪਹਿਲਵੀ ਇਰਾਨੀ ਫੌਜ ਨੂੰ ਬਾਗੀ ਹੋਣ ਦੇ ਸੱਦੇ ਦੇ ਰਿਹਾ ਹੈ; ਪਰ ਅਜਿਹਾ ਵਾਪਰਦਾ ਵਿਖਾਈ ਨਹੀਂ ਦੇ ਰਿਹਾ। ਇਹੋ ਇਰਾਨ ਦੀ ਸਭ ਤੋਂ ਵੱਡੀ ਮਜਬੂਤੀ ਹੈ। ਪ੍ਰਦਰਸ਼ਨਾਂ ਦੇ ਬਾਵਜੂਦ ਸਾਰੀਆਂ ਫੋਰਸਾਂ ਅਤੇ ਸਾਰਾ ਸਰਕਾਰੀ ਢਾਂਚਾ ਫਿਲਹਾਲ ਅਯਾਤੁਲਾ ਅਲੀ ਖ਼ਾਮੇਨੇਈ ਦੇ ਹੱਕ ਵਿੱਚ ਖੜ੍ਹਾ ਹੈ। ਜਿੰਨਾ ਚਿਰ ਰੂਲਿੰਗ ਛਤਰ ਵਿੱਚ ਤਰੇੜ ਨਹੀਂ ਪੈਂਦੀ, ਉਦੋਂ ਤੱਕ ਇਰਾਨ ਦੇ ਮੌਜੂਦਾ ਰਾਜ ਪ੍ਰਬੰਧ ਨੂੰ ਗਿਰਾਇਆ ਨਹੀਂ ਜਾ ਸਕਦਾ।

ਫੌਜਾਂ ਤਿਆਰੀ ਵਿੱਚ ਹਨ, ਪਰ ਕੋਈ ਵੀ ਧਿਰ ਲਿਫਣ

⇒ ਬਾਕੀ ਸਫਾ 2 ਉਤੇ ਪੜ੍ਹੋ

# ਗਰੀਨਲੈਂਡ 'ਤੇ ਕਬਜ਼ੇ ਦੇ ਐਲਾਨ ਨਾਲ ਯੂਰਪ ਨਾਰਾਜ਼




ਅਮਰੀਕਾ ਵੱਲੋਂ ਨਾਟੋ ਨੂੰ ਪਿੱਠ ਵਿਖਾਉਣ ਅਤੇ ਸੰਯੁਕਤ ਰਾਸ਼ਟਰ ਦੇ ਲਗਪਗ ਸਾਰੇ ਸੰਗਠਨਾਂ ਦੋਂ ਬਾਹਰ ਆ ਜਾਣ ਅਤੇ ਦੇਸ਼ ਦੇ ਅੰਦਰ ਲੋਕ ਭਲਾਈ ਦੀਆਂ ਸਕੀਮਾਂ 'ਤੇ ਮੁੱਠੀ ਘੁੱਟਣ ਨਾਲ ਮੌਜੂਦਾ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਕੌਮੀ/ਕੌਮਾਂਤਰੀ ਲੋਕਪ੍ਰਿਅਤਾ ਕਾਫੀ ਘਟੀ ਹੈ। ਪਰ ਉਹ ਇਸ ਘਾਪੇ ਨੂੰ ਲਾਗੇ-ਚਾਗੇ ਦੇ ਛੋਟੇ ਜਾਂ ਕਮਜ਼ੋਰ ਮੁਲਕਾਂ 'ਤੇ ਕਬਜ਼ਾ ਕਰਕੇ ਪੂਰਾ ਕਰਨਾ ਚਾਹੁੰਦੇ ਹਨ। ਨਵੇਂ ਦੌਰ ਵਿੱਚ ਵੈਨੇਜ਼ੂਏਲਾ ਅਮਰੀਕਾ ਦਾ ਟੈਸਟ ਕੇਸ ਸੀ। ਇਸ ਵਿੱਚ ਨਿਕੋਲਸ ਮਦੂਰੋ ਨੂੰ ਗ੍ਰਿਫਤਾਰ ਕਰਨ ਦੀ ਨਾਟਕੀ ਘਟਨਾ ਨਾਲ ਅਮਰੀਕਾ ਅਤੇ ਇਜ਼ਰਾਇਲ ਨੇ ਮੁੜ ਦੁਨੀਆਂ 'ਤੇ ਧਾਂਕ ਜਮਾਉਣ ਦਾ ਯਤਨ ਕੀਤਾ। ਵੈਨੇਜ਼ੂਏਲਾ 'ਤੇ ਹਮਲੇ ਤੋਂ ਪਹਿਲਾਂ ਇਜ਼ਰਾਇਲ ਤੇ ਅਮਰੀਕਾ ਦੇ ਰਾਸ਼ਟਰਪਤੀਆਂ ਵਿਚਕਾਰ ਹੋਈ ਗੱਲਬਾਤ ਵਿੱਚ ਲਗਦਾ ਤਹਿ ਇਹ ਹੋਇਆ ਸੀ ਕਿ ਇਜ਼ਰਾਇਲ ਵੈਨੇਜ਼ੂਏਲਾ ਨੂੰ ਹਥਿਆਉਣ ਲਈ ਅਮਰੀਕਾ ਦੀ ਮਦਦ ਕਰੇਗਾ ਅਤੇ ਅਮਰੀਕਾ ਇਰਾਨ 'ਤੇ ਹਮਲਾ ਕਰਨ ਵਿੱਚ ਇਜ਼ਰਾਇਲ ਨਾਲ ਖੜ੍ਹਾ ਹੋਵੇਗਾ। ਇਸ ਮੀਟਿੰਗ ਦੇ ਨਾਲ ਹੀ ਇਰਾਨ ਵਿੱਚ ਪ੍ਰਦਰਸ਼ਨ ਹੋਣੇ ਸ਼ੁਰੂ ਹੋ ਗਏ ਸਨ। ਮੋਸਾਦ ਦੇ ਏਜੰਟਾਂ ਨੇ ਇਨ੍ਹਾਂ ਪ੍ਰਦਰਸ਼ਨਾਂ ਨੂੰ ਹਿੰਸਕ ਕਰਨ, ਪੈਸੇ ਧੇਲੇ ਵੰਡਣ, ਹਥਿਆਰਾਂ ਅਤੇ ਹੋਰ ਸਾਜ਼ੋ-ਸਮਾਨ ਸਮੇਤ ਬਹੁਤ ਕੁਝ ਮੁਹੱਈਆ ਕਰਨ ਦਾ ਯਤਨ ਕੀਤਾ। ਇਸ ਮਦਦ ਬਾਰੇ ਮੋਸਾਦ

⇒ ਬਾਕੀ ਸਫਾ 7 ਉਤੇ ਪੜ੍ਹੋ

# ਨਾਟੋ ਦੀ ਹੋਂਦ ਖ਼ਤਰੇ ਵਿੱਚ !

ਗਰੀਨਲੈਂਡ ਉੱਤੇ ਕਬਜ਼ਾ ਕਰਨ ਦੀ ਯੋਜਨਾ ਨਾ ਸਿਰਫ਼ ਡੈਨਮਾਰਕ ਨਾਲ ਝਗੜੇ ਨੂੰ ਜਨਮ ਦੇਵੇਗੀ ਸਗੋਂ ਨਾਟੋ ਵਰਗੇ ਵਿਸ਼ਵ ਸੁਰੱਖਿਆ ਸੰਗਠਨ ਨੂੰ ਵੀ ਖ਼ਤਰੇ ਵਿੱਚ ਪਾ ਦੇਵੇਗੀ। ਬ੍ਰਿਟੇਨ ਦੇ ਅਖ਼ਬਾਰ 'ਡੇਲੀ ਮੇਲ' ਦੀ ਰਿਪੋਰਟ ਮੁਤਾਬਕ ਅਮਰੀਕੀ ਰਾਸ਼ਟਰਪਤੀ ਨੇ ਜੁਆਇੰਟ ਸਪੈਸ਼ਲ ਓਪਰੇਸ਼ਨਜ਼ ਕਮਾਂਡ (ਜੇ.ਐੱਸ.ਓ.ਸੀ.) ਨੂੰ ਇਹ ਜ਼ਿੰਮੇਵਾਰੀ ਸੌਂਪੀ ਹੈ। ਇਹ ਕਮਾਂਡ ਅਮਰੀਕੀ ਫੌਜ ਦਾ ਇੱਕ ਗੁਪਤ ਵਿਭਾਗ ਹੈ, ਜੋ ਡੈਲਟਾ ਫੋਰਸ ਅਤੇ ਨੇਵੀ ਸੀਲ ਟੀਮ-6 ਵਰਗੀਆਂ ਐਲੀਟ ਇਕਾਈਆਂ ਨੂੰ ਚਲਾਉਂਦਾ ਹੈ; ਪਰ ਅਮਰੀਕੀ ਜਨਰਲਾਂ ਨੂੰ ਲੱਗਦਾ ਹੈ ਕਿ ਇਹ ਕਾਨੂੰਨੀ ਤੌਰ 'ਤੇ ਗਲਤ ਹੈ।

ਜੇਕਰ ਅਮਰੀਕਾ ਨੇ ਗਰੀਨਲੈਂਡ ਉੱਤੇ ਹਮਲਾ ਕੀਤਾ ਤਾਂ ਨਾਟੋ ਲਈ ਗੰਭੀਰ ਸੰਕਟ ਪੈਦਾ ਹੋ ਜਾਵੇਗਾ। ਗਰੀਨਲੈਂਡ ਡੈਨਮਾਰਕ ਦਾ ਹਿੱਸਾ ਹੈ, ਜੋ ਨਾਟੋ ਦਾ ਮੈਂਬਰ ਹੈ। ਇਹ ਹਮਲਾ ਯੂਰਪੀ ਆਗੂਆਂ ਨਾਲ ਸਿੱਧਾ ਟਕਰਾਅ ਪੈਦਾ ਕਰੇਗਾ ਅਤੇ ਨਾਟੋ ਗਠਜੋੜ ਨੂੰ ਤੋੜਨ ਦਾ ਕਾਰਨ ਬਣੇਗਾ। ਯੂਰਪੀ ਅਧਿਕਾਰੀਆਂ ਨੂੰ ਲੱਗਦਾ ਹੈ ਕਿ ਟਰੰਪ ਦੇ ਆਲੇ-ਦੁਆਲੇ ਦਾ ਕੱਟੜਪੰਥੀ ਐੱਮ.ਏ.ਜੀ.ਏ. (ਮੇਕ ਅਮਰੀਕਾ ਗ੍ਰੇਟ ਅਗੇਨ) ਗਰੁੱਪ ਨਾਟੋ ਨੂੰ ਅੰਦਰੋਂ ਖ਼ਤਮ ਕਰਨਾ ਚਾਹੁੰਦਾ

⇒ ਬਾਕੀ ਸਫਾ 2 ਉਤੇ ਪੜ੍ਹੋ






# ਗੁਰਦੁਆਰਾ ਪੈਲਾਟਾਈਨ ਦੀਆਂ ਚੋਣਾਂ ਸਬੰਧੀ ਮਾਹੌਲ ਮਘਣ ਲੱਗਾ

## *ਨਵੀਂ ਪ੍ਰਬੰਧਕ ਕਮੇਟੀ ਨੂੰ ਲੈ ਕੇ ਚਰਚਾ ਛਿੜੀ

**ਕੁਲਜੀਤ ਸਿੰਘ**



ਹੈ ਤਾਂ ਇਹ ਪਾਣੀ ਤੋਂ ਪਹਿਲਾਂ ਮੌਜੇ ਲਾਹੁਣ ਜਿਹੀ ਗੱਲ, ਪਰ ਹੈ ਇਹ ਚਰਚਾ ਦਾ ਵਿਸ਼ਾ; ਕਿਉਂਕਿ ਗੁਰਦੁਆਰਾ ਪੈਲਾਟਾਈਨ ਦੀਆਂ ਚੋਣਾਂ ਸਬੰਧੀ ਮਾਹੌਲ ਮਘਣ ਲੱਗ ਪਿਆ ਹੈ। ਗੁਰਦੁਆਰਾ ਸਾਹਿਬ ਦੀ ਨਵੀਂ ਪ੍ਰਬੰਧਕ ਕਮੇਟੀ ਕਿਹੜੇ ਖੇਮੇ ਵਾਲੀ ਹੋਵੇਗੀ ਜਾਂ ਇਸ ਦਾ ਪ੍ਰਧਾਨ ਕੌਣ ਹੋਵੇਗਾ? ਇਹ ਕਿਆਫੇ ਹੁਣੇ ਤੋਂ ਲੱਗਣੇ ਸ਼ੁਰੂ ਹੋ ਗਏ ਹਨ। ਜ਼ਿਕਰਯੋਗ ਹੈ ਕਿ ਸਿੱਖ ਰਿਲੀਜੀਅਸ ਸੁਸਾਇਟੀ (ਸ਼ਿਕਾਗੋ) ਯਾਨੀ ਗੁਰਦੁਆਰਾ ਪੈਲਾਟਾਈਨ ਦੀ ਪ੍ਰਬੰਧਕ ਕਮੇਟੀ ਲਈ ਚੋਣਾਂ ਸਾਲ 2026 ਦੇ ਅਪਰੈਲ ਮਹੀਨੇ ਦੇ ਪਹਿਲੇ ਹਫਤੇ ਹੋਣ ਦੀ ਸੰਭਾਵਨਾ (ਸਿਲੈਕਸ਼ਨ/ਸਰਬਸੰਮਤੀ ਵੀ ਹੋ ਸਕਦੀ ਹੈ) ਦੇ ਮੱਦੇਨਜ਼ਰ ਹੁਣੇ ਤੋਂ ਸੰਗਤੀ ਧਿਰਾਂ ਵਿੱਚ ਹਲਚਲ ਹੋਣੀ ਸ਼ੁਰੂ ਹੋ ਗਈ ਹੈ। ਪ੍ਰਬੰਧਕੀ ਬੋਰਡ ਦੇ ਪੰਜ ਨਵੇਂ ਮੈਂਬਰਾਂ ਅਤੇ ਸੰਵਿਧਾਨ ਅਮਲ ਕਮੇਟੀ (ਸੀ.ਆਈ.ਸੀ.) ਦੇ ਇੱਕ ਮੈਂਬਰ ਦੀ ਚੋਣ ਸਬੰਧੀ ਕਿਹੜੇ ਕਿਹੜੇ ਉਮੀਦਵਾਰ ਮੈਦਾਨ ਵਿੱਚ ਨਿੱਤਰਦੇ ਹਨ, ਇਹ ਤਾਂ ਸਮਾਂ ਹੀ ਦੱਸੇਗਾ, ਪਰ ਇੰਨਾ ਜ਼ਰੂਰ ਹੈ ਕਿ ਗੁਰਦੁਆਰੇ ਦੇ ਮਾਹੌਲ ਵਿੱਚ ਸ਼ਗੂਫੇ ਜ਼ਰੂਰ ਛੱਡੇ ਜਾਣ ਲੱਗੇ ਹਨ। ਦੱਸ ਦਈਏ ਕਿ ਪੰਜ ਮੈਂਬਰਾਂ ਦਾ ਸੇਵਾ-ਕਾਲ ਇਸ ਸਾਲ ਦੀ ਵਿਸਾਖੀ ਤੱਕ ਮੁਕੰਮਲ ਹੋ ਜਾਵੇਗਾ ਅਤੇ ਉਨ੍ਹਾਂ ਦੀ ਥਾਂ ਨਵੇਂ ਬੋਰਡ ਆਫ ਟਰੱਸਟੀ ਚੁਣੇ ਜਾਣੇ ਹਨ। ਇਸ ਸਭ ਦੇ ਚੱਲਦਿਆਂ ਚਰਚਾ ਇਹ ਵੀ ਹੈ ਕਿ ਕੁਝ ਨੇ ਆਪਣੇ ਆਪ ਦੀ ਅਤੇ ਕੁਝ ਨੇ ਆਪਣੇ ਚਹੇਤਿਆਂ ਦੀ ਪਿੱਠ ਥਾਪੜਨੀ ਸ਼ੁਰੂ ਕਰ ਦਿੱਤੀ ਹੈ; ਤੇ ਕੁਝ ਸੱਜਣ ਨਵੇਂ ਚਿਹਰਿਆਂ ਦੀ ਤਲਾਸ਼ ਵਿੱਚ ਵੀ ਹਨ, ਜੋ ਗੁਰੂ ਘਰ ਦੀ ਸੇਵਾ ਲਈ ਸਮਰਪਿਤ ਭਾਵਨਾ ਨਾਲ ਸਮਾਂ ਕੱਢ ਸਕਣ ਅਤੇ ਸਭ ਧਿਰਾਂ ਨੂੰ ਨਾਲ ਲੈ ਕੇ ਗੁਰਦੁਆਰੇ ਦੀ ਬਿਹਤਰੀ ਲਈ ਉਪਰਾਲੇ ਕਰ ਸਕਣ।

ਗੁਰਦੁਆਰੇ ਨਾਲ ਜੁੜੀਆਂ ਧੜੇਬੰਦਕ ਧਿਰਾਂ ਪ੍ਰਬੰਧਕੀ ਕਮੇਟੀ ਸਬੰਧੀ ਸਿਲੈਕਸ਼ਨ ਦੇ ਹੱਕ ਵਿੱਚ ਭੁਗਤਦੀਆਂ ਹਨ ਜਾਂ ਇਲੈਕਸ਼ਨ (ਚੋਣ) ਕਰਵਾਏ ਜਾਣ ਨੂੰ ਤਵੱਜੋ ਦਿੰਦੀਆਂ ਹਨ, ਇਹ ਹਾਲੇ ਕੁਝ ਵੀ ਤੈਅ ਨਹੀਂ। ਉਂਜ ਇਸ ਸਾਰੇ ਵਰਤਾਰੇ ਸਬੰਧੀ ਸੰਗਤਾਂ ਦੇ ਕੁਝ ਹਿੱਸੇ ਵਿੱਚ ਆਪੋ-ਆਪਣੇ ਅੰਦਾਜ਼ੇ ਲੱਗਣੇ ਸ਼ੁਰੂ ਹੋ ਗਏ ਹਨ। ਦਿਲਚਸਪ ਤਾਂ ਇਹ ਚਰਚਾ ਵੀ ਹੈ ਕਿ ਦੇਖੋ ਐਤਕੀਂ ਪ੍ਰਧਾਨਗੀ ਦਾ ਗੁਣੀਆ ਕਿਸ 'ਤੇ ਪੈਂਦਾ ਹੈ? ਉਂਜ ਇਹ ਗੱਲ ਵੀ ਕੁਝ ਲੋਕਾਂ ਦੀ ਜ਼ੁਬਾਨ 'ਤੇ ਹੈ ਕਿ ਗੁਰਦੁਆਰਾ ਪ੍ਰਬੰਧ ਹੱਥਾਂ ਵਿੱਚ ਲੈਣ ਲਈ ਕੁਝ ਸ਼ਖਸੀਅਤਾਂ ਅੰਦਰੋ-ਅੰਦਰ ਸਰਗਰਮ ਹੋ ਗਈਆਂ ਹਨ। ਕੁਝ ਤਾਂ ਆਪਣੇ ਕਰੀਬੀਆਂ ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਫਿੱਟ ਕਰਨ ਲਈ ਸਕੀਮਾਂ ਨੂੰ ਜਰਬਾਂ ਵੀ ਦੇਣ ਲੱਗ ਗਏ ਹਨ। ਵੱਖ-ਵੱਖ ਧਿਰਾਂ ਵੱਲੋਂ ਜੇ ਚੋਣ ਨਾ ਕਰਵਾਏ ਜਾਣ ਨੂੰ ਲੈ ਕੇ ਸਹਿਮਤੀ ਬਣਦੀ ਹੈ, ਤਾਂ ਵੀ ਸਿਲੈਕਸ਼ਨ ਦੀ ਵਿਧੀ ਅਪਣਾਏ ਜਾਣ ਸਬੰਧੀ ਧਿਰਾਂ ਦੇ ਆਪੋ-ਆਪਣੇ ਸਾਂਝੇ ਬੰਦਿਆਂ ਨੂੰ ਕਿਸੇ ਨਾ ਕਿਸੇ ਤਰ੍ਹਾਂ ਰਲ਼ਾਅ ਦੇ ਰੁਝਾਨ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ। ਇਹ ਦੇਖਣਾ ਵੀ ਦਿਲਚਸਪ ਹੋਵੇਗਾ ਕਿ ਭਾਈਚਾਰੇ ਦੇ ਸਾਂਝੇ ਹਿੱਤਾਂ ਨੂੰ ਤਰਜੀਹ ਦਿੱਤੀ ਜਾਂਦੀ ਹੈ ਜਾਂ ਫਿਰ ਧਿਰ-ਪੱਧਰੀ ਪੱਲੜਾ ਭਾਰੂ ਹੁੰਦਾ ਹੈ! ਉਂਜ ਇਸ ਵਾਰ ਕੁਝ ਲੋਕ ਚੋਣਾਂ ਕਰਵਾਏ ਜਾਣ ਨੂੰ ਲੈ ਕੇ ਤਹੂ ਹਨ।

ਗੁਰਦੁਆਰਾ ਪੈਲਾਟਾਈਨ ਵਿੱਚ ਸਾਲ 2026 ਦੀ ਵਿਸਾਖੀ ਮੌਕੇ ਨਵਾਂ ਪ੍ਰਧਾਨ ਬਣਨ/ਚੁਣਨ ਨੂੰ ਲੈ ਕੇ ਪਿਛਲੇ ਦਿਨਾਂ ਦੌਰਾਨ ਦਬਵੀਂ ਸੁਰ ਵਿੱਚ ਗੱਲਬਾਤ ਹੋ ਰਹੀ ਹੈ। ਜਿਨ੍ਹਾਂ ਵੱਡੇ ਪਰਿਵਾਰਾਂ/ਰਿਸ਼ਤੇਦਾਰਾਂ ਦੀ ਅੰਗਲੀ-ਸੰਗਲੀ ਆਪਸ ਵਿੱਚ ਜੁੜੀ ਹੋਈ ਹੈ, ਉਨ੍ਹਾਂ ਦਾ ਅਸਰ ਵੀ ਇਨ੍ਹਾਂ ਚੋਣਾਂ ਵਿੱਚ ਬੜਾ ਕੁਝ ਸਪਸ਼ਟ ਕਰ ਦੇਵੇਗਾ। ਇੱਕ ਪਹਿਲੂ ਇਹ ਵੀ ਹੈ ਕਿ ਪ੍ਰਧਾਨਗੀ ਦੀ ਜ਼ਿੰਮੇਵਾਰੀ ਦੇ ਵੀ ਬੜੇ ਕਿੱਸੇ ਹਨ- ਪਹਿਲੀਆਂ ਕਮੇਟੀਆਂ ਦੇ ਗੋਚਰੇ ਉਹ ਕਿਸ ਕਿਸ ਸਥਿਤੀ ਤੋਂ ਗੁਜ਼ਰੇ, ਉਹ ਇਸ ਦੇ ਨਜ਼ਾਰੇ ਭਲੀਭਾਂਤ ਦੇਖ ਚੁਕੇ ਹਨ; ਕਿਉਂਕਿ ਵੱਡੀ ਜ਼ਿੰਮੇਵਾਰੀ ਦੀ ਸਥਿਤੀ ਦੇ ਨਾਲ ਨਾਲ ਪਿੱਠ 'ਤੇ ਖੜ੍ਹੀ ਧਿਰ ਅਤੇ ਸਮਰਥਕਾਂ ਦਾ ਦਬਾਅ ਝੱਲਣ ਦਾ ਵਰਤਾਰਾ ਵੀ ਪੇਸ਼ ਹੋ ਜਾਂਦਾ ਹੈ।

ਖ਼ੈਰ! ਪ੍ਰਧਾਨ ਕੋਈ ਵੀ ਬਣੇ ਪਰ ਉਹ ਕਿਸੇ ਵੀ ਸਿਆਸੀ ਪਾਰਟੀ ਦੇ ਪ੍ਰਛਾਵੇਂ ਤੋਂ ਮੁਕਤ ਹੋਵੇ, ਕਿਸੇ ਅਖੌਤੀ ਸੰਪਰਦਾ ਦਾ ਸ਼ਰਧਾਲੂ ਸੇਵਕ ਤਾਂ ਉੱਕਾ ਹੀ ਨਾ ਹੋਵੇ!! ਅਤੇ ਨਾ ਹੀ ਵਿਚਾਰਧਾਰਕ ਸਹਿਹੋਂਦ ਦੀ ਸਥਿਤੀ ਵਿੱਚ ਵਿਰੋਧੀ ਧਿਰ ਦੀ ਹੋਂਦ ਮੰਨਣ ਤੋਂ ਇਨਕਾਰੀ ਹੋਵੇ!!! ਹਾਂ, ਗੁਰਮਤਿ ਦਾ ਅਨੁਸਾਰੀ ਅਤੇ ਗੁਰੂ ਗ੍ਰੰਥ ਸਾਹਿਬ ਦੇ ਫਲਸਫੇ ਦਾ ਮੁਦੱਈ ਜ਼ਰੂਰ ਹੋਵੇ। ਜੇ ਗੁਰੂ ਘਰਾਂ ਦੀ ਪ੍ਰਬੰਧਕੀ ਕਮੇਟੀ ਗੁਰਮਤਿ ਵਿਰੋਧੀ ਵਿਚਾਰਾਂ ਵਾਲੀ ਅਤੇ ਕੱਟੜ ਬਿਰਤੀ ਵਾਲੀ ਹੋ ਜਾਵੇ ਜਾਂ ਚੁਣੀ ਜਾਣ ਲੱਗ ਪਵੇ ਤਾਂ ਗੁਰਮਤਿ ਵਿਚਾਰ ਦਾ ਘੱਟ ਤੇ ਮਨਮਤਿ ਦਾ ਬੋਲਬਾਲਾ ਵੱਧ ਹੋਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਉਂਜ ਇੱਥੇ ਜ਼ਿਕਰਯੋਗ ਹੈ ਕਿ ਗੁਰਦੁਆਰਾ ਪੈਲਾਟਾਈਨ ਨਾਲ ਜੁੜੀ ਸੰਗਤ ਕਿਸੇ ਇੱਕ ਖਾਸ ਵਿਚਾਰਧਾਰਾ ਦੀ ਮੁਦੱਈ ਉੱਕਾ ਹੀ ਨਹੀਂ ਹੈ। ਇਸ ਲਈ ਜ਼ਾਹਰਾ ਤੌਰ 'ਤੇ ਸੰਗਤ ਨੂੰ ਵੀ ਪੱਖਪਾਤ ਤੋਂ ਨਿਰਲੇਪ ਪ੍ਰਬੰਧਕ ਕਮੇਟੀ ਚੁਣਨ ਲਈ ਤਰੱਦਦ ਕਰਨਾ ਚਾਹੀਦਾ ਹੈ! ਨਹੀਂ ਤਾਂ ਧਿਰ ਪੱਧਰੀ ਵਿਚਾਰਧਾਰਕ ਪਾੜੇ ਗੁਰਦੁਆਰਾ ਸਿਆਸਤ ਵਿੱਚ ਸੰਗਤੀ ਪਾੜੇ ਦੇ ਉਭਾਰ ਦਾ ਕਾਰਨ ਬਣਨ ਤੋਂ ਸਿਰ ਨਹੀਂ ਛੰਡਿਆ ਜਾ ਸਕਦਾ।

ਉਂਜ ਆਮ ਤੌਰ 'ਤੇ ਗੁਰਦੁਆਰਾ ਸਿਆਸਤ ਨੂੰ ਲੈ ਕੇ ਬਹੁਤੀਆਂ ਥਾਵਾਂ 'ਤੇ ਇਹ ਗੱਲ ਸਪਸ਼ਟ ਹੈ ਕਿ ਪ੍ਰਬੰਧਕੀ ਧਿਰਾਂ ਦੇ ਪਿੱਛੇ ਖੜ੍ਹੀਆਂ ਧਿਰਾਂ ਦੀ ਵਿਚਾਰਧਾਰਾ ਸਿੱਧੇ-ਅਸਿੱਧੇ ਰੂਪ ਵਿੱਚ ਅਸਰ-ਅੰਦਾਜ਼ ਹੁੰਦੀ ਰਹੀ ਹੈ। ਮਨਮਰਜੀਆਂ ਦਾ ਬੋਲਬਾਲਾ ਵੀ ਹੋ ਜਾਂਦਾ ਰਿਹਾ ਹੈ ਅਤੇ ਵਿਰੋਧੀ ਧਿਰ ਨੂੰ ਟਿੱਚ ਜਾਨਣ ਦਾ ਰਵੱਈਆ ਵੀ ਕਿਸੇ ਨਾ ਕਿਸੇ ਰੂਪ ਵਿੱਚ ਉਭਰ ਆਉਂਦਾ ਰਿਹਾ ਹੈ। ਦਿਲਚਸਪ ਤਾਂ ਇਹ ਵੀ ਹੈ ਕਿ ਵੱਖ-ਵੱਖ ਸੰਸਥਾਵਾਂ ਵਿਚਲੀਆਂ ਵੱਖ-ਵੱਖ ਵਿਚਾਰਾਂ ਵਾਲੀਆਂ ਧਿਰਾਂ ਦੀ ਗੁਰਦੁਆਰਾ ਸਿਆਸਤ ਵਿੱਚ ਵਿਰੋਧਾਭਾਸੀ ਸ਼ਮੂਲੀਅਤ ਨੂੰ ਵੀ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ। ਗੁਰਦੁਆਰਾ ਸਿਆਸਤ ਵਿੱਚ ਭਾਈਚਾਰੇ ਦੀਆਂ ਸਾਂਝੀਆਂ ਧਿਰਾਂ ਦੇ ਨਾਲ ਵਿਰੋਧੀ ਧਿਰਾਂ ਦੀ ਬੇਸ਼ੱਕ ਅਹਿਮੀਅਤ ਹੈ, ਪਰ ਜੇ ਵਿਰੋਧਾਭਾਸ ਸਕਾਰਾਤਮਕ ਲਹਿਜੇ ਦਾ ਹੋਵੇ ਤਾਂ ਭਾਈਚਾਰੇ ਦੀ ਬਿਹਤਰੀ ਵਿੱਚ ਖਾਸ ਭੂਮਿਕਾ ਅਦਾ ਕਰ ਸਕਦਾ ਹੈ।

ਖ਼ੈਰ! ਆਪਾਂ ਗੁਰਦੁਆਰਾ ਪੈਲਾਟਾਈਨ ਦੀ ਅਗਾਮੀ ਸੰਭਾਵੀ ਪ੍ਰਬੰਧਕੀ ਕਮੇਟੀ ਵੱਲ ਆਉਂਦੇ ਹਾਂ; ਦੇਖੋ ਹੁਣ ਕਿਹਦੇ-ਕਿਹਦੇ ਨਾਂ ਦੀ ਧੰਨ ਧੰਨ ਹੁੰਦੀ ਐ!! ਜੇ ਚੋਣ ਹੁੰਦੀ ਹੈ ਤਾਂ ਕਿਸ-ਕਿਸ ਧਿਰ ਦੇ ਕਿਹੜੇ-ਕਿਹੜੇ 'ਸੇਵਕ' ਪ੍ਰਬੰਧਕ ਕਮੇਟੀ ਲਈ ਨਾਮਜ਼ਦ ਹੋਣਗੇ ਜਾਂ ਕਿਹੜੇ-ਕਿਹੜੇ, ਕਿਸ-ਕਿਸ ਦੇ ਹੱਕ ਜਾਂ ਵਿਰੋਧ ਵਿੱਚ ਦਾਅ ਖੇਡਣਗੇ; ਇਹ ਜਿਉਂ-ਜਿਉਂ 2026 ਦੀ ਵਿਸਾਖੀ ਦਾ ਸਮਾਂ ਨਜ਼ਦੀਕ ਆਉਂਦਾ ਜਾਵੇਗਾ, ਤਿਉਂ-ਤਿਉਂ ਤਸਵੀਰ ਸਾਫ ਹੁੰਦੀ ਜਾਵੇਗੀ; ਪਰ ਦਿਲਚਸਪ ਇਹ ਹੈ ਕਿ ਇਸ ਸਬੰਧੀ ਗੁਰਦੁਆਰਾ ਮਾਹੌਲ ਵਿੱਚ ਸਰਗਰਮੀ ਹੁਣੇ ਤੋਂ ਸ਼ੁਰੂ ਹੋ ਗਈ ਹੈ। ਸੰਗਤ ਵਿੱਚ ਕੁਝ ਐਸੇ ਮੈਂਬਰ ਵੀ ਹਨ, ਜੋ ਗੁਰਦੁਆਰਾ ਹਦੂਦ ਅੰਦਰ ਸਭ ਕੁਝ ਠੀਕ ਹੁੰਦਾ ਤਾਂ ਦੇਖਣਾ ਚਾਹੁੰਦੇ ਹਨ, ਪਰ ਆਪ ਮੂਹਰੇ ਹੋ ਕੇ ਗੁਰਦੁਆਰਾ ਸਿਆਸਤ ਦਾ ਹਿੱਸਾ ਨਹੀਂ ਬਣਨਾ ਚਾਹੁੰਦੇ; ਕਿਉਂਕਿ ਭਾਈਚਾਰਕ ਤੌਰ 'ਤੇ ਵਿਚਰਦਿਆਂ ਉਹ ਧਿਰ ਬਣਨ ਨੂੰ ਤਵੱਜੋ ਨਹੀਂ ਦਿੰਦੇ।

ਖ਼ੈਰ! ਮੇਰੀ ਯਾਦ ਦੇ ਝਰੋਖੇ ਵਿੱਚ ਪੰਜਾਬੀ ਦੀ ਇੱਕ ਪੁਰਾਣੀ ਫਿਲਮ ਦਾ ਸੀਨ ਘੁੰਮ ਰਿਹਾ ਹੈ; ਪਰ ਧੁੰਦਲਾ-ਧੁੰਦਲਾ ਜਿਹਾ। ਸ਼ਾਇਦ ਕੁਝ ਸੱਜਣਾਂ ਨੂੰ ਯਾਦ ਆ ਵੀ ਜਾਵੇ। ਫਿਲਮ ਦੇ ਸੀਨ ਮੁਤਾਬਿਕ ਗੱਲ ਸ਼ਾਇਦ ਇਉਂ ਬਣੀ ਕਿ ਗੁਆਂਢ 'ਚ ਰਹਿੰਦੇ ਸ਼ਰਾਰਤੀ ਜਾਂ ਵੈਲੀ ਕਿਸਮ ਦੇ ਬੰਦਿਆਂ ਨੇ ਜੁਗਾੜ ਲਾ ਕੇ ਗੁਆਂਢੀਆਂ ਦੀ ਬੱਕਰੀ ਚੋਰੀ ਕਰ ਲਈ। ਇੰਨੇ ਨੂੰ, ਜਿਨ੍ਹਾਂ ਦੀ ਬੱਕਰੀ ਗੁਆਚੀ ਸੀ, ਉਹ ਲੱਭਦੇ ਲੱਭਦੇ ਉਸੇ ਘਰ ਦੇ ਬਾਰ ਮੂਹਰੇ ਆ ਖੜੇ। ਉਨ੍ਹਾਂ ਨੂੰ ਖਬਰ ਨਾ ਹੋ ਜਾਣ ਦਾ ਸੋਚ ਕੇ ਨਿਗ੍ਹਾ ਰੱਖ ਰਹੇ ਬੰਦੇ ਨੇ ਰਾਗ ਅਲਾਪਣਾ ਸ਼ੁਰੂ ਕਰ ਦਿੱਤਾ, "ਜਿਨ੍ਹਾਂ ਦੀ ਚੁੱਕੀ ਬੱਕਰੀ, ਉਹ ਆਣ ਖੜੇ ਦੁਆਰ; ਦੱਬ ਕੇ ਢੱਕਣ ਲਾ ਲਿਓ, ਭਾਫ ਨਾ ਨਿਕਲੇ ਬਾਹਰ!" ...ਕਿਉਂਕਿ ਭਾਫ ਸਾਰਾ ਭੇਤ ਖੋਲ੍ਹ ਦਿੰਦੀ ਹੈ ਕਿ ਕੁਝ ਨਾ ਕੁਝ ਤਾਂ ਰਿੱਝ ਹੋ ਰਿਹਾ ਹੈ! ਸਿਆਣਿਆਂ ਨੇ ਕਿਹਾ ਹੈ, "ਢਕੀ ਰਿੱਝੇ, ਕੋਈ ਨਾ ਬੁੱਝੇ।" ਪਰ ਭਾਫ ਜਦੋਂ ਢਕੀ ਤੋਂ ਵੀ ਨਿਕਲਣੀ ਸ਼ੁਰੂ ਹੋ ਜਾਵੇ ਤਾਂ ਦੇਖਣ ਵਾਲੇ ਦੀ ਇਹ ਜਾਨਣ ਲਈ ਉਤਸੁਕਤਾ ਵਧ ਜਾਂਦੀ ਹੈ ਕਿ ਅੰਦਰ ਕੀ ਰਿੱਝਦਾ ਹੈ! ਬਸ ਅਜਿਹੀਆਂ ਹੀ ਕਿਆਸਅਰਾਈਆਂ ਦੀਆਂ ਭਾਫਾਂ- ਸਿਆਸਤ, ਸਮਾਜ ਤੇ ਧਰਮ ਨਾਲ ਜੁੜੀਆਂ ਸ਼ਿਕਾਗੋ ਦੀਆਂ ਸਫਾਂ ਵਿੱਚ ਉਡ ਰਹੀਆਂ ਹਨ।

ਇੱਕ ਗੱਲ ਹੋਰ! ਪਿੱਛੇ ਜਿਹੇ ਕਿਸੇ ਸੱਜਣ ਨੇ ਇਹ ਗੱਲ ਸਰਸਰੀ ਮੂੰਹੋਂ ਕੱਢ ਦਿੱਤੀ ਕਿ ਗੁਰਦੁਆਰਾ ਪੈਲਾਟਾਈਨ ਨਾਲ ਕਾਫੀ ਸੰਗਤ ਜੁੜ ਗਈ ਹੈ, ਵਿਸ਼ੇਸ਼ ਦਿਨ-ਦਿਹਾਰ 'ਤੇ ਗੁਰਦੁਆਰਾ ਭਰਿਆ ਹੁੰਦਾ ਹੈ। ਖਾਸ ਸਮਾਗਮਾਂ ਮੌਕੇ ਗੁਰਦੁਆਰੇ ਦੇ ਅਹਾਤੇ ਵਿੱਚ ਗੱਡੀ ਪਾਰਕ ਕਰਨ ਨੂੰ ਥਾਂ ਨਹੀਂ ਲੱਭਦੀ। (ਉਂਜ ਇਹ ਨੌਬਤ ਖਾਸ ਦਿਨ-ਦਿਹਾਰ 'ਤੇ ਹੀ ਆਉਂਦੀ ਹੈ।) ਖ਼ੈਰ! ਸਵਾਲ ਵਰਗੀ ਉਸ ਸੱਜਣ ਦੀ ਸਲਾਹ ਸੀ ਕਿ ਇਸ ਗੁਰਦੁਆਰੇ ਦੀ ਇੱਕ ਬ੍ਰਾਂਚ ਹੋਰ ਖੋਲ੍ਹ ਲਈ ਜਾਵੇ ਤਾਂ ਠੀਕ ਨਹੀਂ ਰਹੂ? ਕਿਉਂਕਿ ਜਿਹੜੀ ਸੰਗਤ ਦੂਰੋਂ ਆਉਂਦੀ ਹੈ, ਉਨ੍ਹਾਂ ਨੂੰ ਸੌਖ ਹੋ ਜਾਵੇਗੀ। ਵਿਚਾਰ ਤਾਂ ਚੱਜ ਦਾ ਹੈ, ਪਰ ਮਸਲਾ ਪ੍ਰਬੰਧ ਸਾਂਭਣ ਵਾਲੀ ਧਿਰ 'ਤੇ ਆ ਕੇ ਪੇਚੀਦਗੀ ਵਾਲਾ ਬਣ ਜਾਣਾ ਹੈ। ਇਸ ਨਾਲ ਸ਼ਾਇਦ ਇਹ ਸਮੱਸਿਆ ਹੋਰ ਦਰਪੇਸ਼ ਹੋ ਜਾਵੇ ਕਿ ਇੱਕ ਧਿਰ ਜਾਂ ਕੋਈ ਨਵੀਂ ਧਿਰ ਦਾ ਉਭਾਰ ਹੋ ਸਕਦਾ ਹੈ। ਅਸਲ ਵਿੱਚ ਧਿਰਾਂ ਵਿੱਚ ਵੰਡੇ ਕੁਝ ਗੁਰਦੁਆਰੇ ਤਾਂ ਪਹਿਲਾਂ ਹੀ ਵਿਚਾਰਧਾਰਕ ਤੌਰ 'ਤੇ ਵੱਖ-ਵੱਖ ਹਨ ਅਤੇ ਇਹ ਪਾੜਾ ਹੋਰ ਵੀ ਡੂੰਘਾ ਹੋ ਜਾਣ ਦੇ ਖਦਸ਼ੇ ਤੋਂ ਕਤੱਈ ਇਨਕਾਰ ਨਹੀਂ ਕੀਤਾ ਜਾ ਸਕਦਾ।

---

# ਛੋਟੇ ਮੁਲਕਾਂ 'ਤੇ ਕਬਜ਼ੇ ਦੀ ਦੌੜ ਤੇਜ਼ ਹੋਈ

ਲਈ ਤਿਆਰ ਨਹੀਂ ਹੈ। ਇਰਾਨ ਵਿੱਚ ਆਰਥਕ ਔਕੜਾਂ ਕਾਰਨ ਲੋਕ ਵੱਡੀ ਪੱਧਰ 'ਤੇ ਪ੍ਰਦਰਸ਼ਨ ਕਰ ਰਹੇ ਹਨ, ਪਰ ਇਜ਼ਰਾਇਲੀ ਖੁਫੀਆ ਏਜੰਸੀ ਮੋਸਾਦ ਅਤੇ ਇਸ ਦੇ ਏਜੰਟ ਇਨ੍ਹਾਂ ਪ੍ਰਦਰਸ਼ਨਾਂ ਨੂੰ ਇਰਾਨ ਵਿੱਚ ਖ਼ਾਮੇਨੇਈ ਸਰਕਾਰ ਦਾ ਤਖਤਾ ਪਲਟਣ ਲਈ ਵਰਤ ਰਹੇ ਹਨ। ਇਰਾਨ ਵਿੱਚ ਹੋ ਰਹੇ ਇਨ੍ਹਾਂ ਪ੍ਰਦਰਸ਼ਨਾਂ ਦੌਰਾਨ ਮੋਸਾਦ ਵੱਲੋਂ ਹਿੰਸਾ ਭੜਕਾਉਣ ਦੇ ਵੀ ਯਤਨ ਹੋ ਰਹੇ ਹਨ। ਇਰਾਨ ਵਿੱਚ ਹਿੰਸਾ, ਤੋੜ ਫੋੜ ਅਤੇ ਅਗਜ਼ਨੀ ਵਿੱਚ 1000 ਦੇ ਕਰੀਬ ਲੋਕਾਂ ਦੀ ਮੌਤ ਹੋ ਗਈ ਦੱਸੀ ਜਾਂਦੀ ਹੈ। ਇਸ ਦਰਮਿਆਨ ਅਮਰੀਕਾ ਦੇ ਰਾਸ਼ਟਰਪਤੀ ਨੇ ਆਖਿਆ ਹੈ ਕਿ ਜੇ ਇਰਾਨੀ ਸਰਕਾਰ ਵੱਲੋਂ ਪ੍ਰਦਰਸ਼ਨਕਾਰੀਆਂ 'ਤੇ ਗੋਲੀ ਚਲਾਈ ਗਈ ਤਾਂ ਉਹ ਪ੍ਰਦਸ਼ਨਕਾਰੀਅਆਂ ਦੀ ਸੁਰੱਖਿਆ ਲਈ ਫੌਜੀ ਦਖਲ ਦੇਣਗੇ। ਪਰ ਖੁਸ਼ਕਿਸਮਤੀ ਇਹ ਹੈ ਕਿ ਹਾਲੇ ਤਕ ਵੀ ਦੋਨੋ ਮੁਲਕਾਂ ਵਿੱਚ ਫੌਜੀ ਕਲੇਸ਼ ਸ਼ੁਰੂ ਨਹੀਂ ਹੋਇਆ।

ਇਹ ਸਾਰਾ ਵਰਤਾਰਾ ਦਰਸਾਉਂਦਾ ਹੈ ਕਿ ਇੱਕ ਪਾਸੇ ਵੱਡੇ ਸਾਮਰਾਜਾਂ ਦੇ ਅਧੀਨ ਵਿਚਰ ਰਹੀਆਂ ਕੌਮਾਂ ਆਪਣੀ ਆਜ਼ਾਦੀ ਲਈ ਤਾਂਘ ਰਹੀਆਂ ਹਨ, ਦੂਜੇ ਪਾਸੇ ਵੱਡੇ ਮੁਲਕਾਂ ਵੱਲੋਂ ਛੋਟਿਆਂ ਜਾਂ ਫੌਜੀ ਤੌਰ 'ਤੇ ਕਮਜ਼ੋਰ ਮੁਲਕਾਂ ਨੂੰ ਨੱਪਣ ਦੀ ਦੌੜ ਤੇਜ਼ ਹੋ ਰਹੀ ਹੈ। ਅਮਰੀਕਾ ਨੇ ਵੈਨੇਜ਼ੂਏਲਾ ਦੇ ਰਾਸ਼ਟਰਪਤੀ ਮਦੂਰੋ ਨੂੰ ਗ੍ਰਿਫਤਾਰ ਕਰਨ ਤੋਂ ਬਾਅਦ ਅਸਿੱਧੇ ਢੰਗ ਨਾਲ ਇਸ ਮੁਲਕ 'ਤੇ ਆਪਣਾ ਕਬਜ਼ਾ ਜਮਾ ਲਿਆ ਹੈ ਅਤੇ ਗਰੀਨਲੈਂਡ ਅਤੇ ਕਿਊਬਾ ਨੂੰ ਆਪਣੇ ਅਧੀਨ ਕਰਨ ਦਾ ਸ਼ੱਰ੍ਹੇਆਮ ਐਲਾਨ ਕਰ ਰਿਹਾ ਹੈ। ਰੂਸ ਯੂਕਰੇਨ 'ਤੇ ਕਬਜ਼ੇ ਲਈ ਜ਼ੋਰ ਅਜ਼ਮਾਈ ਕਰ ਰਿਹਾ ਹੈ ਅਤੇ ਚੀਨ ਤਾਇਵਾਨ 'ਤੇ ਕਬਜ਼ੇ ਵਾਸਤੇ ਬੈਠਕਾਂ ਮਾਰ ਰਿਹਾ ਹੈ।

ਇਸ ਟਰੈਂਡ ਤੋਂ ਜਾਪਦਾ ਹੈ ਕਿ ਕੌਮੀ ਰਾਜਾਂ ਨੂੰ ਖਤਮ ਕਰਕੇ ਵੱਡੇ ਸਾਮਰਾਜ ਉਸਾਰਨ ਦੀ ਜ਼ਿਦ ਮੁੜ ਤੋਂ ਉਭਰਨ ਲੱਗੀ ਹੈ। ਦੁਨੀਆਂ ਵਿੱਚ ਇੱਕ ਪਾਸੇ ਯੂਰਪ ਹੈ, ਜੋ ਆਜ਼ਾਦ ਕੌਮੀ ਰਾਜਾਂ ਦਾ ਸਹਿਮਤੀ ਦੇ ਆਧਾਰ 'ਤੇ ਬਣਿਆ ਸੰਘ ਹੈ; ਪਰ ਇਸ ਨੇ ਆਪਣੀ ਸੁਰੱਖਿਆ ਦੀ ਜ਼ਿਆਦਾ ਜ਼ਿੰਮੇਵਾਰੀ ਅਮਰੀਕਾ/ਨਾਟੋ 'ਤੇ ਛੱਡੀ ਹੋਈ ਹੈ। ਦੂਜੇ ਪਾਸੇ ਅਮਰੀਕਾ, ਚੀਨ ਅਤੇ ਰੂਸ ਜਿਹੇ ਤਿੰਨ ਵੱਡੇ ਮੁਲਕ ਹਨ, ਜਿਨ੍ਹਾਂ ਵਿੱਚ ਰਾਜਸੀ ਸੱਤਾ ਦੀ ਤਾਸੀਰ ਤਾਂ ਭਾਵੇਂ ਵੱਖੋ-ਵੱਖਰੀ ਹੈ, ਪਰ ਆਪਣੇ ਗੁਆਂਢੀ/ਕਮਜ਼ੋਰ ਮੁਲਕਾਂ 'ਤੇ ਸਿੱਧੇ ਅਸਿੱਧੇ ਕਬਜ਼ੇ ਕਰਨ ਦੀ ਰੁਚੀ ਇਨ੍ਹਾਂ ਦੀਆਂ ਹਕੂਮਤਾਂ ਵਿੱਚ ਵੀ ਪਲ਼ ਰਹੀ ਹੈ। ਆਪਣੀ ਫੌਜੀ/ਤਕਨੀਕੀ/ਭੂਗੋਲਿਕ ਤਾਕਤ ਨਾਲ ਇਹ ਮੁਲਕ ਦੁਨੀਆਂ ਨੂੰ ਆਪੋ-ਆਪਣੀ ਮੁੱਠੀ ਵਿੱਚ ਕਰਨ ਦਾ ਯਤਨ ਕਰ ਰਹੇ ਹਨ। ਯੂਰਪੀ ਯੂਨੀਅਨ ਵਿੱਚ ਭਾਵੇਂ ਜਰਮਨੀ ਅਤੇ ਫਰਾਂਸ ਜਿਹੇ ਵਿਕਸਤ/ਤਾਕਤਵਰ ਮੁਲਕ ਵੀ ਹਨ, ਜੋ ਦੁਨੀਆਂ ਦੇ ਸਿਆਸੀ ਦ੍ਰਿਸ਼ ਨੂੰ ਪ੍ਰਭਾਵਤ ਕਰ ਸਕਦੇ ਹਨ, ਪਰ ਫੌਜੀ ਤਾਕਤ ਪੱਖੋਂ ਇਹ ਵੀ ਇੱਕ ਢੰਗ ਨਾਲ ਅਮਰੀਕਾ 'ਤੇ ਨਿਰਭਰ ਕਰਦੇ ਹਨ। ਵੱਖ-ਵੱਖ ਕੌਮਾਂ ਤੇ ਸੱਭਿਆਚਾਰਾਂ ਦੀ ਆਜ਼ਾਦੀ ਦੀ ਦ੍ਰਿਸ਼ਟੀ ਤੋਂ ਇਸ ਵੇਲੇ ਯੂਰਪ ਹੀ ਦੁਨੀਆਂ ਲਈ ਮਾਡਲ ਹੈ, ਪਰ ਇਹ ਦੁਖਾਂਤ (ਟਰੈਜਿਡੀ) ਵੀ ਸਾਡੇ ਸਾਹਮਣੇ ਵਾਪਰਦੀ ਵਿਖਾਈ ਦੇ ਰਹੀ ਹੈ ਕਿ ਅਕਸਰ ਅਮੀਰ ਸੱਭਿਅਤਾਵਾਂ ਜੰਗਲੀ ਕਿਸਮ ਦੇ ਜੰਗੀ ਯੋਧਿਆਂ ਦਾ ਮੁਕਾਬਲਾ ਕਰਨ ਤੋਂ ਅਸਮਰੱਥ ਰਹਿ ਜਾਂਦੀਆਂ ਹਨ।

ਮੌਜੂਦਾ ਹਾਲਾਤ 'ਚ ਵੈਨੇਜ਼ੂਏਲਾ ਪਿੱਛੋਂ ਅਮਰੀਕਾ ਦਾ ਅਗਲਾ ਸ਼ਿਕਾਰ ਕਿਹੜਾ ਹੋਵੇਗਾ, ਇਹਦੇ ਬਾਰੇ ਚਰਚਾਵਾਂ ਚੱਲ ਰਹੀਆਂ ਹਨ। ਅਮਰੀਕਾ ਦੀ ਫੌਜੀ ਨਕਲੋ ਹਰਕਤ ਇਰਾਨ ਨੇੜੇ ਇਰਾਕ ਵਿੱਚ ਵਿਖਾਈ ਦਿੱਤੀ ਹੈ, ਪਰ ਕਬਜ਼ਾ ਗਰੀਨ ਲੈਂਡ 'ਤੇ ਕਰਨ ਦੇ ਬਿਆਨ ਦਿੱਤੇ ਜਾ ਰਹੇ ਹਨ। ਵਿੱਚ ਨੂੰ ਕਿਊਬਾ ਦਾ ਨਬੇੜਾ ਕਰਨ ਮਾਰਕੋ ਰੂਬੀਓ ਨੂੰ ਉਸ ਦਾ ਰਾਸ਼ਟਰਪਤੀ ਬਣਾਏ ਜਾਣ ਦੇ ਮਜ਼ਾਕ ਵੀ ਹੋ ਰਹੇ ਹਨ। ਡੋਨਾਲਡ ਟਰੰਪ ਆਪਣੇ ਆਪ ਨੂੰ ਵੈਨੇਜ਼ੂਏਲਾ ਦਾ ਇੰਚਾਰਜ ਅਖਵਾਉਣ ਵਿੱਚ ਮਾਣ ਮਹਿਸੂਸ ਕਰ ਰਹੇ ਹਨ।

# ਨਾਟੋ ਦੀ ਹੋਂਦ ਖ਼ਤਰੇ ਵਿੱਚ !

ਹੈ। ਕਿਉਂਕਿ ਅਮਰੀਕੀ ਸੰਸਦ ਨਾਟੋ ਤੋਂ ਬਾਹਰ ਨਿਕਲਣ ਦੀ ਇਜਾਜ਼ਤ ਨਹੀਂ ਦੇਵੇਗੀ, ਇਸ ਲਈ ਗਰੀਨਲੈਂਡ ਉੱਤੇ ਕਬਜ਼ਾ ਕਰ ਕੇ ਯੂਰਪ ਨੂੰ ਨਾਟੋ ਛੱਡਣ ਲਈ ਮਜਬੂਰ ਕੀਤਾ ਜਾ ਸਕਦਾ ਹੈ।

ਟਰੰਪ ਨਾਟੋ ਨੂੰ ਅਮਰੀਕਾ ਲਈ ਬਹੁਤ ਪੁਰਾਣਾ ਬੋਝ ਮੰਨਦੇ ਹਨ। ਉਨ੍ਹਾਂ ਨੂੰ ਲੱਗਦਾ ਹੈ ਕਿ ਅਮਰੀਕਾ ਨਾਟੋ ਵਿੱਚ ਸਭ ਤੋਂ ਵੱਧ ਪੈਸਾ ਅਤੇ ਸਾਧਨ ਖਰਚਦਾ ਹੈ, ਜਦਕਿ ਯੂਰਪੀ ਦੇਸ਼ ਆਪਣੀ ਜੀ.ਡੀ.ਪੀ. ਦਾ 2 ਫ਼ੀਸਦੀ ਵੀ ਰੱਖਿਆ ਉੱਤੇ ਖਰਚ ਨਹੀਂ ਕਰਦੇ। ਨਾਟੋ ਦੇ ਅੰਕੜਿਆਂ ਮੁਤਾਬਕ 2025 ਵਿੱਚ ਅਮਰੀਕਾ ਨੇ ਆਪਣੀ ਜੀ.ਡੀ.ਪੀ. ਦੇ 3.38 ਫ਼ੀਸਦੀ (ਲਗਭਗ 980 ਅਰਬ ਡਾਲਰ) ਰੱਖਿਆ ਉੱਤੇ ਖਰਚ ਕੀਤੇ, ਜਦਕਿ ਯੂਰਪ ਅਤੇ ਕੈਨੇਡਾ ਨੇ ਕੁੱਲ 512 ਅਰਬ ਡਾਲਰ ਖਰਚੇ। ਸਿਰਫ਼ 23 ਨਾਟੋ ਮੈਂਬਰਾਂ ਵਿੱਚੋਂ 11 ਨੇ 2 ਫ਼ੀਸਦੀ ਦਾ ਟੀਚਾ ਪੂਰਾ ਕੀਤਾ। ਟਰੰਪ ਨੇ ਆਪਣੇ ਪਹਿਲੇ ਕਾਰਜਕਾਲ ਵਿੱਚ ਨਾਟੋ ਸਾਥੀਆਂ ਤੋਂ ਵਧੇਰੇ ਭੁਗਤਾਨ ਦੀ ਮੰਗ ਕੀਤੀ ਸੀ ਅਤੇ ਕਿਹਾ ਸੀ ਕਿ ਜੇ ਨਾ ਮੰਨੇ ਤਾਂ ਅਮਰੀਕਾ ਉਨ੍ਹਾਂ ਦੀ ਰੱਖਿਆ ਨਹੀਂ ਕਰੇਗਾ। 2024 ਦੀ ਚੋਣ ਮੁਹਿੰਮ ਵਿੱਚ ਉਨ੍ਹਾਂ ਨੇ ਕਿਹਾ ਸੀ ਕਿ ਰੂਸ ਨੂੰ ਅਜਿਹੇ ਨਾਟੋ ਦੇਸ਼ਾਂ ਉੱਤੇ ਜੋ ਖਰਚ ਨਹੀਂ ਕਰਦੇ, ਜੋ ਵੀ ਕਰਨਾ ਹੋਵੇ ਉਹ ਕਰਨ ਦੀ ਇਜਾਜ਼ਤ ਦੇਣਗੇ। ਟਰੰਪ ਦਾ ਮੁੱਖ ਮੰਤਵ ਉਨ੍ਹਾਂ ਦੀ "ਅਮਰੀਕਾ ਫਸਟ" ਨੀਤੀ ਨੂੰ ਲਾਗੂ ਕਰਨਾ ਹੈ, ਜਿਸ ਵਿੱਚ ਅਮਰੀਕੀ ਟੈਕਸ ਪੈਸੇ ਨੂੰ ਵਿਦੇਸ਼ੀ ਰੱਖਿਆ ਉੱਤੇ ਘੱਟ ਖਰਚ ਕਰਨਾ ਅਤੇ ਯੂਰਪ ਨੂੰ ਆਪਣੀ ਰੱਖਿਆ ਖੁਦ ਕਰਨ ਲਈ ਮਜਬੂਰ ਕਰਨਾ ਸ਼ਾਮਲ ਹੈ।

ਕੁਝ ਵਿਸ਼ਲੇਸ਼ਕਾਂ ਨੂੰ ਲੱਗਦਾ ਹੈ ਕਿ ਟਰੰਪ ਨਾਟੋ ਨੂੰ ਕਮਜ਼ੋਰ ਕਰ ਕੇ ਰੂਸ ਨਾਲ ਵਧੀਆ ਸੰਬੰਧ ਬਣਾਉਣਾ ਚਾਹੁੰਦੇ ਹਨ। ਟਰੰਪ ਦੇ ਪੁਰਾਣੇ ਨੈਸ਼ਨਲ ਸਿਕਿਉਰਿਟੀ ਐਡਵਾਈਜ਼ਰ ਜੌਨ ਬੋਲਟਨ ਨੇ ਕਿਹਾ ਸੀ ਕਿ ਟਰੰਪ ਨਾਟੋ ਤੋਂ ਅਮਰੀਕਾ ਨੂੰ ਬਾਹਰ ਕੱਢਣ ਦੀ ਕੋਸ਼ਿਸ਼ ਕਰਨਗੇ। ਪਰ ਵਿਸ਼ਲੇਸ਼ਕ ਚੇਤਾਵਨੀ ਦਿੰਦੇ ਹਨ ਕਿ ਇਸ ਨਾਲ ਅਮਰੀਕਾ ਇਕੱਲਾ ਪੈ ਜਾਵੇਗਾ, ਯੂਰਪ ਰੂਸ ਦੇ ਪ੍ਰਭਾਵ ਵਿੱਚ ਆ ਜਾਵੇਗਾ ਅਤੇ ਵਿਸ਼ਵ ਸੁਰੱਖਿਆ ਕਮਜ਼ੋਰ ਹੋ ਜਾਵੇਗੀ।

ਟਰੰਪ ਦੀ ਇਹ ਦਿਲਚਸਪੀ ਘਰੇਲੂ ਰਾਜਨੀਤੀ ਨਾਲ ਵੀ ਜੁੜੀ ਹੋ ਸਕਦੀ ਹੈ। ਇਸ ਸਾਲ ਦੇ ਅੰਤ ਵਿੱਚ ਅਮਰੀਕਾ ਵਿੱਚ ਮਿਡ-ਟਰਮ ਚੋਣਾਂ ਹੋਣ ਵਾਲੀਆਂ ਹਨ। ਰਿਪਬਲਿਕਨ ਪਾਰਟੀ ਨੂੰ ਸੰਸਦ ਵਿੱਚ ਬਹੁਮਤ ਗੁਆਉਣ ਦਾ ਡਰ ਹੈ। ਇਸ ਲਈ ਟਰੰਪ ਆਰਥਿਕ ਸੰਕਟਾਂ- ਜਿਵੇਂ ਮਹਿੰਗਾਈ ਅਤੇ ਬੇਰੁਜ਼ਗਾਰੀ ਤੋਂ ਲੋਕਾਂ ਦਾ ਧਿਆਨ ਹਟਾਉਣ ਲਈ ਇੱਕ ਵੱਡਾ ਵਿਦੇਸ਼ੀ ਕਦਮ ਚੁੱਕਣਾ ਚਾਹੁੰਦੇ ਹਨ। ਇੱਕ ਰਾਜਨੀਤਿਕ ਵਿਸ਼ਲੇਸ਼ਕ ਨੇ ਕਿਹਾ ਹੈ ਕਿ ਇਹ ਯੋਜਨਾ ਅਮਰੀਕੀ ਫੌਜ ਵਿੱਚ ਵੀ ਵੰਡ ਪੈਦਾ ਕਰ ਰਹੀ ਹੈ। ਜੇ.ਐੱਸ.ਓ.ਸੀ. 1980 ਵਿੱਚ ਬਣੀ ਸੀ, ਜਦੋਂ ਈਰਾਨ ਵਿੱਚ ਅਮਰੀਕੀ ਦੂਤਾਂ ਨੂੰ ਛੁਡਾਉਣ ਵਾਲੀ ਓਪਰੇਸ਼ਨ ਈਗਲ ਗਲਾਊ ਨਾਕਾਮ ਰਹੀ ਸੀ। ਇਹ ਕਮਾਂਡ ਗੁਪਤ ਕਾਰਵਾਈਆਂ ਲਈ ਜਾਣੀ ਜਾਂਦੀ ਹੈ, ਜਿਵੇਂ ਓਸਾਮਾ ਬਿਨ ਲਾਦੇਨ ਨੂੰ ਮਾਰਨ ਵਾਲੀ ਓਪਰੇਸ਼ਨ ਨੇਪਚੂਨ ਸਪੇਅਰ ਸੀ; ਪਰ ਅਜਿਹੀ ਵੱਡੀ ਕਾਰਵਾਈ ਲਈ ਇਹ ਤਿਆਰ ਨਹੀਂ ਹੈ।

ਗਰੀਨਲੈਂਡ ਆਰਕਟਿਕ ਖੇਤਰ ਵਿੱਚ ਰਣਨੀਤਕ ਤੌਰ 'ਤੇ ਬਹੁਤ ਅਹਿਮ ਹੈ। ਇਹ ਡੈਨਮਾਰਕ ਦੀ ਆਟੋਨੋਮਸ ਟੈਰੀਟਰੀ ਹੈ, ਜਿੱਥੇ ਆਰਕਟਿਕ ਬਰਫ਼ ਪਿਘਲਣ ਨਾਲ ਨਵੇਂ ਸਮੁੰਦਰੀ ਰਸਤੇ ਅਤੇ ਵੱਡੇ ਸਰੋਤ ਖੁੱਲ੍ਹ ਰਹੇ ਹਨ। ਗਰੀਨਲੈਂਡ ਵਿੱਚ ਰੇਅਰ ਅਰਥ ਐਲੀਮੈਂਟਸ (ਜਿਵੇਂ ਨਿਓਡੀਮੀਅਮ ਤੇ ਡਿਸਪ੍ਰੋਸੀਅਮ), ਤੇਲ, ਗੈਸ ਅਤੇ ਯੂਰੇਨੀਅਮ ਵਰਗੇ ਵੱਡੇ ਖਜ਼ਾਨੇ ਹਨ।

# ਸ਼੍ਰੋਮਣੀ ਕਮੇਟੀ 'ਸਿੱਟ' ਨਾਲ ਸਹਿਯੋਗ ਕਰੇਗੀ

### *ਮੁੱਖ ਮੰਤਰੀ ਨੂੰ ਅਕਾਲ ਤਖਤ ਸਕੱਤਰੇਤ ਵਿਖੇ ਸੱਦਿਆ; *ਸੁਖਬੀਰ ਸਿੰਘ ਬਾਦਲ ਦੀ ਗ੍ਰਿਫਤਾਰੀ ਦੀ ਚਰਚਾ

## ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੇ ਲਾਪਤਾ ਹੋਣ ਦਾ ਮਾਮਲਾ

**ਜਸਵੀਰ ਸਿੰਘ ਮਾਂਗਟ**

ਜਿਵੇਂ ਕਿ ਆਸ ਹੀ ਸੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 328 ਸਰੂਪਾਂ ਦੇ ਲਾਪਤਾ ਹੋਣ ਦਾ ਮਾਮਲਾ ਰਾਜਨੀਤਿਕ ਰੱਸਾਕਸ਼ੀ ਦਾ ਸਬੱਬ ਬਣਦਾ ਵਿਖਾਈ ਦੇ ਰਿਹਾ ਹੈ। ਇਸ ਮਾਮਲੇ ਨੂੰ ਲੈ ਕੇ ਪੰਜਾਬ ਸਰਕਾਰ ਅਤੇ ਅਕਾਲੀ ਦਲ ਬਾਦਲ ਦਾ ਮੁਹਰੈਲ ਦਸਤਾ ਬਣਨ ਦਾ ਯਤਨ ਕਰ ਰਹੀਆਂ ਸਿੱਖ ਸੰਸਥਾਵਾਂ ਆਹਮੋ-ਸਾਹਮਣੇ ਹੋ ਗਈਆਂ ਹਨ। ਇਸ ਟਕਰਾਅ ਵਿਚਕਾਰ ਦੋਵੇਂ ਧਿਰਾਂ ਆਪੋ-ਆਪਣਾ ਰਾਜਨੀਤਿਕ ਪ੍ਰਵਚਨ (ਨੈਰੇਟਿਵ) ਉਸਾਰਨ ਦਾ ਯਤਨ ਕਰ ਰਹੀਆਂ ਹਨ। ਇੰਝ ਇਸ ਟਕਰਾਅ ਨੂੰ ਆਉਂਦੀਆਂ ਵਿਧਾਨ ਸਭਾ ਚੋਣਾਂ ਤੱਕ ਲਮਕਾਉਣਾ ਪੰਜਾਬ ਸਰਕਾਰ ਦਾ ਵੱਡਾ ਰਾਜਨੀਤਿਕ ਹਿੱਤ ਹੈ, ਤਾਂ ਕਿ ਆਪਣੇ ਆਪ ਨੂੰ ਮੁੜ ਖੜ੍ਹਾ ਕਰਨ ਦਾ ਯਤਨ ਕਰ ਰਹੇ ਅਕਾਲੀ ਦਲ (ਬਾਦਲ) ਨੂੰ ਘੇਰ ਕੇ ਰੱਖਿਆ ਜਾ ਸਕੇ।

ਇਸ ਦਰਮਿਆਨ ਪੰਜਾਬ ਵਿਧਾਨ ਸਭਾ ਚੋਣਾਂ ਸਮੇਂ ਤੋਂ ਪਹਿਲਾਂ ਕਰਵਾਉਣ ਦੀ ਚਰਚਾ ਵੀ ਚੱਲ ਪਈ ਹੈ। ਅਕਾਲੀ ਦਲ ਦੇ ਸੀਨੀਅਰ ਲੀਡਰਾਂ ਨੇ ਇੱਕ ਪ੍ਰੈੱਸ ਕਾਨਫਰੰਸ ਕਰਕੇ ਖਦਸ਼ਾ ਪ੍ਰਗਟ ਕੀਤਾ ਹੈ ਕਿ ਵਿਸ਼ੇਸ਼ ਪੜਤਾਲੀਆ ਕਮੇਟੀ (ਐਸ.ਆਈ.ਟੀ.) ਸੁਖਬੀਰ ਸਿੰਘ ਬਾਦਲ ਨੂੰ ਗ੍ਰਿਫਤਾਰ ਕਰਨ ਲਈ ਬਹਾਨੇ ਲੱਭ ਰਹੀ ਹੈ। ਸੁਖਬੀਰ ਸਿੰਘ ਬਾਦਲ ਦੀ ਪਤਨੀ ਹਰਸਿਮਰਤ ਕੌਰ ਬਾਦਲ ਨੇ ਵੀ 'ਐਕਸ' 'ਤੇ ਆਪਣੇ ਇੱਕ ਬਿਆਨ ਵਿੱਚ ਖਦਸ਼ਾ ਜ਼ਾਹਰ ਕੀਤਾ ਹੈ ਕਿ ਪੰਜਾਬ ਸਰਕਾਰ ਸੁਖਬੀਰ ਨੂੰ ਕਿਸੇ ਝੂਠੇ ਕੇਸ ਵਿੱਚ ਫਸਾਉਣ ਦਾ ਯਤਨ ਕਰ ਰਹੀ ਹੈ। ਅਕਾਲੀ ਦਲ ਵੱਲੋਂ ਅਜਿਹੇ ਇਲਜ਼ਾਮ ਵੀ ਲਗਾਏ ਗਏ ਹਨ ਕਿ ਐਸ.ਆਈ.ਟੀ. ਵਿੱਚ ਉਹੋ ਅਫਸਰ ਸ਼ਾਮਲ ਕੀਤੇ ਗਏ ਹਨ, ਜਿਨ੍ਹਾਂ ਨੇ ਸੁਖਬੀਰ ਸਿੰਘ ਬਾਦਲ ਨੂੰ ਅਕਾਲ ਤਖਤ ਵੱਲੋਂ ਲੱਗੀ ਤਨਖਾਹ ਮੌਕੇ ਮਰਵਾਉਣ ਦੀ ਕੋਸ਼ਿਸ਼ ਕੀਤੀ ਸੀ। ਇਨ੍ਹਾਂ ਖਦਸ਼ਿਆਂ 'ਤੇ ਟਿੱਪਣੀ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਹੈ ਕਿ ਜਿਨ੍ਹਾਂ ਨੇ ਪਾਪ ਕਮਾਏ ਹਨ, ਉਹੋ ਡਰੇ ਹੋਏ ਹਨ।

ਇਸ ਮਾਮਲੇ ਵਿੱਚ ਲਗਦਾ ਭਾਵੇਂ ਇਉਂ ਹੈ ਕਿ ਅਕਾਲੀ ਅਤੇ ਆਮ ਆਦਮੀ ਪਾਰਟੀ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਬੜੀ ਸ਼ਿੱਦਤ ਨਾਲ ਇੱਕ ਦੂਸਰੇ ਨਾਲ ਟਕਰਾਅ ਰਹੇ ਹਨ; ਪਰ ਹਕੀਕਤ ਇਹ ਹੈ ਕਿ ਦੋਵੇਂ ਧਿਰਾਂ ਦਾ ਪ੍ਰਾਥਮਿਕ ਹਿੱਤ ਆਪੋ-ਆਪਣਾ ਰਾਜਨੀਤਿਕ ਹਿੱਤ ਸਾਧਨ ਵਿੱਚ ਹੈ। ਇਹ ਰਾਜਨੀਤਿਕ ਹਿੱਤ ਹੈ ਅਗਲੀਆਂ ਵਿਧਾਨ ਸਭਾ ਚੋਣਾਂ ਜਿੱਤ ਕੇ ਸੱਤਾ ਪ੍ਰਾਪਤ ਕਰਨਾ। ਇੱਥੇ ਜ਼ਿਕਰਯੋਗ ਹੈ ਕਿ ਇਸ ਮਾਮਲੇ ਵਿੱਚ ਆਪਣਾ ਪੱਖ ਦੱਸਣ ਲਈ ਅਕਾਲ ਤਖਤ ਸਾਹਿਬ ਦੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ 15 ਜਨਵਰੀ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੀ ਸਕੱਤਰੇਤ ਵਿਖੇ 'ਤੇ ਸੱਦਿਆ ਹੋਇਆ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕੋਈ ਅੜ-ਫੜ ਕਰਨ ਨਾਲੋਂ ਅਕਾਲ ਤਖਤ ਸਾਹਿਬ ਸਕੱਤਰੇਤ ਵਿਖੇ ਜਾਣ ਨੂੰ ਤਰਜੀਹ ਦਿੱਤੀ ਹੈ। ਉਨ੍ਹਾਂ ਕਿਹਾ ਕਿ ਉਹ ਇੱਕ ਨਿਮਾਣੇ ਸਿੱਖ ਵਾਂਗ ਨੰਗੇ ਪੈਰੀਂ ਚੱਲ ਕੇ ਅਕਾਲ ਤਖਤ ਸਾਹਿਬ ਸਕੱਤਰੇਤ ਵਿਖੇ ਜਾਣਗੇ। ਮਾਨ ਨੇ ਕਿਹਾ ਕਿ ਮੇਰੇ ਲਈ ਅਕਾਲ ਤਖਤ ਪ੍ਰਾਥਮਿਕ ਹੈ। ਇਸ ਮੌਕੇ ਦਾ ਸਿੱਧਾ ਪ੍ਰਸਾਰਣ ਕਰਨ ਦੀ ਵੀ ਪੰਜਾਬ ਦੇ ਮੁੱਖ ਮੰਤਰੀ ਨੇ ਮੰਗ ਕੀਤੀ ਹੈ। ਇਹ ਬਹਿਸ ਵੀ ਚੱਲ ਪਈ ਹੈ ਕਿ ਸਿੱਖ ਰਹਿਤ ਮਰਯਾਦਾ ਅਨੁਸਾਰ ਇੱਕ ਪਤਿਤ ਸਿੱਖ ਨੂੰ ਅਕਾਲ ਤਖਤ ਸਾਹਿਬ 'ਤੇ ਬੁਲਾਇਆ ਜਾ ਸਕਦਾ ਹੈ ਜਾਂ ਨਹੀਂ!

ਮੁੱਖ ਮੰਤਰੀ ਨੇ ਕਿਹਾ ਕਿ 15 ਜਨਵਰੀ ਨੂੰ ਦੇਸ਼ ਦੇ ਰਾਸ਼ਟਰਪਤੀ ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ੍ਰੀ ਅੰਮ੍ਰਿਤਸਰ ਵਿਖੇ ਆ ਰਹੇ ਹਨ। ਉਨ੍ਹਾਂ ਨੇ ਉਧਰੋਂ ਮੁਆਫੀ ਮੰਗ ਲਈ ਹੈ ਅਤੇ ਅਕਾਲ ਤਖਤ ਸਾਹਿਬ ਵਿਖੇ ਜ਼ਰੂਰ ਜਾਣਗੇ। ਅਕਾਲ ਤਖਤ ਸਾਹਿਬ ਦੇ ਜਥੇਦਾਰ ਵੱਲੋਂ ਮੁੱਖ ਮੰਤਰੀ 'ਤੇ ਦੋਸ਼ ਲਾਏ ਗਏ ਹਨ ਕਿ ਉਨ੍ਹਾਂ ਦੀਆਂ ਬੀਤੇ ਦਿਨੀਂ ਕੁਝ ਇਤਰਾਜ਼ਯੋਗ ਵੀਡੀਓਜ਼ ਸਾਹਮਣੇ ਆਈਆਂ ਹਨ, ਜਿਨ੍ਹਾਂ ਵਿੱਚ ਸਿੱਖ ਸੰਗਤ ਦੀਆਂ ਭਾਵਨਾਵਾਂ ਨੂੰ ਸੱਟ ਮਾਰੀ ਗਈ ਹੈ। ਜਥੇਦਾਰ ਨੇ ਕਿਹਾ ਕਿ ਇਨ੍ਹਾਂ ਵੀਡੀਓਜ਼ ਵਿੱਚ ਮੁੱਖ ਮੰਤਰੀ ਸਿੱਖ ਗੁਰੂ ਸਾਹਿਬਾਨ ਅਤੇ ਵੀਹਵੀਂ ਸਦੀ ਦੇ ਮਹਾਨ ਸਿੱਖ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀਆਂ ਤਸਵੀਰਾਂ ਨਾਲ ਇਤਰਾਜ਼ਯੋਗ ਗਤੀਵਿਧੀ ਕਰਦੇ ਨਜ਼ਰ ਆਏ ਹਨ। ਜਥੇਦਾਰ ਨੇ ਕਿਹਾ ਕਿ, "ਤੁਸੀਂ ਪੰਜਾਬ ਵਿੱਚ ਸੰਵਿਧਾਨਕ ਉੱਚ ਅਹੁਦੇ 'ਤੇ ਬੈਠੇ ਹੋ, ਤੁਹਾਡੇ ਵੱਲੋਂ ਕੀਤੇ ਗਏ ਪ੍ਰਗਟਾਵੇ ਤੁਹਾਡੇ ਅੰਦਰ ਦੀ ਰਾਜ ਹੈਂਕੜ ਨੂੰ ਦਰਸਾਉਂਦੇ ਹਨ।"

ਅਕਾਲ ਤਖਤ ਸਾਹਿਬ ਦੀ ਸਕੱਤਰੇਤ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਪਤਿਤ ਹੋਣ ਕਾਰਨ ਮੁੱਖ ਮੰਤਰੀ ਨੂੰ ਅਕਾਲ ਤਖਤ ਸਾਹਿਬ ਦੀ ਫਸੀਲ ਸਾਹਮਣੇ ਨਹੀਂ ਸੱਦਿਆ ਜਾ ਸਕਦਾ, ਇਸ ਲਈ ਉਹ ਸਕੱਤਰੇਤ ਵਿਖੇ ਪੇਸ਼ ਹੋ ਕੇ ਆਪਣਾ ਪੱਖ ਪੇਸ਼ ਕਰਨ। ਇਹ ਵੀ ਕਿਹਾ ਗਿਆ ਹੈ ਕਿ ਮੁੱਖ ਮੰਤਰੀ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਨੇ ਸਿੱਖ ਨੌਜਵਾਨਾਂ 'ਤੇ ਐਨ.ਐਸ.ਏ. ਅਤੇ ਯੂ.ਏ.ਪੀ.ਏ. ਲਗਾ ਕੇ ਸਿੱਖ ਵਿਰੋਧੀ ਮਾਨਸਿਕਤਾ ਦਾ ਪ੍ਰਗਟਾਵਾ ਕੀਤਾ ਹੈ। ਇਸ ਤੋਂ ਇਲਾਵਾ ਆਮ ਆਦਮੀ ਪਾਰਟੀ ਦੀ ਮੌਜੂਦਾ ਸਰਕਾਰ ਵੱਲੋਂ ਬਰਗਾੜੀ ਬੇਅਦਬੀ ਕੇਸ ਨੂੰ ਪੰਜਾਬ ਤੋਂ ਬਾਹਰਲੀ ਅਦਾਲਤ ਵਿੱਚ ਤਬਦੀਲ ਕਰਨ ਦਾ ਵਿਰੋਧ ਨਾ ਕਰਨ ਅਤੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਵੱਲੋਂ ਬਰਗਾੜੀ ਮਾਮਲੇ ਵਿੱਚ ਤਿੰਨ ਮਹੀਨੇ ਦੇ ਅੰਦਰ ਕਾਰਵਾਈ ਕਰਨ ਦੇ ਵਾਅਦੇ, ਆਦਿ ਮਾਮਲਿਆਂ ਦਾ ਵੀ ਅਕਾਲ ਤਖਤ ਸਾਹਿਬ ਵੱਲੋਂ ਜਾਰੀ ਬਿਆਨ ਵਿੱਚ ਨੋਟਿਸ ਲਿਆ ਗਿਆ ਹੈ।



ਭਗਵੰਤ ਮਾਨ ਅਤੇ ਸੁਖਬੀਰ ਸਿੰਘ ਬਾਦਲ

ਇੱਥੇ ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਨੇ ਗੁਰੂ ਗ੍ਰੰਥ ਸਾਹਿਬ ਦੇ 328 ਸਰੂਪਾਂ ਦੇ ਲਾਪਤਾ ਹੋਣ ਦੇ ਮਾਮਲੇ ਵਿੱਚ ਪੜਤਾਲ ਕਰਨ ਲਈ ਇੱਕ ਵਿਸ਼ੇਸ਼ ਪੜਤਾਲੀਆ ਕਮੇਟੀ (ਐਸ.ਆਈ.ਟੀ.) ਦਾ ਗਠਨ ਕੀਤਾ ਹੈ। ਐਸ.ਆਈ.ਟੀ. ਦੇ ਮੁਖੀ ਮੁਹਾਲੀ ਦੇ ਆਈ.ਜੀ. ਜਗਤਪ੍ਰੀਤ ਸਿੰਘ ਨੂੰ ਲਗਾਇਆ ਗਿਆ ਹੈ। ਇਸ ਪੜਤਾਲੀਆ ਕਮੇਟੀ ਦੇ ਨਿਰਦੇਸ਼ਾਂ 'ਤੇ ਪੰਜਾਬ ਪੁਲਿਸ ਨੇ ਬੀਤੀ 7 ਦਸੰਬਰ ਨੂੰ ਅੰਮ੍ਰਿਤਸਰ ਦੇ ਇੱਕ ਥਾਣੇ ਵਿੱਚ ਐਫ.ਆਈ.ਆਰ. ਦਰਜ ਕਰਕੇ ਸਤਿੰਦਰ ਸਿੰਘ ਕੋਹਲੀ ਅਤੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਸਕੱਤਰ ਰੂਪ ਸਿੰਘ ਸਮੇਤ 16 ਵਿਅਕਤੀਆਂ ਖਿਲਾਫ ਇੱਕ ਕੇਸ ਦਰਜ ਕੀਤਾ ਹੋਇਆ ਹੈ। ਇਸ ਕੇਸ ਦੇ ਤਹਿਤ ਬਾਦਲ ਪਰਿਵਾਰ ਦੇ ਕਰੀਬੀ ਸਮਝੇ ਜਾਂਦੇ ਚਾਰਟਡ ਅਕਾਊਂਟੈਂਟ ਸਤਿੰਦਰ ਸਿੰਘ ਕੋਹਲੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਕੋਹਲੀ ਤੋਂ ਮਿਲੀ ਜਾਣਕਾਰੀ ਦੇ ਆਧਾਰ 'ਤੇ ਪੰਜਾਬ ਵਿੱਚ ਬਹੁਤ ਸਾਰੀਆਂ ਥਾਵਾਂ 'ਤੇ ਛਾਪੇ ਮਾਰੀ ਕੀਤੀ ਹੈ। ਇਸ ਦੌਰਾਨ ਇੱਕ ਹੋਰ ਵਿਅਕਤੀ ਕੰਵਲਜੀਤ ਸਿੰਘ ਦੀ ਗ੍ਰਿਫਤਾਰੀ ਤੋਂ ਇਲਾਵਾ ਬਹੁਤ ਸਾਰਾ ਇਲੈਕਟ੍ਰੌਨਿਕ ਸਾਜ਼ੋ ਸਮਾਨ (ਕੰਪਿਊਟਰ ਤੇ ਮੋਬਾਈਲ ਫੋਨ ਵਗੈਰਾ) ਬਰਾਮਦ ਕੀਤਾ ਗਿਆ ਹੈ। ਪੁਲਿਸ ਅਨੁਸਾਰ ਬਰਾਮਦ ਕੀਤੇ ਗਏ ਉਪਕਰਨਾਂ ਦੀ ਫੋਰੈਂਸਿਕ ਜਾਂਚ ਕਰਵਾਈ ਜਾਵੇਗੀ। ਇਸ ਤੋਂ ਇਲਾਵਾ ਬਰਾਮਦ ਹੋਏ ਵਿੱਤੀ ਕਾਗਜ਼ ਪੱਤਰਾਂ ਅਤੇ ਦਸਤਾਵੇਜ਼ਾਂ ਦੀ ਜਾਂਚ-ਪੜਤਾਲ ਵੀ ਕੀਤੀ ਜਾ ਰਹੀ ਹੈ, ਜਿਨ੍ਹਾਂ ਵਿੱਚ ਕਥਿਤ ਤੌਰ 'ਤੇ ਰਾਜਨੀਤੀਵਾਨਾਂ ਸਮੇਤ ਬਹੁਤ ਸਾਰੇ ਵਿਅਕਤੀਆਂ ਦੀਆਂ ਕੰਪਨੀਆਂ ਰਾਹੀਂ ਪੈਸੇ ਦਾ ਲੈਣ-ਦੇਣ ਹੋਇਆ ਹੈ।

ਉਪਰੋਕਤ ਤੋਂ ਇਲਾਵਾ ਪੜਤਾਲੀਆ ਟੀਮ ਵੱਲੋਂ ਪਰਮਦੀਪ ਸਿੰਘ ਖਟੜਾ ਤੋਂ ਵੀ ਪੁੱਛ-ਪੜਤਾਲ ਕੀਤੀ ਗਈ ਹੈ। ਉਨ੍ਹਾਂ ਦਾ ਨਾਂ ਵੀ 7 ਦਸੰਬਰ ਨੂੰ ਦਾਇਰ ਕੀਤੀ ਗਈ ਐਫ.ਆਈ.ਆਰ. ਵਿੱਚ ਦਰਜ ਹੈ। ਪਰਮਦੀਪ ਸਿੰਘ ਤੋਂ ਲਗਾਤਾਰ 7 ਘੰਟੇ ਪੁੱਛ-ਪੜਤਾਲ ਕੀਤੀ ਗਈ। ਪੜਤਾਲੀਆ ਟੀਮ ਨੇ ਪਰਮਦੀਪ ਸਿੰਘ ਦੇ ਵਿੱਤੀ ਲੈਣ-ਦੇਣ ਅਤੇ ਸ਼੍ਰੋਮਣੀ ਕਮੇਟੀ ਦੇ ਪਬਲੀਕੇਸ਼ਨ ਵਿਭਾਗ ਨਾਲ ਸੰਬੰਧਤ ਕਾਗਜ਼ ਪੱਤਰਾਂ ਦੀ ਜਾਂਚ ਪੜਤਾਲ ਕੀਤੀ। ਕੰਵਲਜੀਤ ਸਿੰਘ ਸ਼੍ਰੋਮਣੀ ਕਮੇਟੀ ਵਿੱਚ ਸਹਾਇਕ ਸੁਪਰਵਾਈਜ਼ਰ ਦੇ ਅਹੁਦੇ 'ਤੇ ਰਹੇ ਹਨ, ਜਦਕਿ ਪਰਮਦੀਪ ਸਿੰਘ ਪਬਲੀਕੇਸ਼ਨ ਵਿਭਾਗ ਦੇ ਸਾਬਕਾ ਇੰਚਾਰਜ ਰਹੇ ਹਨ। ਪਰਮਦੀਪ ਸਿੰਘ ਨੇ ਆਪਣੀ ਪੇਸ਼ਗੀ ਜ਼ਮਾਨਤ ਲਈ ਹਾਈਕੋਰਟ ਵਿੱਚ ਅਰਜ਼ੀ ਦਿੰਦਿਆਂ ਪੁਲਿਸ ਜਾਂਚ ਵਿੱਚ ਸਹਿਯੋਗ ਕਰਨ ਦਾ ਵਾਅਦਾ ਕੀਤਾ ਹੈ। ਉਪਰੋਕਤ ਮਾਮਲੇ ਨੂੰ ਲੈ ਕੇ ਸਿੱਖ ਸੰਸਥਾਵਾਂ ਦੇ ਮੁਖੀਆਂ ਅਤੇ ਮੁੱਖ ਮੰਤਰੀ ਵਿਚਕਾਰ ਬੋਲ ਬੁਲਾਰਾ ਵੀ ਚੱਲ ਰਿਹਾ ਹੈ। ਜਦੋਂ ਸਰਕਾਰ ਵੱਲੋਂ ਬਣਾਈ ਗਈ ਪੜਤਾਲੀਆ ਕਮੇਟੀ ਨੇ ਸ਼੍ਰੋਮਣੀ ਕਮੇਟੀ ਦੇ ਪਬਲੀਕੇਸ਼ਨ ਵਿਭਾਗ ਕੋਲੋਂ ਰਿਕਾਰਡ ਮੰਗਿਆ ਤਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇੱਕ ਪਾਸੇ ਤਾਂ ਇਹ ਮਾਮਲਾ ਅਕਾਲ ਤਖਤ ਸਾਹਿਬ ਦੇ ਜਥੇਦਾਰ ਵੱਲ ਖਿਸਕਾ ਦਿੱਤਾ, ਉਥੇ ਨਾਲ ਹੀ ਰਿਕਾਰਡ ਦੇਣ ਤੋਂ ਇਨਕਾਰ ਕਰ ਦਿੱਤਾ। ਪਰ ਆਪਣੇ ਪਹਿਲਾਂ ਲਏ ਸਟੈਂਡ ਦੇ ਉਲਟ ਬਾਅਦ ਵਿੱਚ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੇ ਸ਼੍ਰੋਮਣੀ ਕਮੇਟੀ ਨੂੰ "ਸਿਰਫ ਗੁਰੂ ਗ੍ਰੰਥ ਸਾਹਿਬ ਵਾਲੇ ਮਸਲੇ 'ਤੇ" ਸਿੱਟ ਨਾਲ ਸਹਿਯੋਗ ਕਰਨ ਲਈ ਕਹਿ ਦਿੱਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵੀ ਅਕਾਲ ਤਖਤ ਸਾਹਿਬ ਵੱਲੋਂ ਜਾਰੀ ਨਵੇਂ ਆਦੇਸ਼ ਅਨੁਸਾਰ ਕਾਰਜ ਕਰਨ ਦੀ ਗੱਲ ਕਹੀ ਹੈ। ਹੁਣ ਸਿੱਟ ਸ਼੍ਰੋਮਣੀ ਕਮੇਟੀ ਦੇ ਚੰਡੀਗੜ੍ਹ ਸਥਿਤ ਸਬ ਆਫਿਸ ਤੋਂ ਇਹ ਜਾਣਕਾਰੀ ਹਾਸਲ ਕਰ ਸਕੇਗੀ। ਇਸ ਦੇ ਨਾਲ ਹੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਮੀਡੀਆ, ਸੋਸ਼ਲ ਮੀਡੀਆ ਅਤੇ ਵੱਖ-ਵੱਖ ਚੈਨਲਾਂ 'ਤੇ ਗੁਰੂ ਗ੍ਰੰਥ ਸਾਹਿਬ ਬਾਰੇ ਹੋ ਰਹੀ ਬਹਿਸ ਵਿੱਚ ਬੁਲਾਰਿਆਂ ਨੂੰ ਆਪਣੀ ਭਾਸ਼ਾ ਸੰਜਮ ਨਾਲ ਵਰਤਣ ਲਈ ਕਿਹਾ ਹੈ। ਯਾਦ ਰਹੇ, ਪਹਿਲਾਂ ਦੋਵੇਂ ਸਿੱਖ ਸੰਸਥਾਵਾਂ ਦੇ ਮੁਖੀਆਂ ਨੇ ਕਿਹਾ ਸੀ ਕਿ ਨਾ ਤਾਂ ਪੁਲਿਸ ਨਾਲ ਸਹਿਯੋਗ ਕੀਤਾ ਜਾਵੇਗਾ ਅਤੇ ਨਾ ਹੀ ਰਿਕਾਰਡ ਦਿੱਤਾ ਜਾਵੇਗਾ। ਉਨ੍ਹਾਂ ਪੰਜਾਬ ਸਰਕਾਰ 'ਤੇ ਉਲਟਾ ਦੋਸ਼ ਲਾਇਆ ਸੀ ਕਿ ਸਰਕਾਰ ਸਿੱਖ ਮਾਮਲਿਆਂ ਵਿੱਚ ਨਾਜਾਇਜ਼ ਦਖਲ-ਅੰਦਾਜ਼ੀ ਕਰ ਰਹੀ ਹੈ।

# ਪੰਜਾਬ ਕਾਂਗਰਸ ਦੀ ਅੰਦਰੂਨੀ ਖਿੱਚੋਤਾਣ ਅਤੇ ਨਵੀਂ ਰਣਨੀਤੀ

**ਪੰਜਾਬੀ ਪਰਵਾਜ਼ ਬਿਊਰੋ**

### *ਨਹੀਂ ਐਲਾਨਿਆ ਜਾਵੇਗਾ ਮੁੱਖ ਮੰਤਰੀ ਦਾ ਚਿਹਰਾ
### *ਸਾਂਝੀ ਲੀਡਰਸ਼ਿਪ ਹੇਠ ਲੜੀਆਂ ਜਾਣਗੀਆਂ ਚੋਣਾਂ

ਪੰਜਾਬ ਵਿੱਚ 2027 ਵਿਧਾਨ ਸਭਾ ਚੋਣਾਂ ਨੂੰ ਲੈ ਕੇ ਕਾਂਗਰਸ ਪਾਰਟੀ ਨੇ ਵੱਡਾ ਫੈਸਲਾ ਕੀਤਾ ਹੈ। ਪਾਰਟੀ ਨੇ ਸਪੱਸ਼ਟ ਕੀਤਾ ਹੈ ਕਿ ਉਹ ਆਉਂਦੀਆਂ ਵਿਧਾਨ ਸਭਾ ਚੋਣਾਂ ਵਿਚ ਮੁੱਖ ਮੰਤਰੀ ਦਾ ਚਿਹਰਾ ਨਹੀਂ ਐਲਾਨੇਗੀ ਅਤੇ ਚੋਣਾਂ ਸਾਂਝੀ ਲੀਡਰਸ਼ਿਪ ਹੇਠ ਲੜੀਆਂ ਜਾਣਗੀਆਂ। ਇਹ ਐਲਾਨ ਪੰਜਾਬ ਕਾਂਗਰਸ ਦੇ ਇੰਚਾਰਜ ਅਤੇ ਪਾਰਟੀ ਦੇ ਕੌਮੀ ਜਨਰਲ ਸਕੱਤਰ ਭੁਪੇਸ਼ ਬਘੇਲ ਨੇ ਕੀਤਾ ਹੈ। ਭੁਪੇਸ਼ ਬਘੇਲ ਨੇ ਕਿਹਾ ਕਿ ਪਾਰਟੀ ਦੀ ਨੀਤੀ ਹੈ ਕਿ ਚੋਣਾਂ ਤੋਂ ਬਾਅਦ ਹੀ ਮੁੱਖ ਮੰਤਰੀ ਚੁਣਿਆ ਜਾਵੇਗਾ ਅਤੇ ਇਸ ਵੇਲੇ ਪੂਰੀ ਪਾਰਟੀ ਮਿਲ ਕੇ 'ਆਪ' ਅਤੇ ਭਾਜਪਾ ਵਿਰੁੱਧ ਲੜੇਗੀ। ਦਰਅਸਲ ਇਸ ਐਲਾਨ ਨਾਲ ਪੰਜਾਬ ਕਾਂਗਰਸ ਵਿੱਚ ਚੱਲ ਰਹੀ ਅੰਦਰੂਨੀ ਖਿੱਚੋਤਾਣ ਖਤਮ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ, ਕਿਉਂਕਿ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਵਰਗੇ ਨੇਤਾਵਾਂ ਵੱਲੋਂ ਆਪਣੇ ਆਪ ਨੂੰ ਮੁੱਖ ਮੰਤਰੀ ਦੇ ਉਮੀਦਵਾਰ ਵਾਲੇ ਦਾਅਵੇ ਕੀਤੇ ਜਾ ਰਹੇ ਸਨ। ਭੁਪੇਸ਼ ਬਘੇਲ ਨੇ ਇਨ੍ਹਾਂ ਨੇਤਾਵਾਂ ਨੂੰ ਵੀ ਆਪਣੇ ਦਾਅਵੇ ਵਾਪਸ ਲੈਣ ਲਈ ਕਿਹਾ ਹੈ ਅਤੇ ਨਾਲ ਹੀ ਕਿਹਾ ਹੈ ਕਿ ਪਾਰਟੀ ਨੂੰ ਇਕੱਠੀ ਕਰਨਾ ਉਨ੍ਹਾਂ ਦੀ ਪਹਿਲ ਹੈ।

ਇਹ ਐਲਾਨ ਪੰਜਾਬ ਕਾਂਗਰਸ ਦੇ ਚੰਡੀਗੜ੍ਹ ਹੈੱਡਕੁਆਰਟਰ ਵਿੱਚ ਹੋਈ ਇੱਕ ਮੀਟਿੰਗ ਵਿੱਚ ਕੀਤਾ ਗਿਆ, ਜਿੱਥੇ ਭੁਪੇਸ਼ ਬਘੇਲ ਨੇ ਸੂਬੇ ਦੇ ਸਾਰੇ ਵਿਧਾਇਕਾਂ ਅਤੇ ਜ਼ਿਲ੍ਹਾ ਪ੍ਰਧਾਨਾਂ ਨਾਲ ਗੱਲ ਕੀਤੀ। ਬਘੇਲ ਨੇ ਕਿਹਾ, "ਪੰਜਾਬ ਵਿੱਚ ਕਾਂਗਰਸ ਨੂੰ ਫਿਰ ਤੋਂ ਸੱਤਾ ਵਿੱਚ ਲਿਆਉਣਾ ਸਾਡੀ ਪਹਿਲ ਹੈ। ਅਸੀਂ ਕਿਸੇ ਇੱਕ ਚਿਹਰੇ ਨੂੰ ਅੱਗੇ ਨਹੀਂ ਕਰਾਂਗੇ, ਬਲਕਿ ਪੂਰੀ ਪਾਰਟੀ ਮਿਲ ਕੇ ਚੋਣਾਂ ਲੜੇਗੀ। ਚੋਣਾਂ ਤੋਂ ਬਾਅਦ ਹੀ ਕੇਂਦਰੀ ਲੀਡਰਸ਼ਿਪ ਮੁੱਖ ਮੰਤਰੀ ਵਾਲਾ ਫੈਸਲਾ ਲਵੇਗੀ।"

ਇਹ ਨੀਤੀ ਕਾਂਗਰਸ ਨੇ ਹਰਿਆਣਾ ਅਤੇ ਛੱਤੀਸਗੜ੍ਹ ਵਰਗੇ ਰਾਜਾਂ ਵਿੱਚ ਵੀ ਅਪਣਾਈ ਹੈ, ਜਿੱਥੇ ਸਾਂਝੀ ਲੀਡਰਸ਼ਿਪ ਨਾਲ ਚੋਣਾਂ ਲੜੀਆਂ ਗਈਆਂ। ਪਰ ਪੰਜਾਬ ਵਿੱਚ ਇਹ ਫੈਸਲਾ ਅੰਦਰੂਨੀ ਝਗੜਿਆਂ ਨੂੰ ਖਤਮ ਕਰਨ ਲਈ ਵੀ ਹੈ, ਜਿੱਥੇ ਵੜਿੰਗ ਅਤੇ ਰੰਧਾਵਾ ਵਰਗੇ ਨੇਤਾ ਆਪਸ ਵਿੱਚ ਟਕਰਾਅ ਰਹੇ ਸਨ। ਭਾਵੇਂ ਵੜਿੰਗ ਨੇ ਤਾਜ਼ਾ ਇੰਟਰਵਿਊ ਵਿੱਚ ਕਿਹਾ ਸੀ ਕਿ ਉਹ ਮੁੱਖ ਮੰਤਰੀ ਵਾਲੀ ਰੇਸ ਵਿੱਚ ਨਹੀਂ ਹਨ ਅਤੇ ਪਾਰਟੀ ਦੀ ਇੱਕਜੁੱਟਤਾ ਉਨ੍ਹਾਂ ਦੀ ਪਹਿਲ ਹੈ, ਪਰ ਰੰਧਾਵਾ ਨੇ ਆਪਣੇ ਸਮਰਥਕਾਂ ਨਾਲ ਮੀਟਿੰਗਾਂ ਕਰਕੇ ਆਪਣਾ ਦਾਅਵਾ ਮਜ਼ਬੂਤ ਕੀਤਾ ਸੀ। ਭੁਪੇਸ਼ ਬਘੇਲ ਨੇ ਇਨ੍ਹਾਂ ਨੇਤਾਵਾਂ ਨੂੰ ਬੁਲਾ ਕੇ ਕਿਹਾ ਕਿ ਅਜਿਹੇ ਦਾਅਵੇ ਪਾਰਟੀ ਨੂੰ ਕਮਜ਼ੋਰ ਕਰ ਰਹੇ ਹਨ ਅਤੇ ਹੁਣ ਸਭ ਨੂੰ ਇਕੱਠੇ ਹੋਣਾ ਪਵੇਗਾ।

ਪੰਜਾਬ ਵਿੱਚ ਕਾਂਗਰਸ ਦੀ ਇਹ ਨੀਤੀ 2022 ਵਿਧਾਨ ਸਭਾ ਚੋਣਾਂ ਨਾਲ ਜੁੜੀ ਹੈ, ਜਿੱਥੇ ਪਾਰਟੀ ਨੇ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਦਾ ਚਿਹਰਾ ਬਣਾਇਆ ਸੀ, ਪਰ ਚੋਣਾਂ ਤੋਂ ਬਾਅਦ ਅੰਦਰੂਨੀ ਝਗੜਿਆਂ ਨੇ ਪਾਰਟੀ ਨੂੰ ਕਮਜ਼ੋਰ ਕੀਤਾ ਅਤੇ 'ਆਪ' ਨੇ 92 ਸੀਟਾਂ ਨਾਲ ਸੱਤਾ ਸੰਭਾਲ ਲਈ। ਹੁਣ 2027 ਦੀਆਂ ਚੋਣਾਂ ਨੂੰ ਲੈ ਕੇ ਕਾਂਗਰਸ 'ਆਪ' ਨੂੰ ਚੁਣੌਤੀ ਦੇ ਰਹੀ ਹੈ। ਬਘੇਲ ਨੇ ਕਿਹਾ ਕਿ 'ਆਪ' ਸਰਕਾਰ ਨੇ ਨੌਜਵਾਨਾਂ ਨੂੰ ਧੋਖਾ ਦਿੱਤਾ ਹੈ ਅਤੇ ਨਸ਼ੇ, ਬੇਰੁਜ਼ਗਾਰੀ ਅਤੇ ਕਿਸਾਨਾਂ ਦੀਆਂ ਸਮੱਸਿਆਵਾਂ ਨੂੰ ਨਜ਼ਰਅੰਦਾਜ਼ ਕੀਤਾ ਹੈ। ਪੰਜਾਬ ਵਿੱਚ ਬੇਰੁਜ਼ਗਾਰੀ ਦਰ 2025 ਵਿੱਚ 7.4 ਫ਼ੀਸਦੀ ਰਹੀ, ਜੋ ਰਾਸ਼ਟਰੀ ਔਸਤ ਤੋਂ ਵੱਧ ਹੈ ਅਤੇ ਨੌਜਵਾਨਾਂ ਵਿੱਚ ਅਸੰਤੋਸ਼ ਵਧ ਰਿਹਾ ਹੈ। ਇਸੇ ਤਰ੍ਹਾਂ, ਨਸ਼ੇ ਦੀ ਸਮੱਸਿਆ ਨੇ 2025 ਵਿੱਚ 1500 ਤੋਂ ਵੱਧ ਨੌਜਵਾਨਾਂ ਨੂੰ ਨਿਗਲ ਲਿਆ ਹੈ, ਜੋ ਕਾਂਗਰਸ ਲਈ 'ਆਪ' ਵਿਰੁੱਧ ਵੱਡਾ ਹਥਿਆਰ ਹੈ।

ਉਂਜ ਪੰਜਾਬ ਕਾਂਗਰਸ ਵਿੱਚ ਅੰਦਰੂਨੀ ਖਿੱਚੋਤਾਣ ਨਵੀਂ ਨਹੀਂ ਹੈ। 2022 ਦੀਆਂ ਚੋਣਾਂ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਨੇ ਪਾਰਟੀ ਛੱਡ ਕੇ ਭਾਜਪਾ ਨਾਲ ਹੱਥ ਮਿਲਾ ਲਿਆ ਸੀ। ਵੜਿੰਗ ਨੂੰ ਪ੍ਰਧਾਨ ਬਣਾਉਣ ਨਾਲ ਰੰਧਾਵਾ ਅਤੇ ਸੁਨੀਲ ਜਾਖੜ ਵਰਗੇ ਨੇਤਾਵਾਂ ਨੂੰ ਨਾਰਾਜ਼ਗੀ ਹੋਈ ਸੀ ਤੇ ਬਾਅਦ ਵਿਚ ਸੁਨੀਲ ਜਾਖੜ ਵੀ ਭਾਜਪਾ ਵਿੱਚ ਚਲੇ ਗਏ ਸਨ। ਬਘੇਲ ਨੇ ਇੱਕ ਇੰਟਰਵਿਊ ਵਿੱਚ ਕਿਹਾ ਕਿ ਅਜਿਹੇ ਝਗੜੇ ਪਾਰਟੀ ਨੂੰ ਚੋਣਾਂ ਵਿੱਚ ਨੁਕਸਾਨ ਪਹੁੰਚਾਉਂਦੇ ਹਨ ਅਤੇ ਹੁਣ ਸਭ ਨੂੰ ਇਕੱਠੇ ਹੋਣਾ ਪਵੇਗਾ। ਹੁਣ ਰੰਧਾਵਾ ਨੇ ਵੀ ਕਿਹਾ ਹੈ ਕਿ ਉਹ ਪਾਰਟੀ ਲਈ ਲੜਨ ਲਈ ਤਿਆਰ ਹਨ ਅਤੇ ਮੁੱਖ ਮੰਤਰੀ ਵਾਲਾ ਦਾਅਵਾ ਨਹੀਂ ਕਰਨਗੇ। ਇਸ ਨਾਲ ਪਾਰਟੀ ਵਿੱਚ ਥੋੜ੍ਹੀ ਸ਼ਾਂਤੀ ਆਈ ਹੈ, ਪਰ ਵਿਰੋਧੀ ਪਾਰਟੀਆਂ ਇਸ ਨੂੰ ਕਾਂਗਰਸ ਦੀ ਕਮਜ਼ੋਰੀ ਵਜੋਂ ਪੇਸ਼ ਕਰ ਰਹੀਆਂ ਹਨ। ਕਾਂਗਰਸ ਪਾਰਟੀ ਵਿੱਚੋਂ ਹੀ ਭਾਜਪਾ ਵਿੱਚ ਗਏ ਰਵਨੀਤ ਸਿੰਘ ਬਿੱਟੂ ਨੇ ਟਵਿੱਟਰ ਉੱਤੇ ਟਿੱਪਣੀ ਕੀਤੀ ਕਿ "ਕਾਂਗਰਸ ਵਿੱਚ ਝਗੜੇ ਨੇ ਪਾਰਟੀ ਨੂੰ ਖ਼ਤਮ ਹੀ ਕਰ ਦਿੱਤਾ ਹੈ।"

ਪੰਜਾਬ ਦੀ ਰਾਜਨੀਤੀ ਵਿੱਚ ਕਾਂਗਰਸ ਦਾ ਇਹ ਤਾਜ਼ਾ ਫ਼ੈਸਲਾ ਅਹਿਮ ਹੈ। ਹੁਣ 2027 'ਚ 'ਆਪ' ਨੂੰ ਚੁਣੌਤੀ ਦੇਣ ਲਈ ਕਾਂਗਰਸ ਨੇ ਸਾਂਝੀ ਲੀਡਰਸ਼ਿਪ ਦਾ ਰਾਗ ਅਲਾਪਿਆ ਹੈ। ਬਘੇਲ ਅਨੁਸਾਰ ਪਾਰਟੀ 'ਆਪ' ਸਰਕਾਰ ਦੀਆਂ ਗਲਤੀਆਂ, ਜਿਵੇਂ ਨਸ਼ੇ ਖਿਲਾਫ਼ ਨਾਕਾਮ ਐਕਸ਼ਨ ਅਤੇ ਕਿਸਾਨਾਂ ਨਾਲ ਵਾਅਦਾ ਖ਼ਿਲਾਫ਼ੀ ਨੂੰ ਉਜਾਗਰ ਕਰੇਗੀ।

ਪਰ ਚੁਣੌਤੀਆਂ ਵੀ ਘੱਟ ਨਹੀਂ। 'ਆਪ' ਨੇ 2022 ਵਿੱਚ 92 ਸੀਟਾਂ ਜਿੱਤ ਕੇ ਸੱਤਾ ਸੰਭਾਲੀ ਅਤੇ ਭਗਵੰਤ ਮਾਨ ਸਰਕਾਰ ਨੂੰ ਲੋਕਾਂ ਨੇ ਭਾਰੀ ਸਮਰਥਨ ਦਿੱਤਾ ਹੈ। 'ਆਪ' ਨੇ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ, ਮੁਫ਼ਤ ਬਿਜਲੀ ਅਤੇ ਪਾਣੀ ਦੇ ਵਾਅਦੇ ਨਾਲ ਚੋਣਾਂ ਜਿੱਤੀਆਂ ਸਨ। ਅੱਜ ਇਹ ਸਕੀਮਾਂ ਚੱਲ ਵੀ ਰਹੀਆਂ ਹਨ। ਪਰ ਨਸ਼ੇ ਅਤੇ ਬੇਰੁਜ਼ਗਾਰੀ ਨੇ 'ਆਪ' ਨੂੰ ਨੁਕਸਾਨ ਪਹੁੰਚਾਇਆ ਹੈ। ਭਾਜਪਾ ਨੇ ਹੁਣ ਅਕਾਲੀਆਂ ਨਾਲ ਮਿਲ ਕੇ ਚੋਣਾਂ ਲੜਨ ਦੀ ਯੋਜਨਾ ਬਣਾਈ ਹੈ; ਭਾਵੇਂ ਇਹ ਹਾਲੇ ਹਕੀਕੀ ਰੂਪ ਨਹੀਂ ਲੈ ਸਕਿਆ ਹੈ, ਪਰ ਦੇਰ ਸਵੇਰ ਇਹ ਹੋ ਸਕਦਾ ਹੈ। ਕਾਂਗਰਸ ਨੂੰ ਇਨ੍ਹਾਂ ਨਾਲ ਮੁਕਾਬਲਾ ਕਰਨ ਲਈ ਇਕੱਠੀ ਹੋਣਾ ਪਵੇਗਾ। ਬਘੇਲ ਨੇ ਕਿਹਾ ਕਿ ਪਾਰਟੀ ਨੇ 'ਮਨਰੇਗਾ ਬਚਾਓ ਸੰਗਰਾਮ' ਅਤੇ ਕਿਸਾਨਾਂ ਲਈ ਫ਼ਸਲਾਂ ਦੀ ਘੱਟੋ ਘੱਟ ਸਹਾਇਕ ਕੀਮਤ ਦਾ ਸੰਘਰਸ਼ ਵੀ ਸ਼ੁਰੂ ਕੀਤਾ ਹੈ। ਇਨ੍ਹਾਂ ਨੂੰ ਲੈ ਕੇ ਭਾਜਪਾ ਵਿਰੁੱਧ ਪ੍ਰਦਰਸ਼ਨ ਵੀ ਕੀਤੇ ਜਾ ਰਹੇ ਹਨ। ਗੁਰਦਾਸਪੁਰ ਤੋਂ ਸ਼ੁਰੂ ਹੋਏ ਇਸ ਅੰਦੋਲਨ ਵਿੱਚ ਹਜ਼ਾਰਾਂ ਲੋਕ ਸ਼ਾਮਲ ਹੋਏ ਅਤੇ ਇਹ ਪੂਰੇ ਪੰਜਾਬ ਵਿੱਚ ਫੈਲ ਰਿਹਾ ਹੈ। ਇਸ ਨਾਲ ਕਾਂਗਰਸ ਨੂੰ ਪੇਂਡੂ ਲੋਕਾਂ ਅਤੇ ਕਿਸਾਨਾਂ ਦਾ ਵੋਟ ਬੈਂਕ ਮਿਲ ਸਕਦਾ ਹੈ।

ਪੰਜਾਬ ਕਾਂਗਰਸ ਦੀ ਇਹ ਨੀਤੀ ਪਾਰਟੀ ਨੂੰ ਮਜ਼ਬੂਤ ਕਰੇਗੀ ਜਾਂ ਨਹੀਂ, ਇਹ ਚੋਣਾਂ ਵਿੱਚ ਪਤਾ ਚੱਲੇਗਾ; ਪਰ ਅੰਦਰੂਨੀ ਏਕਤਾ ਨਾਲ ਹੀ ਪਾਰਟੀ 'ਆਪ' ਅਤੇ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਨੂੰ ਚੁਣੌਤੀ ਦੇ ਸਕਦੀ ਹੈ। ਸਿਆਸੀ ਮਾਹਿਰਾਂ ਨੂੰ ਲੱਗਦਾ ਹੈ ਕਿ ਸਾਂਝੀ ਲੀਡਰਸ਼ਿਪ ਨਾਲ ਝਗੜੇ ਘੱਟ ਹੋਣਗੇ ਅਤੇ ਪਾਰਟੀ ਨੂੰ ਨਵੀਂ ਊਰਜਾ ਮਿਲੇਗੀ। ਬਘੇਲ ਨੇ ਅੰਤ ਵਿੱਚ ਕਿਹਾ ਕਿ ਪੰਜਾਬ ਵਿੱਚ ਕਾਂਗਰਸ ਨੂੰ ਫਿਰ ਤੋਂ ਸੱਤਾ ਚਾਹੀਦੀ ਹੈ ਅਤੇ ਅਸੀਂ ਇਸ ਲਈ ਤਿਆਰ ਹਾਂ। ਇਹ ਐਲਾਨ ਪੰਜਾਬ ਰਾਜਨੀਤੀ ਨੂੰ ਨਵਾਂ ਰੰਗ ਦੇ ਰਿਹਾ ਹੈ ਅਤੇ ਵਿਰੋਧੀ ਪਾਰਟੀਆਂ ਵੀ ਇਸ ਨੂੰ ਲੈ ਕੇ ਚਰਚਾ ਕਰ ਰਹੀਆਂ ਹਨ। ਭਵਿੱਖ ਵਿੱਚ ਇਹ ਨੀਤੀ ਕਾਂਗਰਸ ਨੂੰ ਫਾਇਦਾ ਦੇਵੇਗੀ ਜਾਂ ਨੁਕਸਾਨ, ਇਹ ਚੋਣਾਂ ਹੀ ਦੱਸਣਗੀਆਂ।

# ਵੈਨੇਜ਼ੂਏਲਾ ਖ਼ਿਲਾਫ਼ ਕਾਰਵਾਈ ਨੇ ਕੈਨੇਡਾ ਨੂੰ ਫ਼ਿਕਰਾਂ ਵਿੱਚ ਪਾਇਆ

## *ਟਰੰਪ ਹਿਲਾ ਸਕਦੇ ਹਨ ਕੈਨੇਡੀਅਨ ਅਰਥਚਾਰੇ ਦੀਆਂ ਚੂਲ਼ਾਂ

**ਪੰਜਾਬੀ ਪਰਵਾਜ਼ ਬਿਊਰੋ**

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਵਿਦੇਸ਼ ਨੀਤੀਆਂ ਨੇ ਇੱਕ ਵਾਰ ਫਿਰ ਸਾਰੀ ਦੁਨੀਆ ਨੂੰ ਹੈਰਾਨ ਕਰ ਦਿੱਤਾ ਹੈ। ਅਮਰੀਕੀ ਫੌਜ ਨੇ ਵੈਨੇਜ਼ੂਏਲਾ ਵਿੱਚ ਜੋ ਵੱਡੀ ਫ਼ੌਜੀ ਕਰਵਾਈ ਕੀਤੀ ਹੈ, ਟਰੰਪ ਨੇ ਇਸ ਨੂੰ 'ਵੈਨੇਜ਼ੂਏਲਾ ਨੂੰ ਅਤਿਵਾਦ ਤੋਂ ਬਚਾਉਣ ਵਾਲੀ ਵਡਮੁੱਲੀ ਕਾਰਵਾਈ' ਕਿਹਾ ਹੈ, ਪਰ ਇਹ ਹਮਲਾ ਨਾ ਸਿਰਫ਼ ਲਾਤੀਨੀ ਅਮਰੀਕਾ ਨੂੰ ਸਗੋਂ ਉੱਤਰੀ ਅਮਰੀਕਾ ਦੇ ਗੁਆਂਢੀ ਦੇਸ਼ ਕੈਨੇਡਾ ਨੂੰ ਵੀ ਚਿੰਤਿਤ ਕਰ ਰਿਹਾ ਹੈ। ਕੈਨੇਡੀਅਨਾਂ ਨੂੰ ਲੱਗ ਰਿਹਾ ਹੈ ਕਿ ਟਰੰਪ ਦੀਆਂ ਪੁਰਾਣੀਆਂ ਧਮਕੀਆਂ-ਜਿਵੇਂ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਰਾਜ ਬਣਾਉਣ ਦੀ ਗੱਲ; ਹੁਣ ਸਿਰਫ਼ ਗੱਲਾਂ ਨਹੀਂ ਰਹੀਆਂ। ਮਾਹਿਰਾਂ ਨੇ ਚੇਤਾਵਨੀ ਦਿੱਤੀ ਹੈ ਕਿ ਅਮਰੀਕਾ ਹੁਣ ਆਪਣੇ ਨੇੜਲੇ ਦੇਸ਼ਾਂ ਉੱਤੇ ਫ਼ੌਜੀ ਜਾਂ ਆਰਥਿਕ ਦਬਾਅ ਵਧਾ ਸਕਦਾ ਹੈ।

ਕੈਨੇਡਾ ਦੇ ਪ੍ਰਸਿੱਧ ਅਖ਼ਬਾਰ 'ਦ ਗਲੋਬ ਐਂਡ ਮੇਲ' ਵਿੱਚ ਛਪੇ ਇੱਕ ਲੇਖ ਵਿੱਚ ਲਿਖਿਆ ਗਿਆ ਹੈ ਕਿ ਕੈਨੇਡੀਅਨ ਲੋਕਾਂ ਨੂੰ ਟਰੰਪ ਦੀਆਂ ਧਮਕੀਆਂ ਨੂੰ ਹਲਕੇ ਵਿੱਚ ਨਹੀਂ ਲੈਣਾ ਚਾਹੀਦਾ। ਲੇਖਕ ਪ੍ਰੋਫੈਸਰ ਥੌਮਸ ਹੋਮਰ-ਡਿਕਸਨ ਨੇ ਕਿਹਾ, "ਜੇਕਰ ਅਮਰੀਕਾ ਕੈਨੇਡਾ ਉੱਤੇ ਫ਼ੌਜੀ ਦਬਾਅ ਪਾਵੇਗਾ, ਤਾਂ ਇਸ ਦੀ ਕੀਮਤ ਬਹੁਤ ਭਾਰੀ ਹੋਵੇਗੀ।" ਉਨ੍ਹਾਂ ਨੇ ਵੈਨੇਜ਼ੂਏਲਾ ਵਰਗੀ ਕਾਰਵਾਈ ਨੂੰ ਇੱਕ ਚੇਤਾਵਨੀ ਵਜੋਂ ਵੇਖਿਆ ਹੈ।

ਮਾਹਿਰਾਂ ਦਾ ਮੰਨਣਾ ਹੈ ਕਿ ਕੈਨੇਡਾ ਵਾਂਗ ਹੀ ਟਰੰਪ ਗ੍ਰੀਨਲੈਂਡ ਨੂੰ ਵੀ ਅਮਰੀਕਾ ਵਿੱਚ ਮਿਲਾਉਣਾ ਚਾਹੁੰਦੇ ਹਨ। ਗ੍ਰੀਨਲੈਂਡ ਅਤੇ ਕੈਨੇਡਾ ਵਿੱਚ ਬਹੁਤ ਸਮਾਨਤਾਵਾਂ ਹਨ; ਦੋਵੇਂ ਲੋਕਤੰਤਰੀ ਦੇਸ਼ ਹਨ, ਆਰਕਟਿਕ ਖੇਤਰ ਵਿੱਚ ਵੱਸਦੇ ਹਨ ਅਤੇ ਨਾਟੋ ਵਰਗੇ ਸੁਰੱਖਿਆ ਸੰਗਠਨਾਂ ਦਾ ਹਿੱਸਾ ਹਨ। ਟਰੰਪ ਨਾਟੋ ਉੱਤੇ ਆਪਣਾ ਪ੍ਰਭਾਵ ਵਧਾਉਣਾ ਚਾਹੁੰਦੇ ਹਨ। ਇਸ ਕਾਰਨ ਕੈਨੇਡਾ ਆਪਣੀ ਸੁਰੱਖਿਆ ਨੂੰ ਲੈ ਕੇ ਅਸੁਰੱਖਿਅਤ ਮਹਿਸੂਸ ਕਰ ਰਿਹਾ ਹੈ। ਕੈਨੇਡਾ ਸਰਕਾਰ ਨੂੰ ਸੁਰੱਖਿਆ ਮਾਮਲਿਆਂ ਵਿੱਚ ਸਲਾਹ ਦੇ ਚੁੱਕੇ ਵੈੱਸਲੀ ਵਾਰਕ ਨੇ ਕਿਹਾ, "ਓਟਾਵਾ ਦੇ ਬਹੁਤੇ ਅਧਿਕਾਰੀ ਅਜੇ ਵੀ ਇਹ ਮੰਨਣ ਲਈ ਤਿਆਰ ਨਹੀਂ ਕਿ ਹਾਲਾਤ ਇੰਨੇ ਬਦਲ ਚੁੱਕੇ ਹਨ। ਵੈਨੇਜ਼ੂਏਲਾ ਅਤੇ ਗ੍ਰੀਨਲੈਂਡ ਨਾਲ ਜੁੜੀਆਂ ਟਰੰਪ ਦੀਆਂ ਕਾਰਵਾਈਆਂ ਕੈਨੇਡਾ ਲਈ ਅੰਤਿਮ ਚੇਤਾਵਨੀਆਂ ਹਨ। ਇਹ ਦੱਸਦੀਆਂ ਹਨ ਕਿ ਅਮਰੀਕਾ ਪਹਿਲਾਂ ਵਰਗਾ ਨਹੀਂ ਰਿਹਾ।"

ਇਤਿਹਾਸ ਵੇਖੀਏ ਤਾਂ ਅਮਰੀਕਾ ਅਤੇ ਕੈਨੇਡਾ ਵਿਚਕਾਰ ਸੰਬੰਧ ਬਹੁਤ ਡੂੰਘੇ ਤੇ ਨੇੜਲੇ ਰਹੇ ਹਨ। 1812 ਦੀ ਜੰਗ ਤੋਂ ਬਾਅਦ ਪਿੱਛੋਂ ਇਹ ਦੋਵੇਂ ਦੇਸ਼ ਬਹੁਤ ਨੇੜੇ ਹੋ ਗਏ ਹਨ। ਅੱਜ ਵੀ ਦੋਵਾਂ ਮੁਲਕਾਂ ਵਿਚਕਾਰ 8,891 ਕਿਲੋਮੀਟਰ ਲੰਮੀ ਸਰਹੱਦ ਹੈ, ਜੋ ਦੁਨੀਆ ਦੀ ਸਭ ਤੋਂ ਲੰਮੀ ਗ਼ੈਰ-ਫ਼ੌਜੀ ਸਰਹੱਦ ਹੈ। ਪਰ ਟਰੰਪ ਦੇ ਪਹਿਲੇ ਕਾਰਜਕਾਲ ਦੌਰਾਨ ਦੋਵਾਂ ਮੁਲਕਾਂ ਦੇ ਸੰਬੰਧਾਂ ਵਿੱਚ ਤਣਾਅ ਵਧਿਆ ਸੀ। ਟਰੰਪ ਨੇ ਕੈਨੇਡਾ ਨੂੰ "51ਵਾਂ ਰਾਜ" ਬਣਾਉਣ ਦੀ ਗੱਲ ਕੀਤੀ ਸੀ ਅਤੇ ਆਲੂ, ਲੱਕੜ ਅਤੇ ਡੇਅਰੀ ਉਤਪਾਦਾਂ ਉੱਤੇ ਟੈਰਿਫ਼ ਲਗਾਏ ਸਨ। 2018 ਵਿੱਚ ਉਨ੍ਹਾਂ ਨੇ ਕਿਹਾ ਸੀ, "ਕੈਨੇਡਾ ਅਮਰੀਕਾ ਨਾਲ ਬਹੁਤ ਖਰਾਬ ਵਪਾਰ ਕਰਦਾ ਹੈ, ਇਹ ਆਪਣੇ ਆਪ ਨੂੰ ਅਮਰੀਕਾ ਦਾ ਹਿੱਸਾ ਬਣਾ ਲਵੇ।" ਇਹ ਗੱਲਾਂ ਅੱਜ ਵੀ ਯਾਦ ਆ ਰਹੀਆਂ ਹਨ।




ਆਰਥਿਕ ਤੌਰ 'ਤੇ ਕੈਨੇਡਾ ਅਮਰੀਕਾ ਉੱਤੇ ਬਹੁਤ ਨਿਰਭਰ ਹੈ। 2024 ਵਿੱਚ ਅਮਰੀਕਾ ਅਤੇ ਕੈਨੇਡਾ ਵਿਚਕਾਰ ਕੁੱਲ ਵਪਾਰ 761.8 ਅਰਬ ਡਾਲਰ ਦਾ ਸੀ, ਜਿਸ ਵਿੱਚ ਅਮਰੀਕੀ ਐਕਸਪੋਰਟ 349.9 ਅਰਬ ਡਾਲਰ ਦੇ ਸਨ। ਕੈਨੇਡਾ ਆਪਣੇ 70 ਫ਼ੀਸਦੀ ਐਕਸਪੋਰਟ ਅਮਰੀਕਾ ਨੂੰ ਕਰਦਾ ਹੈ ਅਤੇ ਯੂ.ਐੱਸ.ਐੱਮ.ਸੀ.ਏ. (ਅਮਰੀਕਾ-ਮੈਕਸੀਕੋ-ਕੈਨੇਡਾ ਵਪਾਰ ਸਮਝੌਤਾ) ਅਧੀਨ 85 ਫ਼ੀਸਦੀ ਵਪਾਰ ਬਿਨਾਂ ਟੈਰਿਫ਼ ਨਾਲ ਹੁੰਦਾ ਹੈ। 2025 ਦੇ ਪਹਿਲੇ ਤਿੰਨ ਮਹੀਨਿਆਂ ਵਿੱਚ ਲਗਭਗ 800 ਅਰਬ ਕੈਨੇਡੀਅਨ ਡਾਲਰ ਦੇ ਸਾਮਾਨ ਸਰਹੱਦ ਪਾਰ ਹੋਏ। ਰੋਜ਼ਾਨਾ ਵਪਾਰ 3.6 ਅਰਬ ਡਾਲਰ ਦਾ ਹੈ, ਜੋ ਦੋਵਾਂ ਦੇਸ਼ਾਂ ਵਿੱਚ ਲੱਖਾਂ ਨੌਕਰੀਆਂ ਲਈ ਮਦਦਗਾਰ ਹੈ। ਪਰ 2025 ਵਿੱਚ ਅਮਰੀਕੀ ਦਰਾਮਦ ਵਿੱਚ 2.8 ਫ਼ੀਸਦੀ ਕਮੀ ਆਈ ਹੈ, ਜੋ ਟਰੰਪ ਦੀਆਂ ਨੀਤੀਆਂ ਨਾਲ ਜੁੜੀ ਹੋ ਸਕਦੀ ਹੈ। ਇਹ ਨਿਰਭਰਤਾ ਕੈਨੇਡਾ ਲਈ ਖ਼ਤਰਾ ਬਣ ਰਹੀ ਹੈ।

ਇਸ ਨਿਰਭਰਤਾ ਨੂੰ ਘਟਾਉਣ ਲਈ ਕੈਨੇਡਾ ਸਰਕਾਰ ਕੋਸ਼ਿਸ਼ਾਂ ਕਰ ਰਹੀ ਹੈ। ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਸੱਤਾ ਵਿੱਚ ਆਉਣ ਤੋਂ ਬਾਅਦ ਅਮਰੀਕਾ ਤੋਂ ਦੂਰ ਹੋਣ ਵਾਲੇ ਕਦਮ ਚੁੱਕੇ ਹਨ। ਉਹ ਚੀਨ ਨਾਲ ਵਪਾਰ ਵਧਾਉਣ ਉੱਤੇ ਜ਼ੋਰ ਦੇ ਰਹੇ ਹਨ। ਹਾਲ ਹੀ ਵਿੱਚ ਕਾਰਨੀ ਨੇ ਕਿਹਾ, "ਗ੍ਰੀਨਲੈਂਡ ਅਤੇ ਡੈਨਮਾਰਕ ਦੀ ਸਾਵਰੇਨਟੀ ਦਾ ਸਨਮਾਨ ਕੀਤਾ ਜਾਣਾ ਚਾਹੀਦਾ ਹੈ।" ਉਨ੍ਹਾਂ ਨੇ ਟਰੰਪ ਦੀਆਂ ਕੈਨੇਡਾ ਨਾਲ ਜੁੜੀਆਂ ਧਮਕੀਆਂ ਉੱਤੇ ਚੁੱਪ ਵੱਟੀ ਰੱਖੀ, ਪਰ ਅੰਦਰੂਨੀ ਤੌਰ 'ਤੇ ਵਿਭਿੰਨਤਾ ਵਧਾਉਣ ਦੇ ਯਤਨ ਕਰ ਰਹੇ ਹਨ। 2025 ਵਿੱਚ ਕੈਨੇਡਾ ਨੇ ਚੀਨ ਨਾਲ ਤੇਲ ਵਪਾਰ ਵਧਾਉਣ ਅਤੇ ਆਪਣੇ 13 ਸੂਬਿਆਂ ਵਿਚਕਾਰ ਵਪਾਰੀ ਰੁਕਾਵਟਾਂ ਹਟਾਉਣ ਦੀਆਂ ਯੋਜਨਾਵਾਂ ਐਲਾਨੀਆਂ ਹਨ। ਇਸ ਨਾਲ ਅਮਰੀਕਾ ਤੋਂ ਨਿਰਭਰਤਾ ਘਟਾਉਣ ਦਾ ਟੀਚਾ ਹੈ। ਐਕਸਪਰਟਾਂ ਮੁਤਾਬਕ, ਯੂਰੇਸ਼ੀਆ ਗਰੁੱਪ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਕੈਨੇਡਾ ਨੂੰ ਆਪਣੇ ਵਪਾਰ ਅਤੇ ਰਣਨੀਤਕ ਸੰਬੰਧਾਂ ਨੂੰ ਮੋਕਲਾ ਕਰਨਾ ਹੀ ਚਾਹੀਦਾ ਹੈ।

ਉਂਜ ਖ਼ਤਰੇ ਵੀ ਘੱਟ ਨਹੀਂ। ਕੁਝ ਮਾਹਿਰਾਂ ਦਾ ਕਹਿਣਾ ਹੈ ਕਿ ਅਮਰੀਕਾ ਵੱਲੋਂ ਕੈਨੇਡਾ ਉੱਤੇ ਸਿੱਧਾ ਫ਼ੌਜੀ ਹਮਲਾ ਔਖਾ ਹੈ, ਪਰ ਆਰਥਿਕ ਦਬਾਅ ਤਾਂ ਬਣਾਇਆ ਜਾ ਸਕਦਾ ਹੈ। ਕਾਰਲਟਨ ਯੂਨੀਵਰਸਿਟੀ ਦੀ ਪ੍ਰੋਫੈਸਰ ਸਟੈਫਨੀ ਕਾਰਵਿਨ ਨੇ ਕਿਹਾ, "ਵੈਨੇਜ਼ੂਏਲਾ ਦੇ ਤੇਲ ਸਰੋਤਾਂ ਉੱਤੇ ਟਰੰਪ ਦੇ ਕਬਜ਼ੇ ਤੋਂ ਬਾਅਦ ਇਹ ਸਪੱਸ਼ਟ ਹੈ ਕਿ ਅਮਰੀਕਾ ਪੱਛਮੀ ਗਲੋਬ ਵਿੱਚ ਆਪਣੀ ਸਰਦਾਰੀ ਵਧਾਉਣ ਲਈ ਵਧੇਰੇ ਹਮਲਾਵਰ ਹੋ ਸਕਦਾ ਹੈ। ਅਮਰੀਕਾ ਮਦਦ ਦੇ ਬਦਲੇ ਕੈਨੇਡਾ 'ਤੇ ਦਬਾਅ ਪਾ ਸਕਦਾ ਹੈ।" ਉਨ੍ਹਾਂ ਚੇਤਾਵਨੀ ਦਿੱਤੀ ਕਿ ਅਮਰੀਕਾ ਹੁਣ ਕੈਨੇਡਾ ਦੀ ਅਰਥਵਿਵਸਥਾ ਨੂੰ ਆਸਾਨੀ ਨਾਲ ਨੁਕਸਾਨ ਪਹੁੰਚਾ ਸਕਦਾ ਹੈ।

ਕਾਰਲਟਨ ਯੂਨੀਵਰਸਿਟੀ ਦੇ ਹੀ ਪ੍ਰੋਫੈਸਰ ਫਿਲਿਪ ਲਾਗਾਸੇ ਨੇ ਇੱਕ ਹੋਰ ਚਿੰਤਾ ਜ਼ਾਹਰ ਕੀਤੀ। ਉਨ੍ਹਾਂ ਮੁਤਾਬਕ, ਜੇਕਰ ਕੈਨੇਡਾ ਕਿਸੇ ਵੱਡੀ ਆਫ਼ਤ ਜਾਂ ਅਜਿਹੇ ਹਾਲਾਤ ਵਿੱਚ ਅਮਰੀਕਾ ਉੱਤੇ ਨਿਰਭਰ ਹੋ ਜਾਵੇ ਜੋ ਉਹ ਆਪ ਸਾਂਭ ਨਾ ਸਕੇ, ਤਾਂ ਮੌਜੂਦਾ ਅਮਰੀਕੀ ਪ੍ਰਸ਼ਾਸਨ ਮਦਦ ਦੇ ਬਦਲੇ ਸ਼ਰਤਾਂ ਰੱਖ ਸਕਦਾ ਹੈ। ਇਹ ਵੀ ਸੰਭਵ ਹੈ ਕਿ ਅਮਰੀਕਾ ਮਦਦ ਕਰਨ ਤੋਂ ਬਾਅਦ ਉੱਥੋਂ ਨਾ ਹਟੇ ਜਾਂ ਬਦਲੇ ਵਿੱਚ ਮੰਗਾਂ ਰੱਖੇ। ਇਸ ਤੋਂ ਇਲਾਵਾ ਯੂ.ਐੱਸ.ਐੱਮ.ਸੀ.ਏ. ਸਮਝੌਤੇ ਦੀ ਸਮੀਖਿਆ ਵੀ ਕੈਨੇਡਾ ਵੱਲ ਟਰੰਪ ਦਾ ਧਿਆਨ ਖਿੱਚ ਸਕਦੀ ਹੈ। ਇਹ ਸਮਝੌਤਾ ਟਰੰਪ ਦੇ ਪਹਿਲੇ ਕਾਰਜਕਾਲ ਵਿੱਚ ਹੋਇਆ ਸੀ ਅਤੇ ਹੁਣ ਇਸ ਦੀ ਸਮੀਖਿਆ ਹੋਣ ਵਾਲੀ ਹੈ। ਇਸ ਵੇਲੇ ਅਮਰੀਕਾ ਕੈਨੇਡਾ ਉੱਤੇ ਆਰਥਿਕ ਦਬਾਅ ਬਣਾ ਸਕਦਾ ਹੈ। ਜੇਕਰ ਟਰੰਪ ਨੇ ਟੈਰਿਫ਼ ਛੋਟ ਨੂੰ ਖ਼ਤਮ ਕਰਨ ਦੀ ਧਮਕੀ ਦਿੱਤੀ, ਤਾਂ ਵੀ ਕੈਨੇਡਾ ਦੀ ਅਰਥਵਿਵਸਥਾ ਨੂੰ ਵੱਡਾ ਝਟਕਾ ਲੱਗੇਗਾ।

ਕੈਨੇਡੀਅਨ ਮਾਹਿਰਾਂ ਦੀ ਰਾਏ ਵਿੱਚ ਟਰੰਪ ਦੀ ਵਿਦੇਸ਼ ਨੀਤੀ ਬਹੁਤ ਲੈਣ-ਦੇਣ ਵਾਲੀ ਹੈ। ਪਿਊ ਰਿਸਰਚ ਸੈਂਟਰ ਦੀ 2025 ਦੀ ਰਿਪੋਰਟ ਮੁਤਾਬਕ, ਕੈਨੇਡੀਅਨਾਂ ਵਿੱਚ ਅਮਰੀਕਾ ਅਤੇ ਟਰੰਪ ਬਾਰੇ ਵਿਸ਼ਵਾਸ ਇਤਿਹਾਸਕ ਨਿਵਾਣ ਉੱਤੇ ਹੈ। ਬਹੁਤੇ ਕੈਨੇਡੀਅਨਾਂ ਨੂੰ ਲੱਗਦਾ ਹੈ ਕਿ ਟਰੰਪ ਵਿਸ਼ਵ ਮਾਮਲਿਆਂ ਵਿੱਚ ਸਹੀ ਨਹੀਂ ਕਰਨਗੇ। ਸੀ.ਐਫ਼.ਆਰ. ਦੇ ਐਕਸਪਰਟ ਬ੍ਰੀਫ ਵਿੱਚ ਕਿਹਾ ਗਿਆ ਹੈ ਕਿ ਟਰੰਪ ਦੇ ਟੈਰਿਫ਼ਾਂ ਨੇ ਕੈਨੇਡਾ ਨੂੰ ਅਮਰੀਕਾ ਤੋਂ ਦੂਰ ਹੋਣ ਲਈ ਮਜਬੂਰ ਕੀਤਾ ਹੈ। ਇਹ ਨਵਾਂ ਰਾਹ ਅਮਰੀਕਾ ਨਾਲ ਡੂੰਘੇ ਸੰਬੰਧਾਂ ਨੂੰ ਬਦਲ ਦੇਵੇਗਾ।

ਸੋ, ਵੈਨੇਜ਼ੂਏਲਾ 'ਤੇ ਅਮਰੀਕੀ ਕਾਰਵਾਈ ਨੇ ਕੈਨੇਡਾ ਨੂੰ ਆਪਣੀ ਨੀਤੀ ਬਦਲਣ ਲਈ ਮਜਬੂਰ ਕੀਤਾ ਹੈ। ਮਾਹਿਰਾਂ ਨੇ ਸਲਾਹ ਦਿੱਤੀ ਹੈ ਕਿ ਕੈਨੇਡਾ ਨੂੰ ਆਪਣੀ ਸੁਰੱਖਿਆ ਅਤੇ ਅਰਥਵਿਵਸਥਾ ਨੂੰ ਮਜਬੂਤ ਕਰਨ ਲਈ ਵਿਭਿੰਨਤਾ ਵਧਾਉਣੀ ਚਾਹੀਦੀ ਹੈ। ਚੀਨ, ਯੂਰਪ ਅਤੇ ਆਸਟ੍ਰੇਲੀਆ ਨਾਲ ਨਵੇਂ ਸਮਝੌਤੇ ਕਰਨੇ ਚਾਹੀਦੇ ਹਨ। ਨਾਟੋ ਵਿੱਚ ਵੀ ਆਪਣੀ ਆਵਾਜ਼ ਮਜਬੂਤ ਕਰਨੀ ਚਾਹੀਦੀ ਹੈ। ਜੇਕਰ ਅਮਰੀਕਾ ਨਾਲ ਸੰਬੰਧ ਖ਼ਰਾਬ ਹੋ ਗਏ, ਤਾਂ ਕੈਨੇਡਾ ਨੂੰ ਨੁਕਸਾਨ ਘੱਟ ਕਰਨ ਲਈ ਤਿਆਰ ਰਹਿਣਾ ਪਵੇਗਾ।

# ਮਦੂਰੋ ਖਿਲਾਫ ਅਮਰੀਕੀ ਕਾਰਵਾਈ ਨਾਲ ਸੰਸਾਰ ਸਿਆਸਤ ਵਿੱਚ ਨਵੀਂ ਸਫਬੰਦੀ

***ਤੇਜ਼ ਹੋਵੇਗਾ ਸਮੁੰਦਰੀ ਵਪਾਰ ਯੁੱਧ *ਛੋਟੇ ਮੁਲਕਾਂ ਦੇ ਆਰਥਕ ਸੋਮਿਆਂ 'ਤੇ ਕਬਜ਼ੇ ਦੀ ਦੌੜ ਵਧੀ**


**ਜਸਵੀਰ ਸਿੰਘ ਮਾਂਗਟ**

ਲੰਘੀ 3 ਜਨਵਰੀ ਦੀ ਅੱਧੀ ਰਾਤ ਤੋਂ ਬਾਅਦ ਦੇ ਹਨੇਰੇ ਵਿੱਚ ਵੈਨੇਜ਼ੂਏਲਾ ਦੀ ਰਾਜਧਾਨੀ ਕਾਰਕਸ ਵਿੱਚ 150 ਹਵਾਈ ਲੜਾਕੂ ਜਹਾਜ਼ਾਂ ਦੀ ਮਦਦ ਨਾਲ ਕੀਤੀ ਗਈ ਇੱਕ ਕਾਰਵਾਈ ਵਿੱਚ ਅਮਰੀਕਾ ਦੀਆਂ ਐਲੀਟ ਫੋਰਸਾਂ, ਨੇਵੀ ਅਤੇ ਹਵਾਈ ਫੌਜ ਨੇ ਵੈਨੇਜ਼ੂਏਲਾ ਦੇ ਰਾਸ਼ਟਰਪਤੀ ਮਦੂਰੋ ਅਤੇ ਉਨ੍ਹਾਂ ਦੀ ਪਤਨੀ ਨੂੰ ਉਨ੍ਹਾਂ ਦੇ ਬੈੱਡਰੂਮ ਵਿੱਚੋਂ ਚੁੱਕ ਲਿਆ ਅਤੇ ਬਾਅਦ ਵਿੱਚ ਨਿਊ ਯਰਾਕ ਲੈ ਗਏ। ਉਨ੍ਹਾਂ ਨੂੰ ਇੱਕ ਦਿਨ ਬਾਅਦ ਲੋਅਰ ਮੈਨਹਟਨ ਦੀ ਇੱਕ ਫੈਡਰਲ ਅਦਾਲਤ ਵਿੱਚ ਪੇਸ਼ ਕੀਤਾ ਗਿਆ।

ਅਦਾਲਤ ਵਿੱਚ ਪੇਸ਼ ਹੋਣ ਮੌਕੇ ਨਿਕੋਲਸ ਮਦੂਰੋ ਤੇ ਉਨ੍ਹਾਂ ਦੀ ਪਤਨੀ ਸੀਲੀਆ ਨੇ ਕਿਹਾ ਕਿ ਉਹ ਬੇਗੁਨਾਹ ਹਨ ਅਤੇ ਨਸ਼ਿਆਂ ਦੀ ਸਮਗਲਿੰਗ ਨਾਲ ਉਨ੍ਹਾਂ ਦਾ ਕੋਈ ਸੰਬੰਧ ਨਹੀਂ ਹੈ। ਵੈਨੇਜ਼ੂਏਲਾ ਦੀ ਨਵੀਂ ਬਣੀ ਐਕਟਿੰਗ ਰਾਸ਼ਟਰਪਤੀ ਡੈਲਸੀ ਰੋਡਰਿਗਜ਼ ਅਨੁਸਾਰ ਇਸ ਫੌਜੀ ਕਾਰਵਾਈ ਵਿੱਚ 100 ਤੋਂ ਵੱਧ ਲੋਕ ਮਾਰੇ ਗਏ ਹਨ। ਇਨ੍ਹਾਂ ਵਿੱਚ ਫੌਜ ਨਾਲ ਸੰਬੰਧਤ ਵਿਅਕਤੀ ਵੀ ਸ਼ਾਮਲ ਹਨ। ਯਾਦ ਰਹੇ, ਪਿਛਲੇ ਕਾਫੀ ਸਮੇਂ ਤੋਂ ਅਮਰੀਕਾ ਨੇ ਵੈਨੇਜ਼ੂਏਲਾ ਦੀ ਸਮੁੰਦਰੀ ਘੇਰਾਬੰਦੀ ਕੀਤੀ ਹੋਈ ਸੀ ਅਤੇ ਰਾਸ਼ਟਰਪਤੀ ਨਿਕੋਲਸ ਮਦੂਰੋ 'ਤੇ ਸੱਤਾ ਛੱਡਣ ਲਈ ਦਬਾਅ ਪਾਇਆ ਜਾ ਰਿਹਾ ਸੀ। ਇਸ ਦੌਰਾਨ ਅਮਰੀਕੀ ਸਮੁੰਦਰੀ ਫੋਰਸਾਂ ਨੇ ਵੈਨੇਜ਼ੂਏਲਾ ਨਾਲ ਸੰਬੰਧਤ ਕਈ ਸਮੁੰਦਰੀ ਵਾਹਨਾਂ ਉੱਤੇ ਇਹ ਕਹਿ ਕੇ ਬੰਬਾਰੀ ਕੀਤੀ ਸੀ ਕਿ ਇਨ੍ਹਾਂ ਵਿੱਚ ਮਦੂਰੋ ਵੱਲੋਂ ਨਸ਼ੀਲੇ ਪਦਾਰਥਾਂ ਦੀ ਅਮਰੀਕਾ ਵੱਲ ਸਪਲਾਈ ਕੀਤੀ ਜਾ ਰਹੀ ਹੈ।

ਜਿਵੇਂ ਇਰਾਕ ਵਿੱਚ ਹਮਲਾ ਕਰਨ ਲਈ ਅਮਰੀਕਾ ਨੇ ਪ੍ਰਮਾਣੂ ਅਤੇ ਕੈਮੀਕਲ ਹਥਿਆਰਾਂ ਦਾ ਬਹਾਨ ਬਣਾਇਆ ਸੀ, ਵੈਨੇਜ਼ੂਏਲਾ ਵਿੱਚ ਹਮਲਾ ਕਰਨ ਲਈ ਮਦੂਰੋ 'ਤੇ ਲਗਾਤਾਰ ਦੋਸ਼ ਲਗਾਏ ਗਏ ਕਿ ਉਹ ਅਮਰੀਕਾ ਲਈ ਜਾਣ ਵਾਲੇ ਨਸ਼ਿਆਂ ਦਾ ਡਰੱਗ ਕਾਰਟਲ ਚਲਾ ਰਿਹਾ। ਪਰ ਵੈਨੇਜ਼ੂਏਲਾ ਦੇ ਸਾਬਕਾ ਰਾਸ਼ਟਰਪਤੀ ਮਦੂਰੋ ਨੇ ਇਸ ਤੋਂ ਇਨਕਾਰ ਕੀਤਾ ਹੈ। ਉਨ੍ਹਾਂ ਅਦਾਲਤ ਨੂੰ ਸੰਬੋਧਨ ਕਰਦਿਆਂ ਕਿਹਾ, "ਮੈਂ ਵੈਨੇਜ਼ੂਏਲਾ ਦਾ ਰਾਸ਼ਟਰਪਤੀ ਨਿਕੋਲਸ ਮਦੂਰੋ ਹਾਂ, ਮੈਨੂੰ ਅਮਰੀਕਾ ਵੱਲੋਂ ਕਿਡਨੈਪ ਕੀਤਾ ਗਿਆ ਹੈ।"

ਇਹ ਕਾਰਵਾਈ ਜਿਸ ਤਰ੍ਹਾਂ ਅਤੇ ਜਿਸ ਸਟਾਈਲ ਵਿੱਚ ਕੀਤੀ ਗਈ ਹੈ, ਇਸ ਵਿੱਚ ਇਜ਼ਰਾਇਲੀ ਖ਼ੁਫੀਆ ਏਜੰਸੀ 'ਮੋਸਾਦ' ਦੀ ਮਿਲੀ ਭੁਗਤ ਅਤੇ ਯੋਜਨਾਬੰਦੀ ਸਾਫ




ਵਿਖਾਈ ਦਿੰਦੀ ਹੈ। ਵੈਨੇਜ਼ੂਏਲਾ ਦੀ ਨਵੀਂ ਰਾਸ਼ਟਰਪਤੀ ਡੈਲਸੀ ਰੋਡਰਿਗਜ਼ ਨੇ ਇਹ ਗੱਲ ਆਪਣੇ ਇੱਕ ਬਿਆਨ ਵਿੱਚ ਕਹੀ ਵੀ ਹੈ। ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਾਰਵਾਈ ਤੋਂ ਬਾਅਦ ਦਿੱਤੇ ਗਏ ਆਪਣੇ ਬਿਆਨ ਵਿੱਚ ਕਿਹਾ ਕਿ ਡੈਲਸੀ ਅਮਰੀਕੀ ਯੋਜਨਾ ਅਨੁਸਾਰ ਕੰਮ ਕਰੇਗੀ। ਜਦਕਿ ਰਾਸ਼ਟਰਪਤੀ ਦਾ ਅਹੁਦਾ ਸੰਭਾਲਣ ਤੋਂ ਬਾਅਦ ਡੈਲਸੀ ਰੋਡਗਰਿਜ਼ ਨੇ ਆਪਣੇ ਇੱਕ ਬਿਆਨ ਵਿੱਚ ਕਿਹਾ ਸੀ ਕਿ ਵੈਨੇਜ਼ੂਏਲਾ ਮੁੜ ਕੇ ਕਿਸੇ ਦੇਸ਼ ਦੀ ਬਸਤੀ ਨਹੀਂ ਬਣੇਗਾ। ਟਰੰਪ ਨੇ ਇਹ ਵੀ ਕਿਹਾ, ਅਸੀਂ ਡੈਲਸੀ ਰੋਡਗਰਿਜ਼ ਨਾਲ ਕਈ ਵਾਰ ਗੱਲਬਾਤ ਕੀਤੀ ਹੈ ਅਤੇ "ਉਹ ਚੀਜ਼ਾਂ ਨੂੰ ਸਮਝਦੀ ਹੈ।" ਇਸ ਤੋਂ ਇਹ ਵੀ ਲਗਦਾ ਹੈ ਕਿ ਮਦੂਰੋ ਦੇ ਅਧੀਨ ਕੰਮ ਕਰਨ ਵਾਲੀ ਇਸ ਉੱਪ ਰਾਸ਼ਟਰਪਤੀ ਅਤੇ ਅਮਰੀਕਾ ਵਿਚਕਾਰ ਕੋਈ ਸਾਜ਼ਬਾਜ਼ ਵੀ ਹੋਇਆ ਹੋ ਸਕਦਾ ਹੈ। ਡੈਲਸੀ ਅਤੇ ਉਸ ਦੇ ਸਾਥੀਆਂ ਵੱਲੋਂ ਵੈਨੇਜ਼ੂਏਲਾ ਦੇ ਮੁੜ ਬਸਤੀ ਨਾ ਬਣਨ ਜਿਹੇ ਆਜ਼ਾਦੀ ਪੱਖੀ ਬਿਆਨ ਲਗਦਾ ਹੈ ਕਿ ਲੋਕਾਂ ਦਾ ਦਿਲ ਰੱਖਣ ਲਈ ਦਿੱਤੇ ਜਾ ਰਹੇ ਹਨ। ਉਂਝ ਦੇਸ਼ ਨੂੰ ਅੱਗੇ ਦਿਸ਼ਾ ਦੇਣ ਲਈ ਰੋਡਗਰਿਜ਼ ਨੇ ਬ੍ਰਾਜ਼ੀਲ, ਕੋਲੰਬੀਆ ਅਤੇ ਸਪੇਨ ਦੇ ਪ੍ਰਤੀਨਿਧਾਂ ਨਾਲ ਸਲਾਹ ਮਸ਼ਵਰਾ ਕੀਤਾ ਹੈ। ਇਸ ਤੋਂ ਇਲਾਵਾ ਵੈਨੇਜ਼ੂਏਲਾ ਦੀ ਨਵੀਂ ਐਕਟਿੰਗ ਰਾਸ਼ਟਰਪਤੀ ਅਮਰੀਕਾ ਨਾਲ ਕੂਟਨੀਤਿਕ ਸੰਬੰਧ ਪੁਨਰ ਸਥਾਪਤ ਕਰਨ ਲਈ ਵੀ ਵਿਚਾਰ ਕਰ ਰਹੀ ਹੈ।

ਉਧਰ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਹ ਧਮਕੀ ਵੀ ਦਿੱਤੀ ਹੈ ਕਿ ਵੈਨੇਜ਼ੂਏਲਾ ਜੇ ਸਾਡੀ ਯੋਜਨਾ ਅਨੁਸਾਰ ਕੰਮ ਨਹੀਂ ਕਰੇਗਾ ਤਾਂ ਮੁੜ ਵੱਡੀ ਕਾਰਵਾਈ ਕੀਤੀ ਜਾ ਸਕਦੀ ਹੈ। ਰਾਸ਼ਟਰਪਤੀ ਟਰੰਪ ਨੇ ਇਸ ਕਾਰਵਾਈ ਦੇ ਮਕਸਦ ਬਾਰੇ ਕੋਈ ਲੁਕ-ਲੁਕਾ ਵੀ ਨਹੀਂ ਰੱਖਿਆ। ਉਨ੍ਹਾਂ ਕਿਹਾ ਹੈ ਕਿ ਮਦੂਰੋ ਨੂੰ ਹਿਰਾਸਤ ਵਿੱਚ ਲੈਣ ਤੋਂ ਬਾਅਦ ਵੈਨੇਜ਼ੂਏਲਾ ਦਾ ਸਾਰਾ ਤੇਲ ਉਨ੍ਹਾਂ ਦਾ ਹੋ ਗਿਆ ਹੈ। ਹੁਣ ਅਮਰੀਕੀ ਕੰਪਨੀਆਂ ਇਸ ਤੋਂ ਪੈਸਾ ਬਣਾਉਣਗੀਆਂ, ਜਿਸ ਨੂੰ ਅਮਰੀਕਾ ਅਤੇ ਵੈਨੇਜ਼ੂਏਲਾ ਦੇ ਲੋਕਾਂ ਦਾ ਜੀਵਨ ਸੁਧਾਰਨ ਲਈ ਵੀ ਵਰਤਿਆ ਜਾਵੇਗਾ।

ਵੈਨੇਜ਼ੂਏਲਾ ਦੇ ਸਾਬਕਾ ਰਾਸ਼ਟਰਪਤੀ ਨਿਕੋਲਸ ਮਦੂਰੋ ਦੀ ਗ੍ਰਿਫਤਾਰੀ 'ਤੇ ਦੁਨੀਆਂ ਪੱਧਰ 'ਤੇ ਵੀ ਮਿਲੀ-ਜੁਲੀ ਪ੍ਰਤੀਕਿਰਿਆ ਵੇਖਣ ਨੂੰ ਮਿਲੀ। ਇਸ ਘਟਨਾਕ੍ਰਮ 'ਤੇ ਜਿੱਥੇ ਭਾਰਤ ਅਤੇ ਯੂਰਪ ਨੇ ਚੁੱਪ ਵੱਟ ਲਈ ਹੈ, ਉਥੇ ਰੂਸ, ਚੀਨ, ਉੱਤਰੀ ਕੋਰੀਆ, ਕਿਊਬਾ, ਕੋਲੰਬੀਆ ਅਤੇ ਇਰਾਨ ਜਿਹੇ ਮੁਲਕਾਂ ਨੇ ਇਸ ਦੀ ਨਿਖੇਧੀ ਕੀਤੀ ਹੈ। ਅਮਰੀਕਾ ਅਤੇ ਇਜ਼ਰਾਇਲ ਦੇ ਲੋਕਾਂ ਨੇ ਇਸ ਕਾਰਵਾਈ ਦੀ ਸਰਾਹਨਾ ਕੀਤੀ ਹੈ। ਅਮਰੀਕਾ ਮਦੂਰੋ ਨੂੰ ਕਾਰਕਸ ਵਿੱਚੋਂ ਚੁੱਕ ਲੈਣ ਨੂੰ ਆਪਣੇ ਸੁਰੱਖਿਆ ਦਸਤਿਆਂ ਦੀ ਵੱਡੀ ਅਤੇ ਤੇਜ਼ ਤਰਾਰ ਕਾਰਵਾਈ ਦੱਸ ਕੇ ਵਡਿਆ ਰਿਹਾ ਹੈ। ਉਸ ਅਨੁਸਾਰ ਅਮਰੀਕਾ ਦੇ ਇਲਾਵਾ ਦੁਨੀਆਂ ਦਾ ਕੋਈ ਹੋਰ ਮੁਲਕ ਇਸ ਕਿਸਮ ਦੀ ਕਾਰਵਾਈ ਕਰਨ ਦੇ ਸਮਰੱਥ ਨਹੀਂ ਹੈ। ਅਮਰੀਕਾ ਵੱਲੋਂ ਕੀਤੀ ਗਈ ਕਾਰਵਾਈ ਦਾ ਵਿਰੋਧ ਕਰ ਰਹੇ ਮੁਲਕਾਂ ਦਾ ਆਖਣਾ ਹੈ ਕਿ ਅਮਰੀਕਾ ਨੇ ਸਾਰੇ ਕੌਮਾਂਤਰੀ ਕਾਨੂੰਨਾਂ ਨੂੰ ਛਿੱਕੇ ਟੰਗ ਕੇ ਇਹ ਕਾਰਵਾਈ ਕੀਤੀ ਹੈ। ਕਿਸੇ ਖੁਦਮੁਖਤਾਰ (ਸਾਵਰਨ) ਮੁਲਕ ਦੇ ਰਾਸ਼ਟਰਪਤੀ 'ਤੇ ਹਮਲਾ ਕਰਕੇ ਉਸ ਨੂੰ ਉਹਦੇ ਬੈੱਡਰੂਮ ਵਿੱਚੋਂ ਗ੍ਰਿਫਤਾਰ ਕਰਨਾ ਕੌਮਾਂਤਰੀ ਕਾਨੂੰਨਾਂ ਦੀ ਉਲੰਘਣਾ ਹੈ ਅਤੇ ਇਹ ਇੱਕ ਆਜ਼ਾਦ ਦੇਸ਼ ਦੀ ਪ੍ਰਭੂਸੱਤਾ 'ਤੇ ਹਮਲਾ ਹੈ।

ਵੱਡੀ ਗੱਲ ਇਹ ਕਿ ਅਮਰੀਕਾ ਵੱਲੋਂ ਵੈਨੇਜ਼ੂਏਲਾ

⇒ ਬਾਕੀ ਸਫਾ 7 ਉਤੇ ਪੜ੍ਹੋ

# ਲੋਹੜੀ ਦੇ ਤਿਓਹਾਰ ਦੀਆਂ ਸਭਨਾਂ ਨੂੰ ਬਹੁਤ ਬਹੁਤ ਵਧਾਈਆਂ

SWERA Women Support Group
ਸਵੇਰਾ
SIKH WOMEN ERA
Proudly Promotes
www.sweraus a.org FB page swerausa
Teamswera@gmail.com 501(c)(3)

*Team Swera is committed to participate in Palatine Gurdwara's Interior Kar Sewa.*

ਸੁੰਦਰ ਮੁੰਦਰੀਏ...ਹੋ, ਤੇਰਾ ਕੌਣ ਵਿਚਾਰਾ...ਹੋ

## 'ਸਵੇਰਾ' ਪਰਿਵਾਰਕ ਲੋਹੜੀ

## SWERA COMMUNITY LOHRI

## February 7th, 2026

Saturday 5pm onwards

**Atlantis Banquets** 1273 North Rand Road, Arlington Heights, IL 60004



Rav Inder
*(Main Singer)*



Manmeet
*(Singer)*



Avni Singh
*(Singer)*



Minoo
*(Singer)*



Gurleen Kaur
*(MC)*



Kiran
*(MC)*

## General Entry $35 PP

*Entertainment and Food included*
*(Kids under 5 are free.)*

**Vendors Slots are available $175**

**Donation Accepted**

Celebration of newborn kids, the newly wedded couples Lohri Blessings.

**Join us and enjoy:**

Folk Songs, Dancing Skits, Musical Performance and Much More.



ਲੋਹੜੀ ਹਰ ਜੀਅ ਦੀ,
ਪੁੱਤ ਦੀ ਨਾਲੇ ਧੀ ਦੀ।
ਲੋਹੜੀ ਨਵੇਂ ਜਵਾਈ ਦੀ,
ਸੋਹਣੀ ਨੂੰਹ ਘਰ ਆਈ ਧੀ।
ਲੋਹੜੀ ਖੁਸ਼ੀ ਮਨਾਉਣ ਦੀ,
ਬੇਟਾ-ਬੇਟੀ ਵਿਆਹੁਣ ਦੀ।

**DJ RJB**

**Photographer: Asian Media**

ਮੂੰਗਫਲੀਆਂ, ਗੱਚਕ ਅਤੇ ਰਿਓੜੀਆਂ ਦੀ ਸੇਵਾ ਸਲਵਾਨ ਟਰੇਡਿੰਗ ਇੰਕ ਵੱਲੋਂ

## Please Contact:

| | | |
|---|---|---|
| Jasbir K. Mann 847-890-2390 | Baljeet Athwal 847-809-2202 | Narinder Kaur 312-622-2943 |
| Kirpal K. Lall 630-664-3816 | Rimple Dogra 224-607-5097 | Gurpreet K Singh 630-677-6144 |
| Sukhvir Dhillon 847-852-0666 | Kulwant Parmar 630-819-0647 | Amarjeet Kaur 317-551-1794 |
| Dimpy Kaur 847-312-4002 | Rajwinder Kaur 847-643-6362 | Anureet Dhillon 847-454-4062 |
| Manjind Brar 224-605-4018 | Pammi Vohra 847-312-9318 | Aman Dhillon 847-529-4569 |
| Nikki Sekhon 773-443-2720 | Sukhdeep Walia 847-877-1857 | Shinder Sidhu 630-828-4951 |

**Supporters (ਸਹਿਯੋਗੀ ਸਹੇਲੀਆਂ):** Laddi K Singh, Kamal sahota, Amrit Kaur, Parabh Khaira, Pammi Sangha, Jeevan Dhami, Jeeti Midda, Joti Khaira, Sydney Smith, Mandeep Mann, Beant K Virk, Sukhjit Kahlon, Amarjit Kaur, Harjinder Kaur, Salma Mukhi, Harpreet Sidhu, Ramandeep Saini, Rajvir Kular, Paramjit Bhathal, Narinder Rangi, Bhupinder Dhanoa, Pooja Dhaliwal, Rubina Tahir, Sharanveer Kahlon, Charanjeet Kahlon, Deepak Gill, Seerat Kaler, Mona Bhalla, Pradeep, Jaggi, Balwinder Aulakh, Manjit Mangat, Jasleen, Jeetu Kaur, Ginny Jolly, Sukhwinder Kaur, Prachi Jetli, Prem, Preet Kaur, Jassi, Shilpa, Anudeep, Ravinder, Neelam, Paramjit, Raj Dhaliwal, Serbjit Kaur

Food will be provided by 'Touch of Spice' K.K. Pamma

Touch Of Spice
KK Catering
Authentic Indian Cuisine

ਮਿਡਵੈਸਟ ਦੀਆਂ ਸਾਰੀਆਂ ਸਭਿਆਚਾਰਕ ਤੇ ਖੇਡ ਸੰਸਥਾਵਾਂ ਅਤੇ ਸਮੂਹ ਮੀਡੀਏ ਦੇ ਸਹਿਯੋਗ ਨਾਲ

***To celebrate, participate and support the program.***

**It's a family program. We will be celebrating newborn kids and newlywed couples of 2025. If you know the families of newborn kids and newlywed couples, please let us know and let them know. We will be celebrating together. All the business vendors, it is your time to showcase your product, at the Swera Community Lohri 2026**

# ਨਿਊਜ਼ੀਲੈਂਡ ਵਿੱਚ ਦੂਜੀ ਵਾਰ ਨਗਰ ਕੀਰਤਨ ਦਾ ਵਿਰੋਧ

## *ਕੀਵੀ ਗਰੁੱਪ ਨੇ ਹਾਕਾ ਡਾਂਸ ਕੀਤਾ *ਸਿੱਖ ਨੌਜਵਾਨਾਂ ਵਲੋਂ ਸ਼ਾਂਤੀਪੂਰਵਕ ਨਗਰ ਕੀਰਤਨ

ਪੰਜਾਬੀ ਪਰਵਾਜ਼ ਬਿਊਰੋ

ਨਿਊਜ਼ੀਲੈਂਡ ਵਿੱਚ ਸਿੱਖ ਭਾਈਚਾਰੇ ਦੇ ਨਗਰ ਕੀਰਤਨ ਨੂੰ ਇੱਕ ਵਾਰ ਫਿਰ ਵਿਰੋਧ ਦਾ ਸਾਹਮਣਾ ਕਰਨਾ ਪਿਆ ਹੈ। ਇਹ 20 ਦਿਨਾਂ ਵਿੱਚ ਦੂਜੀ ਵਾਰ ਹੈ, ਜਦੋਂ ਸਥਾਨਕ ਗਰੁੱਪ ਨੇ ਇਸ ਧਾਰਮਿਕ ਪ੍ਰਦਰਸ਼ਨ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਪਿਛਲੀ ਵਾਰ ਦੱਖਣੀ ਆਕਲੈਂਡ ਦੇ ਮੈਨੂਰੇਵਾ ਉਪਨਗਰ ਵਿੱਚ ਵਿਰੋਧੀਆਂ ਨੇ ਨਗਰ ਕੀਰਤਨ ਨੂੰ ਪੂਰੀ ਤਰ੍ਹਾਂ ਰੋਕ ਦਿੱਤਾ ਸੀ, ਪਰ ਇਸ ਵਾਰ ਟੌਰੰਗਾ ਸ਼ਹਿਰ ਵਿੱਚ ਹੋਏ ਵਿਰੋਧ ਦੇ ਬਾਵਜੂਦ ਸਿੱਖ ਨੌਜਵਾਨਾਂ ਨੇ ਸ਼ਾਂਤੀਪੂਰਵਕ ਨਗਰ ਕੀਰਤਨ ਪੂਰਾ ਕੀਤਾ। ਵਿਰੋਧ ਵਿੱਚ ਡੈਸਟੀਨੀ ਚਰਚ ਨਾਲ ਜੁੜੇ ਬ੍ਰਾਇਨ ਤਾਮਾਕੀ ਦੇ ਸਮੂਹ ਨੇ ਰਵਾਇਤੀ ਮਾਓਰੀ ਹਾਕਾ ਨਾਚ ਕੀਤਾ ਅਤੇ ਨਾਅਰੇ ਲਗਾਏ। ਇਹ ਘਟਨਾ ਨਿਊਜ਼ੀਲੈਂਡ ਦੇ ਬਹੁ-ਸੱਭਿਆਚਾਰਕ ਸਮਾਜ ਵਿੱਚ ਤਣਾਅ ਨੂੰ ਵਧਾ ਰਹੀ ਹੈ।

ਨਗਰ ਕੀਰਤਨ ਸਿੱਖ ਧਰਮ ਦੀ ਇੱਕ ਮਹੱਤਵਪੂਰਨ ਰਸਮ ਹੈ, ਜੋ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਵਸ ਜਾਂ ਹੋਰ ਧਾਰਮਿਕ ਮੌਕਿਆਂ ਉੱਤੇ ਕੀਤੀ ਜਾਂਦੀ ਹੈ। ਇਸ ਵਿੱਚ ਗੁਰਬਾਣੀ ਕੀਰਤਨ, ਨਗਰ ਕੀਰਤਨ ਅਤੇ ਖਾਲਸਾ ਪੰਥ ਦੇ ਨਿਸ਼ਾਨ ਸਾਹਿਬ ਵਰਗੇ ਝੰਡੇ ਲਹਿਰਾਏ ਜਾਂਦੇ ਹਨ। ਨਿਊਜ਼ੀਲੈਂਡ ਵਿੱਚ ਸਿੱਖ ਭਾਈਚਾਰਾ ਆਪਣੇ ਇਸ ਸੱਭਿਆਚਾਰ ਨੂੰ ਜੀਉਂਦਾ ਰੱਖਣ ਲਈ ਹਰ ਸਾਲ ਅਜਿਹੇ ਪ੍ਰਦਰਸ਼ਨ ਕਰਦਾ ਹੈ; ਪਰ ਇਸ ਵਾਰ ਟੌਰੰਗਾ ਵਿੱਚ ਜਿਵੇਂ ਹੀ ਨਗਰ ਕੀਰਤਨ ਗਲੀਆਂ ਵਿੱਚੋਂ ਲੰਘ ਰਿਹਾ ਸੀ, ਤਾਮਾਕੀ ਦੇ ਸਮਰਥਕਾਂ ਨੇ ਇੱਕ ਪਾਰਕ ਵਿੱਚ ਇਕੱਠੇ ਹੋ ਕੇ ਹਾਕਾ ਨਾਚ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ ਤਲਵਾਰਾਂ ਅਤੇ ਝੰਡਿਆਂ ਨੂੰ ਵੇਖ ਕੇ ਗੁੱਸੇ ਵਿੱਚ ਆ ਕੇ ਨਾਅਰੇ ਲਗਾਏ: "ਇਹ ਕਿਸ ਦੀਆਂ ਗਲੀਆਂ ਹਨ? ਇਹ ਸਾਡੀਆਂ ਗਲੀਆਂ ਹਨ। ਇੱਥੇ ਤਲਵਾਰਾਂ ਅਤੇ ਝੰਡੇ ਇੰਨੀ ਖੁੱਲ੍ਹ ਕੇ ਲਹਿਰਾਉਣ ਦੀ ਇਜਾਜ਼ਤ ਕਿਸਨੇ ਦਿੱਤੀ?" ਉਨ੍ਹਾਂ ਨੇ ਅੱਗੇ ਕਿਹਾ, "ਅਸੀਂ ਆਪਣੇ ਸੱਭਿਆਚਾਰ ਨੂੰ ਇਸ ਤਰ੍ਹਾਂ ਤਬਾਹ ਨਹੀਂ ਹੋਣ ਦੇਵਾਂਗੇ। ਅਸੀਂ ਕਿਸੇ ਨੂੰ ਵੀ ਆਪਣੇ ਦੇਸ਼ ਦੇ ਸੱਭਿਆਚਾਰ ਨੂੰ ਤਬਾਹ ਕਰਨ ਲਈ ਆਪਣੀਆਂ ਗਲੀਆਂ ਦੀ ਵਰਤੋਂ ਕਰਨ ਦੀ ਇਜਾਜ਼ਤ ਨਹੀਂ ਦੇਵਾਂਗੇ।"

ਹਾਕਾ ਨਾਚ ਨਿਊਜ਼ੀਲੈਂਡ ਦੇ ਮਾਓਰੀ ਸੱਭਿਆਚਾਰ ਦਾ ਇੱਕ ਅਹਿਮ ਹਿੱਸਾ ਹੈ। ਇਹ ਇੱਕ ਰਵਾਇਤੀ ਯੁੱਧ ਨਾਚ ਜਾਂ ਚੁਣੌਤੀ ਵਾਲਾ ਨਾਚ ਹੈ, ਜੋ ਸਮੂਹਿਕ ਭਾਵਨਾ, ਏਕਤਾ ਅਤੇ ਪ੍ਰਤੀਰੋਧ ਨੂੰ ਪ੍ਰਗਟ ਕਰਨ ਲਈ ਵਰਤਿਆ ਜਾਂਦਾ ਹੈ। ਮਾਓਰੀ ਭਾਈਚਾਰੇ ਵਿੱਚ ਹਾਕਾ ਨੂੰ ਸਵਾਗਤ ਸਮਾਰੋਹਾਂ, ਖੇਡਾਂ (ਜਿਵੇਂ ਰਗਬੀ ਵਿੱਚ ਆਲ ਬਲੈਕਸ ਦਾ ਪ੍ਰਸਿੱਧ ਹਾਕਾ), ਸੱਭਿਆਚਾਰਕ ਸਮਾਗਮਾਂ ਅਤੇ ਵਿਰੋਧ ਪ੍ਰਦਰਸ਼ਨਾਂ ਵਿੱਚ ਵਰਤਿਆ ਜਾਂਦਾ ਹੈ। ਇਸ ਵਿੱਚ ਉੱਚੀ ਆਵਾਜ਼, ਪੈਰਾਂ ਦੀ ਥਪਥਪਾਹਟ, ਹੱਥਾਂ ਦੀਆਂ ਹਰਕਤਾਂ ਅਤੇ ਭਾਵਪੂਰਨ ਚਿਹਰੇ ਹੁੰਦੇ ਹਨ; ਪਰ ਵਿਰੋਧ ਵਿੱਚ ਵਰਤੋਂ ਨਾਲ ਇਹ ਵਿਵਾਦ ਪੈਦਾ ਕਰਦਾ ਹੈ, ਕਿਉਂਕਿ ਮਾਓਰੀ ਭਾਈਚਾਰਾ ਮੰਨਦਾ ਹੈ ਕਿ ਹਾਕਾ ਨੂੰ ਸਹੀ ਸੰਦਰਭ ਅਤੇ ਸਨਮਾਨ ਨਾਲ ਕਰਨਾ ਚਾਹੀਦਾ ਹੈ। ਹਾਲ ਹੀ ਵਿੱਚ, ਨਵੰਬਰ 2024 ਵਿੱਚ ਨਿਊਜ਼ੀਲੈਂਡ ਪਾਰਲੀਮੈਂਟ ਵਿੱਚ ਮਾਓਰੀ ਸੰਸਦ ਮੈਂਬਰਾਂ ਨੇ ਟ੍ਰੀਟੀ ਆਫ਼ ਵੇਟੰਗੀ ਬਿੱਲ ਵਿਰੁੱਧ ਹਾਕਾ ਕੀਤਾ ਸੀ, ਜੋ ਵਾਇਰਲ ਹੋ ਗਿਆ ਅਤੇ ਮਾਓਰੀ ਅਧਿਕਾਰਾਂ ਲਈ ਇੱਕ ਪ੍ਰਤੀਕ ਬਣ ਗਿਆ। ਇਸ ਤਰ੍ਹਾਂ ਦੇ ਵਿਰੋਧ ਵਿੱਚ ਹਾਕਾ ਨੂੰ ਵਰਤਣ ਨਾਲ ਬਹੁ-ਸੱਭਿਆਚਾਰਕ ਸਮਾਜ ਵਿੱਚ ਤਣਾਅ ਵਧਦਾ ਹੈ।

ਇਸ ਵਿਰੋਧ ਨੂੰ ਲੀਡ ਕਰਨ ਵਾਲਾ ਬ੍ਰਾਇਨ ਤਾਮਾਕੀ ਨਿਊਜ਼ੀਲੈਂਡ ਦਾ ਇੱਕ ਵਿਵਾਦਿਤ ਧਾਰਮਿਕ ਨੇਤਾ ਹੈ। ਉਹ ਡੈਸਟੀਨੀ ਚਰਚ ਦਾ ਸੰਸਥਾਪਕ ਹੈ, ਜੋ ਇੱਕ ਫੰਡਾਮੈਂਟਲਿਸਟ ਈਸਾਈ ਸੰਗਠਨ ਹੈ ਅਤੇ ਅਕਸਰ ਇਸ ਨੂੰ 'ਕਲਟ' ਵੀ ਕਿਹਾ ਜਾਂਦਾ ਹੈ। ਤਾਮਾਕੀ ਨੇ ਆਪਣੇ ਚਰਚ ਨੂੰ ਸਾਲ 2000 ਵਿੱਚ ਸਥਾਪਿਤ ਕੀਤਾ ਸੀ ਅਤੇ ਇਹ ਆਕਲੈਂਡ ਵਿੱਚ ਵੱਡਾ ਚਰਚ ਹੈ। ਉਹ ਅਕਸਰ ਵਿਰੋਧੀ ਪ੍ਰਦਰਸ਼ਨਾਂ ਵਿੱਚ ਸਾਹਮਣੇ ਆਉਂਦੇ ਹਨ- ਚਾਹੇ ਉਹ ਐਲ.ਐਲ.ਜੀ.ਬੀ.ਟੀ.ਕਿਊ. ਕਮਿਊਨਿਟੀ ਵਿਰੁੱਧ ਹੋਵੇ, ਵੈਕਸੀਨੇਸ਼ਨ ਅਤੇ ਲਾਕਡਾਊਨ ਵਿਰੁੱਧ ਹੋਵੇ ਜਾਂ ਇਮੀਗ੍ਰੇਸ਼ਨ ਵਿਰੁੱਧ। 2016 ਵਿੱਚ ਉਨ੍ਹਾਂ ਨੇ ਭੁਚਾਲ ਨੂੰ 'ਹੋਮੋਸੈਕਸ਼ੁਅਲਿਟੀ' ਨਾਲ ਜੋੜ ਕੇ ਵਿਵਾਦ ਪੈਦਾ ਕੀਤਾ ਸੀ। 2021 ਵਿੱਚ ਕੋਵਿਡ ਲਾਕਡਾਊਨ ਵਿਰੁੱਧ ਉਨ੍ਹਾਂ ਨੇ ਵੱਡੇ ਪ੍ਰਦਰਸ਼ਨ ਕੀਤੇ ਅਤੇ ਜ਼ੁਰਮਾਨਾ ਵੀ ਭੁਗਤਿਆ। ਸਾਲ 2024 ਵਿੱਚ ਉਨ੍ਹਾਂ ਦੇ ਇੱਕ ਚੇਲੇ ਨੂੰ ਯੂਥ ਗਰੁੱਪ ਵਿੱਚ ਲੜਕੀਆਂ ਨਾਲ ਜਿਨਸੀ ਸ਼ੋਸ਼ਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ। ਤਾਮਾਕੀ ਨੂੰ ਅਕਸਰ ਨਸਲਵਾਦੀ ਅਤੇ ਵਿਦੇਸ਼ੀਆਂ ਵਿਰੁੱਧ ਬੋਲਣ ਲਈ ਜਾਣਿਆ ਜਾਂਦਾ ਹੈ। ਉਨ੍ਹਾਂ ਨੇ ਪਹਿਲਾਂ ਮੁਸਲਿਮਾਂ ਤੇ ਹੁਣ ਸਿੱਖਾਂ ਨੂੰ ਨਿਸ਼ਾਨਾ ਬਣਾਇਆ ਹੈ। ਉਹ ਕਹਿੰਦੇ ਹਨ ਕਿ ਇਹ ਨਿਊਜ਼ੀਲੈਂਡ ਦੀ 'ਈਸਾਈ ਪਛਾਣ' ਨੂੰ ਖ਼ਤਰੇ ਵਿੱਚ ਪਾ ਰਹੇ ਹਨ। ਉਨ੍ਹਾਂ ਦਾ 'ਟਰੂ ਪੈਟ੍ਰਿਅਟਸ' ਗਰੁੱਪ ਇਸ ਵਿਰੋਧ ਵਿੱਚ ਅੱਗੇ ਰਿਹਾ ਹੈ।

ਨਿਊਜ਼ੀਲੈਂਡ ਵਿੱਚ ਸਿੱਖ ਭਾਈਚਾਰਾ ਬਹੁਤ ਪੁਰਾਣਾ ਅਤੇ ਮਜਬੂਤ ਹੈ। 1840 ਦੇ ਦਹਾਕੇ ਵਿੱਚ ਇੱਥੇ ਪਹਿਲੇ ਸਿੱਖ ਵਪਾਰੀ ਆਏ ਸਨ, ਜਦੋਂ ਵੇਟੰਗੀ ਟ੍ਰੀਟੀ ਹੋਈ ਸੀ। 1964 ਵਿੱਚ ਨਿਊਜ਼ੀਲੈਂਡ ਸਿੱਖ ਸੁਸਾਇਟੀ ਬਣੀ, ਜੋ ਧਾਰਮਿਕ ਸਿੱਖਿਆ ਅਤੇ ਸਮਾਗਮਾਂ ਲਈ ਕੰਮ ਕਰਦੀ ਹੈ। 2013 ਵਿੱਚ ਸਿੱਖਾਂ ਦੀ ਗਿਣਤੀ 19 ਹਜ਼ਾਰ ਸੀ, ਜੋ 2023 ਤੱਕ ਵਧ ਕੇ 53,406 ਹੋ ਗਈ- ਯਾਨੀ ਕੁੱਲ ਆਬਾਦੀ ਦਾ 1.1 ਫ਼ੀਸਦੀ। ਆਕਲੈਂਡ ਅਤੇ ਵੈਲਿੰਗਟਨ ਵਿੱਚ ਜ਼ਿਆਦਾਤਰ ਸਿੱਖ ਰਹਿੰਦੇ ਹਨ, ਜੋ ਪੰਜਾਬ ਤੋਂ ਵਿਦਿਆਰਥੀਆਂ ਅਤੇ ਮਾਹਿਰ ਕਾਮਿਆਂ ਵਜੋਂ ਆਏ ਹਨ। ਉਹ ਨੌਕਰੀਆਂ, ਵਪਾਰ ਅਤੇ ਖੇਤੀਬਾੜੀ ਵਿੱਚ ਯੋਗਦਾਨ ਪਾਉਂਦੇ ਹਨ। 2019 ਦੇ ਕ੍ਰਾਈਸਟਚਰਚ ਮਸਜਿਦ ਹਮਲੇ ਤੋਂ ਬਾਅਦ ਸਿੱਖ ਭਾਈਚਾਰੇ ਨੇ ਮਾਓਰੀ ਅਤੇ ਹੋਰ ਭਾਈਚਾਰਿਆਂ ਨਾਲ ਏਕਤਾ ਦਿਖਾਈ; ਪਰ ਅਜਿਹੇ ਵਿਰੋਧ ਨਾਲ ਉਨ੍ਹਾਂ ਨੂੰ ਨਸਲਵਾਦ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਨਿਊਜ਼ੀਲੈਂਡ ਸਿੱਖ ਯੂਥ ਨੇ ਇੱਕ ਬਿਆਨ ਜਾਰੀ ਕਰ ਕੇ ਕਿਹਾ, "ਅਸੀਂ ਵੀ ਕੀਵੀ ਹਾਂ। ਇਹ ਨਾਲੰਦਾ ਨਹੀਂ, ਨਿਊਜ਼ੀਲੈਂਡ ਹੈ ਅਤੇ ਅਸੀਂ ਇਸ ਨੂੰ ਆਪਣਾ ਘਰ ਮੰਨਦੇ ਹਾਂ।"

ਪਿਛਲੀ ਘਟਨਾ ਲਗਭਗ 20 ਦਸੰਬਰ 2025 ਨੂੰ ਦੱਖਣੀ ਆਕਲੈਂਡ ਵਿੱਚ ਵਾਪਰੀ ਸੀ। ਨਾਨਕਸਰ ਸਿੱਖ ਗੁਰਦੁਆਰੇ ਵੱਲੋਂ ਆਯੋਜਿਤ ਨਗਰ ਕੀਰਤਨ ਨੂੰ ਟਰੂ ਪੈਟ੍ਰਿਅਟਸ ਗਰੁੱਪ ਨੇ ਹਾਕਾ ਡਾਂਸ ਨਾਲ ਰੋਕਿਆ। ਉਨ੍ਹਾਂ ਨੇ ਬੈਨਰ ਲਹਿਰਾਏ ਜਿਨ੍ਹਾਂ ਉੱਤੇ ਲਿਖਿਆ ਸੀ, "ਇਹ ਨਿਊਜ਼ੀਲੈਂਡ ਹੈ, ਭਾਰਤ ਨਹੀਂ" ਅਤੇ "ਨਿਊਜ਼ੀਲੈਂਡ ਨੂੰ ਨਿਊਜ਼ੀਲੈਂਡ ਹੀ ਰਹਿਣ ਦਿਓ, ਇਹ ਸਾਡੀ ਧਰਤੀ ਹੈ।" ਪ੍ਰਦਰਸ਼ਨਕਾਰੀਆਂ ਨੇ ਰਸਤਾ ਬੰਦ ਕਰ ਦਿੱਤਾ, ਪਰ ਪੁਲਿਸ ਨੇ ਦਖਲ ਦੇ ਕੇ ਰਸਤਾ ਖੋਲ੍ਹਿਆ ਅਤੇ ਸਿੱਖਾਂ ਨੂੰ ਅੱਗੇ ਵਧਣ ਦਿੱਤਾ। ਸਿੱਖਾਂ ਨੇ "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ" ਦੇ ਨਾਅਰੇ ਲਗਾਏ ਅਤੇ ਸ਼ਾਂਤੀ ਬਣਾਈ ਰੱਖੀ। ਇਸ ਘਟਨਾ ਵਿੱਚ ਕੋਈ ਹਿੰਸਾ ਨਹੀਂ ਹੋਈ, ਪਰ ਵੀਡੀਓ ਸੋਸ਼ਲ ਮੀਡੀਆ ਉੱਤੇ ਵਾਇਰਲ ਹੋ ਗਏ।

ਵਿਰੋਧੀਆਂ ਨੇ ਇੱਕ ਮੈਨੀਫੈਸਟੋ ਜਾਰੀ ਕੀਤਾ ਹੈ, ਜਿਸ ਵਿੱਚ 31 ਜਨਵਰੀ 2026 ਨੂੰ ਆਕਲੈਂਡ ਹਾਰਬਰ ਬ੍ਰਿਜ ਉੱਤੇ ਵੱਡਾ ਵਿਰੋਧ ਪ੍ਰਦਰਸ਼ਨ ਕਰਨ ਦੀ ਚੇਤਾਵਨੀ ਦਿੱਤੀ ਗਈ ਹੈ। ਉਨ੍ਹਾਂ ਨੇ ਮੰਗ ਕੀਤੀ ਹੈ ਕਿ ਸਰਕਾਰ ਨੇੜਲੇ ਭਵਿੱਖ ਵਿੱਚ ਬਾਹਰੀ ਭਾਈਚਾਰਿਆਂ ਨੂੰ ਵਾਪਸ ਭੇਜੇ ਅਤੇ ਨਿਊਜ਼ੀਲੈਂਡ ਨੂੰ ਈਸਾਈ ਨੀਂਹਾਂ ਉੱਤੇ ਫਿਰ ਖੜ੍ਹਾ ਕਰੇ। ਉਨ੍ਹਾਂ ਨੇ ਸਰਕਾਰ ਉੱਤੇ ਰਾਸ਼ਟਰੀ ਪਛਾਣ ਦੀ ਰੱਖਿਆ ਵਿੱਚ ਅਸਫਲਤਾ ਦਾ ਦੋਸ਼ ਲਗਾਇਆ ਹੈ। ਉਨ੍ਹਾਂ ਨੇ ਧਮਕੀ ਦਿੱਤੀ ਕਿ ਜੇਕਰ ਸਰਕਾਰ ਨੇ ਇਹ ਨਾ ਕੀਤਾ ਤਾਂ ਵੱਡਾ ਅੰਦੋਲਨ ਹੋਵੇਗਾ।

ਇਸ ਘਟਨਾ ਨਾਲ ਨਿਊਜ਼ੀਲੈਂਡ ਦੇ ਬਹੁ-ਸੱਭਿਆਚਾਰਕ ਸਮਾਜ ਵਿੱਚ ਚਰਚਾ ਛਿੜ ਗਈ ਹੈ। ਆਕਲੈਂਡ ਇੱਕ ਬਹੁ-ਸੱਭਿਆਚਾਰਕ ਸ਼ਹਿਰ ਹੈ, ਜਿੱਥੇ ਮਾਓਰੀ, ਪਾਕੇਹਾ (ਯੂਰਪੀਅਨ), ਏਸ਼ੀਅਨ ਅਤੇ ਪੈਸਿਫਿਕ ਆਈਲੈਂਡਰ ਭਾਈਚਾਰੇ ਰਹਿੰਦੇ ਹਨ। ਨਿਊਜ਼ੀਲੈਂਡ ਦੀ ਜਨਸੰਖਿਆ ਵਿੱਚ ਏਸ਼ੀਅਨ ਭਾਈਚਾਰਾ 15 ਫ਼ੀਸਦੀ ਤੱਕ ਪਹੁੰਚ ਗਿਆ ਹੈ; ਪਰ ਅਜਿਹੇ ਵਿਰੋਧ ਨਾਲ ਨਸਲਵਾਦ ਵਧ ਰਿਹਾ ਹੈ। ਨੌਜਵਾਨ ਮਾਓਰੀ ਸੰਸਦ ਮੈਂਬਰ ਹਾਨਾ-ਰਾਵਿਤੀ ਮਾਈਪੀ-ਕਲਾਰਕ ਨੇ ਇਸ ਨੂੰ ਲੈ ਕੇ ਟਿੱਪਣੀ ਕੀਤੀ ਹੈ। ਉਹ 2023 ਵਿੱਚ ਨਿਊਜ਼ੀਲੈਂਡ ਦੀ ਸਭ ਤੋਂ ਛੋਟੀ ਉਮਰ ਦੀ ਐੱਮ.ਪੀ. ਬਣੀ ਅਤੇ ਆਪਣੇ ਪਹਿਲੇ ਭਾਸ਼ਣ ਵਿੱਚ ਹਾਕਾ ਕੀਤਾ ਸੀ, ਜੋ ਵਾਇਰਲ ਹੋ ਗਿਆ। ਉਹ ਮਾਓਰੀ ਭਾਸ਼ਾ ਅਤੇ ਜ਼ਮੀਨ ਦੇ ਅਧਿਕਾਰਾਂ ਲਈ ਲੜਦੀਆਂ ਹਨ। ਉਨ੍ਹਾਂ ਨੇ ਕਿਹਾ ਹੈ ਕਿ ਹਾਕਾ ਏਕਤਾ ਦਾ ਪ੍ਰਤੀਕ ਹੈ, ਨਾ ਕਿ ਵਿਰੋਧ ਦਾ ਹਥਿਆਰ। ਪੁਲਿਸ ਨੇ ਇਸ ਵਾਰ ਵੀ ਸੁਰੱਖਿਆ ਯਕੀਨੀ ਬਣਾਈ ਅਤੇ ਕਿਹਾ ਕਿ ਅਜਿਹੇ ਪ੍ਰਦਰਸ਼ਨਾਂ ਵਿੱਚ ਸ਼ਾਂਤੀ ਬਣਾਈ ਰੱਖਣੀ ਚਾਹੀਦੀ ਹੈ।

ਇਹ ਘਟਨਾਵਾਂ ਨਿਊਜ਼ੀਲੈਂਡ ਦੇ ਬਹੁ-ਸੱਭਿਆਚਾਰਕ ਰੂਪ ਨੂੰ ਚੁਣੌਤੀ ਦੇ ਰਹੀਆਂ ਹਨ। ਸਰਕਾਰ ਨੂੰ ਅਜਿਹੇ ਵਿਰੋਧਾਂ ਨੂੰ ਨਿਯੰਤ੍ਰਿਤ ਕਰਨ ਲਈ ਕਾਨੂੰਨੀ ਕਦਮ ਚੁੱਕਣੇ ਪੈਣਗੇ। ਸਿੱਖ ਭਾਈਚਾਰੇ ਨੇ ਏਕਤਾ ਦਿਖਾਈ ਹੈ ਅਤੇ ਕਿਹਾ ਹੈ ਕਿ ਉਹ ਨਿਊਜ਼ੀਲੈਂਡ ਨੂੰ ਆਪਣਾ ਘਰ ਮੰਨਦੇ ਹਨ ਅਤੇ ਸ਼ਾਂਤੀ ਨਾਲ ਰਹਿਣਗੇ। ਭਵਿੱਖ ਵਿੱਚ ਅਜਿਹੇ ਵਿਰੋਧ ਵਧਣ ਨਾਲ ਸਮਾਜ ਵਿੱਚ ਵੰਡ ਪੈਦਾ ਹੋ ਸਕਦੀ ਹੈ, ਇਸ ਲਈ ਸੰਵਾਦ ਅਤੇ ਸਿੱਖਿਆ ਦੀ ਲੋੜ ਹੈ।







## Matrimonial

**Jat Sikh Grewal family looking for a compatible match for their US born and raised sweet, homely MD working daughter, age 31, height 5'-9", preferably US born and raised doctor or other compatible profession. Height 6' plus please.**

**Contact 414-737-8624 via text and/or What'sApp only to begin with/email at: ranigrewal72@gmail.com**



HARBIRINDER VIRK
Mortgage Loan Officer

ratebeat MORTGAGE

847-942-9046
harbirv@gmail.com
MLS ID: 2212343

Call For All Your Mortgage Lending Needs!


## ਜ਼ਰੂਰੀ

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।


**Punjabi Parwaz LLC - DBA Punjabi Parwaz**

**Address:**
827 E. Kings Row, Unit# 7, Palatine, IL 60074

**Managed by:**
Anureet Kaur & Kuljeet Singh

**Punjab Incharge:**
Jasvir Singh Mangat

'ਪੰਜਾਬੀ ਪਰਵਾਜ਼' ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ



Punjabi Parwaz ਪੰਜਾਬੀ ਪਰਵਾਜ਼ ਬੋਰਡ ਮੈਂਬਰ

| | |
|---|---|
| ਬਲਵਿੰਦਰ ਸਿੰਘ (ਬੌਬ) ਸੰਧੂ | ਗੁਰਵਿੰਦਰ ਸਿੰਘ ਬੱਬੂ (ਐਪਲਟਨ) |
| ਦਵਿੰਦਰ ਸਿੰਘ ਰੰਗੀ | ਬਿਕਰਮ ਸਿੰਘ ਸਿੱਧੂ |
| ਮਨਜਿੰਦਰ ਸਿੰਘ (ਮੈਕ) ਭਮਰਾ | ਪਰਮਜੀਤ ਸਿੰਘ ਸਿੱਧੂ (ਮਹਿਰਾਜ) |
| ਗੁਰਿੰਦਰਜੀਤ ਸਿੰਘ ਗਰੇਵਾਲ | ਮਨਮਿੰਦਰ ਸਿੰਘ ਹੀਰ |
| ਦੀਦਾਰ ਸਿੰਘ ਧਨੋਆ | ਬਲਜੀਤ ਸਿੰਘ ਸਿੱਧੂ (ਫਲੋਰਿਡਾ) |
| ਯਾਦਵਿੰਦਰ ਸਿੰਘ (ਰਿੰਪੀ) ਖੱਟੜਾ | ਮਿੰਨੀ ਮੁਲਤਾਨੀ |
| ਅਮਰਜੀਤ ਸਿੰਘ ਢੀਂਡਸਾ | ਗੁਰਪ੍ਰੀਤ ਕੇ. ਸਿੰਘ |
| ਜੋਧ ਸਿੰਘ ਸਿੱਧੂ | ਲਾਲੀ ਧਾਲੀਵਾਲ (ਮਿਸ਼ੀਗਨ) |
| ਬੇਅੰਤ ਸਿੰਘ ਬੈਪਾਰਾਏ | ਜਗਜੀਤ ਸਿੰਘ ਖੇੜਾ (ਓਕਲਾਹੋਮਾ) |
| ਅਮਰੀਕ ਸਿੰਘ ਸ਼ਿਕਾਗੋ | ਜਿਗਰਦੀਪ ਸਿੰਘ ਢਿੱਲੋਂ |
| ਕਿਰਪਾਲ ਸਿੰਘ ਰੰਧਾਵਾ | ਇੰਦਰ ਹੁੰਜਣ |
| ਅੰਮ੍ਰਿਤਪਾਲ ਸਿੰਘ ਗਿੱਲ | ਅਮਨਦੀਪ ਸਿੰਘ ਕੁਲਾਰ |
| ਬਲਵਿੰਦਰ ਸਿੰਘ ਚੱਠਾ | ਪਰਮਿੰਦਰ ਸਿੰਘ (ਯੂਬਾ ਸਿਟੀ) |
| ਦਰਸ਼ਨ ਸਿੰਘ ਪੰਮਾ | ਹਰਕੇਵਲ ਸਿੰਘ ਲਾਲੀ |

# ਇਰਾਨ ਦਾ ਅਮਰੀਕਾ ਤੇ ਇਜ਼ਰਾਇਲ ਨਾਲ ਤਣਾਅ ਵਧਿਆ

**ਪੰਜਾਬੀ ਪਰਵਾਜ਼ ਬਿਊਰੋ**

ਇਰਾਨ ਵਿੱਚ ਪਿਛਲੇ ਕੁਝ ਦਿਨਾਂ ਤੋਂ ਸਰਕਾਰ ਵਿਰੋਧੀ ਪ੍ਰਦਰਸ਼ਨਾਂ ਵਿੱਚ ਘੱਟੋ-ਘੱਟ 217 ਲੋਕਾਂ ਦੀਆਂ ਜਾਨਾਂ ਜਾ ਚੁੱਕੀਆਂ ਹਨ ਅਤੇ 2600 ਤੋਂ ਵੱਧ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਦੌਰਾਨ ਅਮਰੀਕੀ ਅਧਿਕਾਰੀਆਂ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਇਰਾਨ ਉੱਤੇ ਸੰਭਾਵੀ ਸੈਨਿਕ ਹਮਲਿਆਂ ਬਾਰੇ ਬ੍ਰੀਫਿੰਗ ਦਿੱਤੀ ਹੈ। 'ਨਿਊ ਯਾਰਕ ਟਾਈਮਜ਼' ਦੀ ਰਿਪੋਰਟ ਮੁਤਾਬਕ, ਜੇਕਰ ਇਰਾਨ ਸਰਕਾਰ ਪ੍ਰਦਰਸ਼ਕਾਰੀਆਂ ਉੱਤੇ ਸਖ਼ਤ ਕਾਰਵਾਈ ਕਰਦੀ ਹੈ ਤਾਂ ਟਰੰਪ ਹਮਲੇ ਵਰਗੇ ਸੈਨਿਕ ਕਦਮਾਂ ਬਾਰੇ ਗੰਭੀਰਤਾ ਨਾਲ ਸੋਚ ਰਹੇ ਹਨ। ਸ਼ਨੀਵਾਰ ਨੂੰ ਟਰੰਪ ਨੇ ਸੋਸ਼ਲ ਮੀਡੀਆ ਉੱਤੇ ਲਿਖਿਆ, "ਇਰਾਨ ਹੁਣ ਅਜ਼ਾਦੀ ਵੱਲ ਵੇਖ ਰਿਹਾ ਹੈ, ਜੋ ਪਹਿਲਾਂ ਕਦੇ ਨਹੀਂ ਹੋਇਆ। ਅਮਰੀਕਾ ਮਦਦ ਲਈ ਤਿਆਰ ਹੈ।" ਉਧਰ ਇਰਾਨੀ ਸੰਸਦ ਦੇ ਸਪੀਕਰ ਮੋਹੰਮਦ ਬਾਗ਼ਰ ਕਾਲੀਬਾਫ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਅਮਰੀਕਾ ਜਾਂ ਇਜ਼ਰਾਇਲ ਨੇ ਇਰਾਨ ਉੱਤੇ ਹਮਲਾ ਕੀਤਾ ਤਾਂ ਦੋਹਾਂ ਨੂੰ ਸਖ਼ਤ ਜਵਾਬ ਮਿਲੇਗਾ।

ਇਰਾਨ ਉੱਤੇ ਅਮਰੀਕੀ ਹਮਲੇ ਦੀ ਸੰਭਾਵਨਾ ਦੇ ਚਲਦਿਆਂ ਇਜ਼ਰਾਇਲ ਵੀ ਹਾਈ ਅਲਰਟ ਉੱਤੇ ਹੈ। ਜੂਨ 2025 ਵਿੱਚ ਇਰਾਨ ਅਤੇ ਇਜ਼ਰਾਇਲ ਨੇ 12 ਦਿਨਾਂ ਦੀ ਜੰਗ ਲੜੀ ਸੀ, ਜਿਸ ਵਿੱਚ ਅਮਰੀਕਾ ਨੇ ਇਜ਼ਰਾਇਲ ਨਾਲ ਮਿਲ ਕੇ ਹਵਾਈ ਹਮਲੇ ਕੀਤੇ ਸਨ। ਇਰਾਨ ਨੇ ਅਮਰੀਕਾ ਅਤੇ ਇਜ਼ਰਾਇਲ ਨੂੰ ਚੇਤਾਵਨੀ ਜਾਰੀ ਕੀਤੀ ਹੈ। ਸੰਸਦੀ ਸਪੀਕਰ ਮੋਹੰਮਦ ਬਗ਼ਰ ਕਲੀਬਾਫ ਨੇ ਕਿਹਾ ਕਿ ਜੇਕਰ ਪ੍ਰਦਰਸ਼ਨਾਂ ਨੂੰ ਲੈ ਕੇ ਅਮਰੀਕਾ ਨੇ ਹਮਲਾ ਕੀਤਾ ਤਾਂ ਅਮਰੀਕੀ ਫੌਜ ਅਤੇ ਇਜ਼ਰਾਇਲ ਦੋਵੇਂ ਇਰਾਨ ਦੇ ਨਿਸ਼ਾਨੇ ਬਣਨਗੇ। ਇਹ ਪਹਿਲੀ ਵਾਰ ਹੈ, ਜਦੋਂ ਇਰਾਨੀ ਨੇਤਾ ਨੇ ਜਵਾਬੀ ਕਾਰਵਾਈ ਵਿੱਚ ਇਜ਼ਰਾਇਲ ਨੂੰ ਸਿੱਧਾ ਨਿਸ਼ਾਨਾ ਬਣਾਉਣ ਦੀ ਗੱਲ ਕੀਤੀ ਹੈ। ਇਸ ਨਾਲ ਤਲਖ਼ੀ ਹੋਰ ਤਿੱਖੀ ਹੋ ਗਈ ਹੈ।

ਇਰਾਨ ਦੇ ਅਟਾਰਨੀ ਜਨਰਲ ਮੋਹੰਮਦ ਮੋਵਾਹੇਦੀ ਅਜ਼ਾਦ ਨੇ ਚੇਤਾਵਨੀ ਦਿੱਤੀ ਕਿ ਪ੍ਰਦਰਸ਼ਨ ਵਿੱਚ ਸ਼ਾਮਲ ਲੋਕਾਂ ਨੂੰ 'ਖ਼ੁਦਾ ਦਾ ਦੁਸ਼ਮਣ' ਮੰਨਿਆ ਜਾਵੇਗਾ ਅਤੇ ਉਨ੍ਹਾਂ ਨੂੰ ਮੌਤ ਦੀ ਸਜ਼ਾ ਦਿੱਤੀ ਜਾ ਸਕਦੀ ਹੈ। ਇਹ ਧਮਕੀਆਂ ਪ੍ਰਦਰਸ਼ਨਾਂ ਨੂੰ ਹੋਰ ਭੜਕਾਉਣ ਵਾਲੀਆਂ ਹਨ। ਬ੍ਰਿਟੇਨ ਦੀ ਰਾਜਧਾਨੀ ਲੰਡਨ ਵਿੱਚ ਵੀ ਇਰਾਨੀ ਦੂਤਾਵਾਸ ਬਾਹਰ ਪ੍ਰਦਰਸ਼ਨ ਹੋਏ। ਇਸ ਦੌਰਾਨ ਇੱਕ ਪ੍ਰਦਰਸ਼ਕਾਰੀ ਨੇ ਇਰਾਨੀ ਦੂਤਾਵਾਸ ਦਾ ਇਸਲਾਮੀ ਗਣਰਾਜ ਦਾ ਝੰਡਾ ਹਟਾ ਕੇ 1979 ਦੇ ਇਸਲਾਮੀ ਇਨਕਲਾਬ ਤੋਂ ਪਹਿਲਾਂ ਵਾਲਾ ਝੰਡਾ ਲਗਾ ਦਿੱਤਾ। ਪ੍ਰਦਰਸ਼ਕਾਰੀ ਨੇ ਸ਼ੇਰ ਅਤੇ ਸੂਰਜ ਵਾਲਾ ਤਿਰੰਗਾ ਝੰਡਾ ਲਗਾਇਆ, ਜੋ ਸ਼ਾਹ ਦੇ ਸ਼ਾਸਨਕਾਲ ਵਿੱਚ ਵਰਤਿਆ ਜਾਂਦਾ ਸੀ। ਇਹ ਝੰਡਾ ਕੁਝ ਮਿੰਟ ਲੱਗਿਆ ਰਿਹਾ ਅਤੇ ਫਿਰ ਹਟਾ ਦਿੱਤਾ ਗਿਆ। ਪ੍ਰਦਰਸ਼ਨ ਦੌਰਾਨ 'ਡੈਮੋਕਰੇਸੀ ਫ਼ਾਰ ਇਰਾਨ' ਅਤੇ 'ਫ਼੍ਰੀ ਇਰਾਨ' ਵਰਗੇ ਨਾਅਰੇ ਲੱਗੇ।



ਇਸੇ ਦੌਰਾਨ ਇਰਾਨ ਦੇ ਜਲਾਵਤਨ ਕ੍ਰਾਊਨ ਪ੍ਰਿੰਸ ਰਜ਼ਾ ਪਹਿਲਵੀ ਨੇ ਦੇਸ਼ ਭਰ ਵਿੱਚ ਚੱਲ ਰਹੇ ਪ੍ਰਦਰਸ਼ਨਾਂ ਵਿੱਚ ਲੋਕਾਂ ਨੂੰ ਸੜਕਾਂ ਉੱਤੇ ਡਟੇ ਰਹਿਣ ਦੀ ਅਪੀਲ ਕੀਤੀ। ਉਨ੍ਹਾਂ ਨੇ ਦਾਅਵਾ ਕੀਤਾ ਕਿ ਲਗਾਤਾਰ ਪ੍ਰਦਰਸ਼ਨਾਂ ਨਾਲ ਸੁਪਰੀਮ ਲੀਡਰ ਖ਼ਾਮੇਨੇਈ ਦਾ ਦਮਨ-ਤੰਤਰ ਕਮਜ਼ੋਰ ਪੈ ਰਿਹਾ ਹੈ। ਪਹਿਲਵੀ ਨੂੰ ਰਿਪੋਰਟਾਂ ਮਿਲੀਆਂ ਹਨ ਕਿ ਇਸਲਾਮੀ ਗਣਰਾਜ ਨੂੰ ਪ੍ਰਦਰਸ਼ਕਾਰੀਆਂ ਨਾਲ ਸਿੱਝਣ ਲਈ ਲੋੜੀਂਦੇ ਸੁਰੱਖਿਆ ਬਲ ਨਹੀਂ ਮਿਲ ਰਹੇ। ਉਨ੍ਹਾਂ ਮੁਤਾਬਕ ਬਹੁਤੇ ਸੁਰੱਖਿਆ ਮੁਲਾਜ਼ਮ ਜਨਤਾ ਵਿਰੁੱਧ ਕਾਰਵਾਈ ਦੇ ਹੁਕਮ ਨਹੀਂ ਮੰਨ ਰਹੇ। ਰਜ਼ਾ ਪਹਿਲਵੀ ਦੇਸ਼ ਵਾਪਸੀ ਦੀ ਤਿਆਰੀ ਕਰ ਰਹੇ ਹਨ। 65 ਸਾਲ ਦੇ ਰਜ਼ਾ ਪਹਿਲਵੀ ਲਗਭਗ 50 ਸਾਲਾਂ ਤੋਂ ਅਮਰੀਕਾ ਵਿੱਚ ਸ਼ਰਨਾਰਥੀ ਹਨ।

ਇਰਾਨ ਵਿੱਚ ਲੋਕਾਂ ਵੱਲੋਂ ਰਜ਼ਾ ਪਹਿਲਵੀ ਨੂੰ ਸੱਤਾ ਸੌਂਪਣ ਦੀ ਮੰਗ ਵੀ ਉੱਠੀ। 1979 ਦੇ ਇਸਲਾਮੀ ਇਨਕਲਾਬ ਤੋਂ ਬਾਅਦ ਅਯਾਤੁਲਾ ਰੂਹੋਲ੍ਹਾ ਖ਼ੁਮੈਨੀ ਸੱਤਾ ਵਿੱਚ ਆਏ, ਜੋ 1979 ਤੋਂ 1989 ਤੱਕ 10 ਸਾਲ ਸੁਪਰੀਮ ਲੀਡਰ ਰਹੇ। ਉਨ੍ਹਾਂ ਤੋਂ ਬਾਅਦ ਅਯਾਤੁਲਾ ਅਲੀ ਖ਼ਾਮੇਨੇਈ 1989 ਤੋਂ 37 ਸਾਲਾਂ ਤੋਂ ਸੱਤਾ ਵਿੱਚ ਹਨ। ਇਰਾਨ ਅੱਜ ਆਰਥਿਕ ਸੰਕਟ, ਭਾਰੀ ਮਹਿੰਗਾਈ, ਅੰਤਰਰਾਸ਼ਟਰੀ ਪਾਬੰਦੀਆਂ, ਬੇਰੁਜ਼ਗਾਰੀ, ਮੁਦਰਾ ਦੀ ਗਿਰਾਵਟ ਅਤੇ ਲਗਾਤਾਰ ਜਨ ਅੰਦੋਲਨਾਂ ਨਾਲ ਜੂਝ ਰਿਹਾ ਹੈ। ਨੌਜਵਾਨ ਅਤੇ ਜੈਨ ਜੀ ਪੀੜੀ ਨੂੰ ਲੱਗਦਾ ਹੈ ਕਿ ਪਹਿਲਵੀ ਦੀ ਵਾਪਸੀ ਨਾਲ ਇਰਾਨ ਨੂੰ ਆਰਥਿਕ ਸਥਿਰਤਾ, ਵਿਸ਼ਵ ਪ੍ਰਵਾਨਗੀ ਅਤੇ ਨਿੱਜੀ ਅਜ਼ਾਦੀ ਮਿਲ ਸਕੇਗੀ।

ਇਰਾਨ ਵਿੱਚ ਭਾਰੀ ਮਹਿੰਗਾਈ ਨੇ ਵੀ ਆਮ ਲੋਕਾਂ ਵਿੱਚ ਨਾਰਾਜ਼ਗੀ ਵਧਾ ਦਿੱਤੀ ਹੈ। ਦਸੰਬਰ 2025 ਵਿੱਚ ਇਰਾਨੀ ਮੁਦਰਾ ਰਿਆਲ ਡਿਗ ਕੇ ਲਗਭਗ 1.45 ਮਿਲੀਅਨ ਪ੍ਰਤੀ ਅਮਰੀਕੀ ਡਾਲਰ ਤੱਕ ਪਹੁੰਚ ਗਈ, ਜੋ ਅਜ ਤੱਕ ਦਾ ਸਭ ਤੋਂ ਨੀਵਾਂ ਪੱਧਰ ਹੈ। ਸਾਲ ਦੀ ਸ਼ੁਰੂਆਤ ਤੋਂ ਰਿਆਲ ਦੀ ਕੀਮਤ ਅੱਧੀ ਹੋ ਚੁੱਕੀ ਹੈ। ਖ਼ੁਰਾਕੀ ਵਸਤਾਂ ਦੀਆਂ ਕੀਮਤਾਂ ਵਿੱਚ 72 ਫ਼ੀਸਦੀ ਅਤੇ ਦਵਾਈਆਂ ਦੀਆਂ ਕੀਮਤਾਂ ਵਿੱਚ 50 ਫ਼ੀਸਦੀ ਵਾਧਾ ਹੋ ਗਿਆ ਹੈ। ਇਸ ਤੋਂ ਇਲਾਵਾ ਸਰਕਾਰ ਵੱਲੋਂ 2026 ਦੇ ਬਜਟ ਵਿੱਚ 62 ਫ਼ੀਸਦੀ ਟੈਕਸ ਵਧਾਉਣ ਦੇ ਪ੍ਰਸਤਾਵ ਨੇ ਆਮ ਲੋਕਾਂ ਵਿੱਚ ਭਾਰੀ ਗੁੱਸਾ ਪੈਦਾ ਕਰ ਦਿੱਤਾ ਹੈ।

ਸੁਪਰੀਮ ਲੀਡਰ ਅਲੀ ਖ਼ਾਮੇਨੇਈ ਨੇ ਪ੍ਰਦਰਸ਼ਨਾਂ ਵਿੱਚ ਪਹਿਲੀ ਵਾਰ ਰਾਸ਼ਟਰ ਨੂੰ ਸੰਬੋਧਨ ਕੀਤਾ। ਇਰਾਨੀ ਸਰਕਾਰੀ ਟੀ.ਵੀ. ਨੇ ਉਨ੍ਹਾਂ ਦਾ ਭਾਸ਼ਣ ਪ੍ਰਸਾਰਿਤ ਕੀਤਾ। ਖ਼ਾਮੇਨੇਈ ਨੇ ਦਾਅਵਾ ਕੀਤਾ ਕਿ ਪ੍ਰਦਰਸ਼ਨਾਂ ਪਿੱਛੇ ਵਿਦੇਸ਼ੀ ਏਜੰਟ ਹਨ, ਜੋ ਦੇਸ਼ ਵਿੱਚ ਹਿੰਸਾ ਭੜਕਾ ਰਹੇ ਹਨ। ਖ਼ਾਮੇਨੇਈ ਨੇ ਕਿਹਾ ਕਿ ਦੇਸ਼ ਵਿੱਚ ਕੁਝ ਦੰਗਈ ਹਨ, ਜੋ ਜਨਤਕ ਸੰਪਤੀ ਨੂੰ ਨੁਕਸਾਨ ਪਹੁੰਚਾ ਕੇ ਅਮਰੀਕੀ ਰਾਸ਼ਟਰਪਤੀ ਨੂੰ ਖ਼ੁਸ਼ ਕਰਨਾ ਚਾਹੁੰਦੇ ਹਨ; ਪਰ ਇਰਾਨ ਦੀ ਇੱਕਜੁਟ ਜਨਤਾ ਆਪਣੇ ਸਾਰੇ ਦੁਸ਼ਮਣਾਂ ਨੂੰ ਹਰਾਏਗੀ। ਉਨ੍ਹਾਂ ਨੇ ਟਰੰਪ ਨੂੰ ਕਿਹਾ ਕਿ ਉਹ ਇਰਾਨ ਦੇ ਮਾਮਲਿਆਂ 'ਚ ਦਖ਼ਲ ਦੇਣ ਦੀ ਬਜਾਏ ਆਪਣੇ ਦੇਸ਼ ਦੀਆਂ ਸਮੱਸਿਆਵਾਂ ਉੱਤੇ ਧਿਆਨ ਦੇਣ। ਉਨ੍ਹਾਂ ਹੋਰ ਕਿਹਾ, "ਇਸਲਾਮੀ ਗਣਰਾਜ ਲੱਖਾਂ ਮਹਾਨ ਲੋਕਾਂ ਦੇ ਖ਼ੂਨ ਨਾਲ ਸੱਤਾ ਵਿੱਚ ਆਇਆ ਹੈ। ਜੋ ਲੋਕ ਸਾਨੂੰ ਤਬਾਹ ਕਰਨਾ ਚਾਹੁੰਦੇ ਹਨ, ਉਨ੍ਹਾਂ ਅੱਗੇ ਇਸਲਾਮੀ ਗਣਰਾਜ ਕਦੇ ਨਹੀਂ ਝੁਕੇਗਾ।"

ਜ਼ਿਕਰ-ਏ-ਖ਼ਾਸ ਹੈ ਕਿ ਇਰਾਨ ਦੀ ਅਰਥਵਿਵਸਥਾ ਤੇਲ ਐਕਸਪੋਰਟ ਉੱਤੇ ਨਿਰਭਰ ਹੈ। 2024 ਵਿੱਚ ਇਰਾਨ ਦਾ ਕੁੱਲ ਐਕਸਪੋਰਟ ਲਗਭਗ 22.18 ਅਰਬ ਡਾਲਰ ਸੀ, ਜਿਸ ਵਿੱਚ ਤੇਲ ਅਤੇ ਪੈਟਰੋ-ਕੈਮੀਕਲਜ਼ ਦਾ ਵੱਡਾ ਹਿੱਸਾ ਸੀ, ਜਦਕਿ ਦਰਾਮਦ 34.65 ਅਰਬ ਡਾਲਰ ਰਹੀ, ਜਿਸ ਨਾਲ ਵਪਾਰਕ ਘਾਟਾ 12.47 ਅਰਬ ਡਾਲਰ ਹੋ ਗਿਆ। 2025 ਵਿੱਚ ਤੇਲ ਐਕਸਪੋਰਟ ਵਿੱਚ ਕਮੀ ਅਤੇ ਪਾਬੰਦੀਆਂ ਕਾਰਨ ਇਹ ਘਾਟਾ 15 ਅਰਬ ਡਾਲਰ ਤੱਕ ਵਧ ਗਿਆ।

ਮੁੱਖ ਵਪਾਰਕ ਸਾਥੀਆਂ ਵਿੱਚ ਚੀਨ (35 ਫ਼ੀਸਦੀ ਐਕਸਪੋਰਟ), ਤੁਰਕੀ, ਯੂ.ਏ.ਈ. ਅਤੇ ਇਰਾਕ ਸ਼ਾਮਲ ਹਨ। ਇਰਾਨ ਚੀਨ ਨੂੰ 90 ਫ਼ੀਸਦੀ ਤੇਲ ਐਕਸਪੋਰਟ ਕਰਦਾ ਹੈ। ਇਰਾਨ ਨੇ ਗੁਆਂਢੀ ਦੇਸ਼ਾਂ ਅਤੇ ਯੂਰੇਸ਼ੀਅਨ ਯੂਨੀਅਨ ਨਾਲ ਵਪਾਰ ਵਧਾਉਣ ਦੀ ਕੋਸ਼ਿਸ਼ ਕੀਤੀ ਹੈ। ਫਿਰ ਵੀ, 2025 ਵਿੱਚ ਜੀ.ਡੀ.ਪੀ. ਸਿਰਫ਼ 0.3 ਫ਼ੀਸਦੀ ਰਹਿਣ ਦਾ ਅਨੁਮਾਨ ਹੈ। ਪਾਬੰਦੀਆਂ ਹਟਣ ਜਾਂ ਪਰਮਾਣੂ ਸਮਝੌਤੇ ਦੀ ਵਾਪਸੀ ਤੋਂ ਬਿਨਾਂ ਵਪਾਰ ਅਤੇ ਰਿਆਲ ਦੀ ਕੀਮਤ ਸਥਿਰ ਕਰਨਾ ਮੁਸ਼ਕਲ ਰਹੇਗਾ। ਅਮਰੀਕਾ ਅਤੇ ਇਜ਼ਰਾਇਲ ਨਾਲ ਤਣਾਅ ਵਧ ਰਿਹਾ ਹੈ। ਭਵਿੱਖ ਵਿੱਚ ਹਾਲਾਤ ਹੋਰ ਵੀ ਗੰਭੀਰ ਹੋ ਸਕਦੇ ਹਨ।

## ਗਰੀਨਲੈਂਡ 'ਤੇ ਕਬਜ਼ੇ ਦੇ ਐਲਾਨ ਨਾਲ ਯੂਰਪ ਨਾਰਾਜ਼

ਦੇ ਏਜੰਟਾਂ ਨੇ ਸ਼ੱਰ੍ਹੇਆਮ ਪੋਸਟਾਂ ਪਾਈਆਂ। ਇਰਾਨ ਦੇ ਵਿਦੇਸ਼ ਮੰਤਰੀ ਨੇ ਇਸ ਬਾਰੇ ਸਾਫ ਕਿਹਾ ਕਿ ਇਨ੍ਹਾਂ ਕਾਰਵਾਈਆਂ ਵਿੱਚ ਮੋਸਾਦ ਦੇ ਹੱਥ ਹੋਣ ਸੰਬੰਧੀ ਸਾਡੇ ਕੋਲ ਵੀਡੀਓ ਸਬੂਤ ਹਨ। ਇਨ੍ਹਾਂ ਵੀਡੀਓਜ਼ ਵਿੱਚ ਮੋਸਾਦ ਅਤੇ ਹੋਰ ਏਜੰਸੀਆਂ ਦੇ ਏਜੰਟ ਮੁਜ਼ਾਹਰਾਕਾਰੀਆਂ ਨਾਲ ਪੈਸੇ ਅਤੇ ਹਿੰਸਕ ਕਾਰਵਾਈ ਬਾਰੇ ਗੱਲਬਾਤ ਕਰਦੇ ਸਾਫ ਸੁਣੇ ਜਾ ਸਕਦੇ ਹਨ। ਇਰਾਨ ਨੇ ਇਸ ਵਾਰ ਮੁਜ਼ਾਹਰਾਕਾਰੀਆਂ ਵਿਰੁਧ ਇਕਸਾਰ ਨੀਤੀ ਨਹੀਂ ਅਪਣਾਈ ਸਗੋਂ ਹਿੰਸਾ ਅਤੇ ਸਾੜ-ਫੂਕ ਕਰਨ ਵਾਲੇ ਤੱਤਾਂ ਨੂੰ ਅਸਲ ਆਰਥਕ ਸਰੋਕਾਰ ਰੱਖਣ ਵਾਲੇ ਲੋਕਾਂ ਤੋਂ ਵੱਖ ਕਰ ਕੇ ਵੇਖਿਆ। ਇਨ੍ਹਾਂ ਮਸਲਿਆਂ ਦੇ ਹੱਲ ਦਾ ਵਿਸ਼ਵਾਸ ਵੀ ਦਿਵਾਇਆ। ਇਸ ਤੋਂ ਬਾਅਦ ਇਰਾਨ ਦੇ ਧਾਰਮਿਕ-ਰਾਜਨੀਤਿਕ ਰਹਿਬਰ ਅਯਾਤੁਲਾ ਅਲੀ ਖ਼ਾਮੇਨੇਈ ਵੱਲੋਂ ਦਿੱਤੇ ਗਏ ਰੈਲੀ ਦੇ ਸੱਦੇ ਦੌਰਾਨ ਜਿਸ ਤਰ੍ਹਾਂ ਲੋਕ ਇਕੱਠੇ ਹੋਏ, ਉਸ ਤੋਂ ਸਾਫ ਪਤਾ ਲੱਗਿਆ ਕਿ ਇਰਾਨ ਦੇ ਲੋਕ ਕੀ ਚਾਹੁੰਦੇ ਹਨ! ਆਰਥਕ ਔਕੜਾਂ ਦੇ ਬਾਵਜੂਦ ਇਰਾਨ ਦੇ ਲੋਕ ਹਾਲੇ ਵੀ ਮੌਜੂਦਾ ਪ੍ਰਸ਼ਾਸਨ ਨਾਲ ਖੜ੍ਹੇ ਹਨ। ਇਸ ਦਾ ਪ੍ਰਭਾਵ ਅਮਰੀਕਾ ਅਤੇ ਇਜ਼ਰਾਇਲ 'ਤੇ ਵੀ ਪਿਆ ਵਿਖਾਈ ਦਿੰਦਾ ਹੈ।

ਇਸੇ ਕਰਕੇ ਅਮਰੀਕਾ ਵੱਲੋਂ ਵੱਡੀ ਤਿਆਰੀ ਦੇ ਬਾਵਜੂਦ ਇਰਾਨ 'ਤੇ ਹਮਲਾ ਜਾਂ ਸਰਕਾਰ ਦੇ ਤਬਾਦਲੇ ਦਾ ਯਤਨ ਹਾਲ ਦੀ ਘੜੀ ਟਲ ਗਿਆ ਲਗਦਾ ਹੈ। ਖ਼ੁਦ ਅਮਰੀਕੀ ਫੌਜ ਵੀ ਰਾਸ਼ਟਰਪਤੀ ਨੂੰ ਇਰਾਨ 'ਤੇ ਹਾਲ ਦੀ ਘੜੀ ਨਾ ਹਮਲਾ ਕਰਨ ਦੀ ਸਲਾਹ ਦੇ ਰਹੀ ਹੈ। ਵੈਨੇਜ਼ੂਏਲਾ ਵਿੱਚ ਕਾਰਵਾਈ ਤੋਂ ਬਾਅਦ ਅਮਰੀਕਾ-ਇਜ਼ਰਾਇਲ ਤੇਜ਼ੀ ਨਾਲ ਇਰਾਨ ਵੱਲ ਚੜ੍ਹੇ ਸਨ; ਪਰ ਇਰਾਨ ਵਿੱਚ ਦੰਗੇ ਭੜਕਾ ਕੇ ਉਹ ਅਯਾਤੁਲਾ ਅਲੀ ਖ਼ਾਮੇਨੇਈ ਨੂੰ ਗੱਦੀਉਂ ਉਤਾਰਨ ਦਾ ਆਪਣਾ ਸੁਪਨਾ ਪੂਰਾ ਨਹੀਂ ਕਰ ਸਕੇ। ਹੁਣ ਅਜਿਹਾ ਨੇੜ ਭਵਿੱਖ ਵਿੱਚ ਹੁੰਦਾ ਵੀ ਵਿਖਾਈ ਨਹੀਂ ਦੇ ਰਿਹਾ। ਇਸ ਦਾ ਕਾਰਨ ਇਹ ਹੈ ਕਿ ਰੂਸ ਅਤੇ ਚੀਨ ਇਰਾਨ ਦੇ ਬਹੁਤ ਨੇੜੇ ਆ ਗਏ ਹਨ। ਵੈਨੇਜ਼ੂਏਲਾ ਦੇ ਹੱਥੋਂ ਨਿਕਲਣ ਦੇ ਬਾਅਦ ਇਹ ਦੋਨੋ ਮੁਲਕ ਨਹੀਂ ਸਨ ਚਾਹੁੰਦੇ ਕਿ ਸਸਤੇ ਤੇਲ ਦਾ ਵੱਡਾ ਸੋਮਾ ਉਨ੍ਹਾਂ ਦੇ ਹੱਥੋਂ ਨਿਕਲ ਜਾਵੇ। ਇਸ ਤੋਂ ਇਲਾਵਾ ਰਾਜਨੀਤਿਕ ਮਹੱਤਵ ਅਤੇ ਜਿਓ-ਪੁਲਿਟੀਕਲ ਸਥਿਤੀ ਵੀ ਉਨ੍ਹਾਂ ਨੂੰ ਇਸ ਪਾਸੇ ਵੱਲ ਤੁਰਨ ਲਈ ਮਜਬੂਰ ਕਰ ਰਹੀ ਸੀ। ਅਮਰੀਕਾ ਵੱਲੋਂ ਰੂਸ ਦਾ ਤੇਲ ਟੈਂਕਰ ਕਬਜ਼ੇ ਵਿੱਚ ਲੈਣ ਨੇ ਉਪਰੋਕਤ ਮੁਲਕਾਂ ਨੂੰ ਇੱਕ ਦੂਜੇ ਦੇ ਹੋਰ ਨੇੜੇ ਆਉਣ ਲਈ ਮਜਬੂਰ ਕੀਤਾ। ਏਸ਼ੀਆ ਵਿੱਚ ਆਪਣੀ ਭੂਗੋਲਿਕ ਸਥਿਤੀ ਅਤੇ ਵੱਡੀ ਆਬਾਦੀ ਕਰਕੇ ਭਾਰਤ ਅਮਰੀਕਾ-ਇਜ਼ਰਾਇਲ, ਯੂਰਪ ਅਤੇ ਚੀਨ-ਰੂਸ ਲਈ ਵੀ ਇਕ ਮਹੱਤਵਪੂਰਣ ਦੇਸ਼ ਬਣ ਗਿਆ ਹੈ। ਭਾਰਤ ਨੇ ਵੈਨੇਜ਼ੂਏਲਾ ਦੇ ਮਾਮਲੇ ਵਿੱਚ ਆਪਣਾ ਕੋਈ ਸਰੋਕਾਰ ਨਹੀਂ ਪ੍ਰਗਟਾਇਆ; ਪਰ ਟਰੰਪ ਨੇ ਉਪਰੋਕਤ ਕਾਰਵਾਈ ਤੋਂ ਬਾਅਦ ਭਾਰਤ ਬਾਰੇ ਮਜ਼ਾਕੀਆ ਲਹਿਜੇ ਵਿੱਚ ਕਿਹਾ ਕਿ "ਮੋਦੀ ਨੂੰ ਪਤਾ ਹੈ ਕਿ ਮੈਂ ਖ਼ੁਸ਼ ਨਹੀਂ ਹਾਂ।" ਕਿਸੇ ਮੁਲਕ ਨੂੰ ਵਿਸ਼ਵ ਰਾਜਨੀਤੀ ਵਿੱਚ ਪ੍ਰਸੰਗਿਕ ਰਹਿਣ ਲਈ ਹਰ ਮਹੱਤਵਪੂਰਨ ਘਟਨਾ ਬਾਰੇ ਆਪਣਾ ਪੱਖ ਜ਼ਰੂਰ ਰੱਖਣਾ ਪੈਂਦਾ ਹੈ। ਹਰ ਘਟਨਾ 'ਤੇ ਚੁੱਪ ਵੱਟ ਕੇ ਨਹੀਂ ਸਾਰਿਆ ਜਾ ਸਕਦਾ। ਹੁਣ ਜਦੋਂ ਟਰੰਪ ਕਿਊਬਾ ਅਤੇ ਇਰਾਨ ਨੂੰ ਕੁੱਟਣ ਦੇ ਐਲਾਨਾਂ ਨਾਲ ਗਰੀਨਲੈਂਡ 'ਤੇ ਕਬਜ਼ਾ ਕਰਨ ਦੇ ਐਲਾਨ ਕਰਨ ਲੱਗਾ ਹੈ ਤਾਂ ਯੂਰਪ ਨੂੰ ਵੀ ਤਕਲੀਫ ਹੋਣ ਲੱਗੀ ਹੈ। ਅਮਰੀਕਾ ਅਤੇ ਇਜ਼ਰਾਇਲ ਦੇ ਇਰਾਨ 'ਤੇ ਹਮਲੇ ਦਾ ਭਾਵੇਂ ਸਾਰੇ ਯੂਰਪੀਨ ਮੁਲਕ ਸਮਰਥਨ ਕਰ ਰਹੇ ਸਨ, ਪਰ ਗਰੀਨਲੈਂਡ ਦਾ ਨਾਂ ਲੈਣ 'ਤੇ ਟਰੰਪ ਨਾਲ ਔਖੇ ਹੋਣ ਲੱਗੇ। ਯੂਰਪ ਨੂੰ ਸ਼ਾਇਦ ਹਾਲੇ ਤੱਕ ਭਲੇਖਾ ਹੈ ਕਿ ਅਮਰੀਕਾ ਆਪਣੇ ਆਲੇ-ਦੁਆਲੇ ਦੇ ਮੁਲਕਾਂ ਨੂੰ ਵੱਢ ਮਾਰਨ ਲੱਗਿਆਂ ਯੂਰਪ ਦਾ ਖਿਆਲ ਰੱਖੇਗਾ, ਜਦਕਿ ਟਰੰਪ ਲਈ ਅਮਰੀਕਾ ਫਸਟ ਹੈ। ਅਮਰੀਕਾ ਦੀ ਗਰੀਨਲੈਂਡ ਪ੍ਰਤੀ ਪਹੁੰਚ ਉਸ ਨੂੰ ਯੂਰਪ ਤੋਂ ਵੀ ਪਾਸੇ ਧੱਕ ਰਹੀ ਹੈ। ਗਰੀਨਲੈਂਡ ਉੱਤਰੀ ਆਰਕਟਿਕ ਖੇਤਰ ਨਾਲ ਲਗਦਾ ਬੇਹੱਦ ਥੋੜ੍ਹੀ ਆਬਾਦੀ ਵਾਲਾ ਮੁਲਕ ਹੈ। ਇਹ ਡੈਨਮਾਰਕ ਦੇ ਅਧੀਨ ਇੱਕ ਸਵੈਸਾਸ਼ਤ ਖੁਦਮੁਖਤਾਰ ਖੇਤਰ ਹੈ। ਇੱਥੋਂ ਦੇ ਲੋਕ ਸਵੈਸਾਸ਼ਨ ਦੇ ਅਧੀਨ ਅਮਨ-ਅਮਾਨ ਨਾਲ ਰਹਿ ਰਹੇ ਹਨ, ਪਰ ਅਮਰੀਕਾ ਨੂੰ ਇਸ ਧਰਤੀ ਹੇਠ ਛਿਪੇ ਮਿਨਰਲਜ਼ ਅਤੇ ਬਹੁਤ ਹੀ ਦੁਰਲੱਭ ਧਾਤਾਂ ਦਾ ਖਜ਼ਾਨਾ ਦਿਸਦਾ ਹੈ। ਇਹ ਧਾਤਾਂ ਮੁਬਾਈਲਾਂ, ਕੰਪਿਊਟਰਾਂ, ਇਲਕਟ੍ਰਿਕ ਕਾਰਾਂ ਅਤੇ ਹੋਰ ਆਧੁਨਿਕ ਸਾਜ਼ੋ-ਸਮਾਨ ਬਣਾਉਣ ਲਈ ਬੇਹਦ ਜ਼ਰੂਰੀ ਹਨ। ਇਨ੍ਹਾਂ ਦੁਰਲਭ ਧਾਤਾਂ ਲਈ ਅਮਰੀਕਾ ਨੂੰ ਚੀਨ 'ਤੇ ਨਿਰਭਰ ਹੋਣਾ ਪੈਂਦਾ ਹੈ। ਪਹਿਲਾਂ ਜੇਲੰਸਕੀ ਨਾਲ ਇਨ੍ਹਾਂ ਧਾਤਾਂ ਬਦਲੇ ਫੌਜੀ ਮੱਦਦ ਦਾ ਸੌਦਾ ਮਾਰਨ ਦਾ ਯਤਨ ਵੀ ਟਰੰਪ ਨੇ ਕੀਤਾ ਸੀ।

ਇਨ੍ਹਾਂ ਪ੍ਰਸਥਿਤੀਆਂ ਦੇ ਦਰਮਿਆਨ ਹੀ ਜਰਮਨੀ ਦੇ ਚਾਂਸਲਰ ਫਰੈਡਰਿਕ ਮੇਰਜ ਭਾਰਤ ਦੇ ਦੌਰੇ 'ਤੇ ਆਏ। ਫਰੈਡਰਿਕ ਤੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੋਹਾਂ ਮੁਲਕਾਂ ਨੂੰ ਕੁਦਰਤੀ ਭਾਈਵਾਲ ਕਿਹਾ। ਉਨ੍ਹਾਂ ਨੇ ਭਾਰਤ ਅਤੇ ਯੂਰਪ ਦਰਮਿਆਨ ਫਰੀ ਟਰੇਡ ਸਮਝੌਤੇ ਦੀ ਗੱਲਬਾਤ ਵੀ ਕੀਤੀ, ਜਿਹੜਾ ਇਸ ਮਹੀਨੇ ਦੇ ਅਖੀਰ ਵਿੱਚ ਸਹੀਬੱਧ ਕੀਤਾ ਜਾਣਾ ਹੈ। ਯਾਦ ਰਹੇ, ਜਰਮਨੀ ਦੀਆਂ 2000 ਕੰਪਨੀਆਂ ਭਾਰਤ ਵਿੱਚ ਕੰਮ ਕਰ ਰਹੀਆਂ ਹਨ। ਦੋਹਾਂ ਧਿਰਾਂ ਵੱਲੋਂ ਇਸ ਦੌਰਾਨ 19 ਸਮਝੌਤੇ ਕੀਤੇ ਗਏ। ਫੌਜੀ ਸਾਜ਼ੋ-ਸਮਾਨ ਬਣਾਉਣ ਵਾਲੀ ਸਨਅਤ ਵਿੱਚ ਸਹਿਯੋਗ ਵਧਾਉਣ ਲਈ ਦੋਹਾਂ ਧਿਰਾਂ ਨੇ ਸਹਿਮਤੀ ਜ਼ਾਹਰ ਕੀਤੀ। ਇਸ ਤੋਂ ਇਲਾਵਾ ਫੌਜੀ ਸਾਜ਼ੋ-ਸਮਾਨ ਦੀ ਟਰੇਡ ਵਿੱਚ ਨਿਯਮਾਂ ਅਤੇ ਕਾਗਜ਼ੀ ਕਾਰਵਾਈ ਨੂੰ ਸੌਖਾ ਕਰਨ ਲਈ ਭਾਰਤੀ ਪ੍ਰਧਾਨ ਮੰਤਰੀ ਨੇ ਫਰੈਡਰਿਕ ਦਾ ਧੰਨਵਾਦ ਕੀਤਾ। ਭਾਵੇਂ ਕਿ ਡੋਨਾਲਡ ਟਰੰਪ ਵੱਲੋਂ ਭਾਰਤ 'ਤੇ 500 ਫੀਸਦੀ ਟੈਰਿਫ ਲਾਉਣ ਦਾ ਐਲਾਨ ਕੀਤਾ ਗਿਆ ਹੈ, ਪਰ ਭਾਰਤ ਵਿੱਚ ਆਏ ਅਮਰੀਕਾ ਦੇ ਨਵੇਂ ਰਾਜਦੂਤ ਸਰਜੀਓ ਗੋਰ ਨੇ ਕਿਹਾ ਕਿ ਸਾਡੇ ਲਈ ਭਾਰਤ ਤੋਂ ਜ਼ਿਆਦਾ ਜ਼ਰੂਰੀ ਭਾਈਵਾਲ ਹੋਰ ਕੋਈ ਨਹੀਂ ਹੈ। ਉਨ੍ਹਾਂ ਕਿਹਾ ਕਿ ਭਾਰਤ ਅਤੇ ਅਮਰੀਕਾ ਦੀ ਭਾਈਵਾਲੀ ਸਾਂਝੇ ਹਿੱਤਾਂ ਕਾਰਨ ਹੀ ਨਹੀਂ ਹੈ, ਸਗੋਂ ਇਹ ਰਿਸ਼ਤੇ ਬੇਹੱਦ ਉਚਤਮ ਪੱਧਰ 'ਤੇ ਸਜੇ ਹੋਏ ਹਨ। ਵੱਖ-ਵੱਖ ਮੁਲਕਾਂ ਦੇ ਇੱਕ ਸੰਗਠਨ 'ਪੈਕਸ ਸਿਲਿਕਾ' ਦਾ ਭਾਰਤ ਨੂੰ ਮੈਂਬਰ ਬਣਾਇਆ ਜਾਵੇਗਾ। ਗੋਰ ਨੇ ਕਿਹਾ ਕਿ ਅਸਲ ਦੋਸਤ ਅਸਹਿਮਤ ਹੋ ਸਕਦੇ ਹਨ, ਪਰ ਅੰਤ ਨੂੰ ਉਹ ਆਪਣੇ ਮਸਲੇ ਸੁਲਝਾਅ ਲੈਂਦੇ ਹਨ। ਭਾਰਤ ਨਾਲ ਦੋਸਤੀ ਦੀ ਇਹ ਦੌੜ ਸ਼ਾਇਦ ਇਰਾਨ ਨੂੰ ਢਾਹ ਲੈਣ ਵਿੱਚ ਅਸਫਲਤਾ ਕਾਰਨ ਲੱਗੀ ਹੈ।

## ਮਦੂਰੋ ਖਿਲਾਫ ਅਮਰੀਕੀ ਕਾਰਵਾਈ ਨਾਲ ਸੰਸਾਰ ਸਿਆਸਤ ਵਿੱਚ ਨਵੀਂ ਸਫਬੰਦੀ

ਵਿੱਚ ਕੀਤੀ ਇਸ ਕਾਰਵਾਈ ਲਈ ਅਮਰੀਕੀ ਕਾਂਗਰਸ ਦੀ ਵੀ ਮਨਜ਼ੂਰੀ ਨਹੀਂ ਲਈ ਗਈ। ਇਸ ਨੁਕਤੇ ਤੋਂ ਇਹ ਅਮਰੀਕੀ ਵਿਧਾਨ ਅਨੁਸਾਰ ਵੀ ਇਹ ਗੈਰ-ਕਾਨੂੰਨੀ ਕਾਰਵਾਈ ਹੈ। ਇਸੇ ਕਾਰਨ ਅਮਰੀਕੀ ਸੰਸਦ ਵਿੱਚ ਵੀ ਵੈਨੇਜ਼ੂਏਲਾ 'ਤੇ ਕੀਤੀ ਗਈ ਫੌਜੀ ਕਾਰਵਾਈ ਦਾ ਵਿਰੋਧ ਹੋ ਰਿਹਾ ਹੈ। ਖੱਬੇ ਪੱਖ ਵੱਲ ਝੁਕਾਅ ਰੱਖਣ ਵਾਲੇ ਅਮਰੀਕੀ ਆਗੂ ਬਰਨੀ ਸੈਂਡਰ ਨੇ ਵੈਨੇਜ਼ੂਏਲਾ ਖਿਲਾਫ ਕੀਤੀ ਗਈ ਕਾਰਵਾਈ ਦਾ ਵਿਰੋਧ ਕੀਤਾ ਹੈ। ਇਸ ਤਰ੍ਹਾਂ ਮਦੂਰੋ ਖਿਲਾਫ ਕੀਤੀ ਗਈ ਕਾਰਵਾਈ ਦਾ ਅਮਰੀਕਾ ਦੇ ਅੰਦਰ ਅਤੇ ਬਾਹਰ- ਦੋਨੋਂ ਪਾਸੇ ਵਿਰੋਧ ਹੋ ਰਿਹਾ ਹੈ। ਅਮਰੀਕਾ ਦੀ ਸਾਬਕਾ ਵਿਦੇਸ਼ ਮੰਤਰੀ ਨੈਨਸੀ ਪੇਲੋਸੀ ਨੇ ਵੈਨੇਜ਼ੂਏਲਾ ਵਿੱਚ ਦਿੱਤੇ ਗਏ ਫੌਜੀ ਦਖਲ ਦਾ ਵਿਰੋਧ ਕੀਤਾ ਹੈ। ਪੇਲੋਸੀ ਨੇ ਟਵਿੱਟਰ (ਐਕਸ) 'ਤੇ ਲਿਖਿਆ ਕਿ ਵੈਨੇਜ਼ੂਏਲਾ ਵਿੱਚ ਮਦੂਰੋ ਦੀ ਸੱਤਾ ਭਾਵੇਂ ਜਾਇਜ਼ ਨਹੀਂ ਸੀ, ਪਰ ਟਰੰਪ ਪ੍ਰਸ਼ਾਸਨ ਵੱਲੋਂ ਇਸ ਖਿਲਾਫ ਕਾਰਵਾਈ ਲਈ ਕਾਂਗਰਸ ਦੀ ਮਨਜ਼ੂਰੀ ਨਾ ਲੈਣਾ ਇਸ ਨੂੰ ਵੀ ਗੈਰ-ਕਾਨੂੰਨੀ ਬਣਾ ਦਿੰਦਾ ਹੈ। ਇਸ ਦੇ ਬਾਵਜੂਦ ਟਰੰਪ ਦੀ ਚੀਫ ਆਫ ਸਟਾਫ ਸੂਸੀ ਵਾਈਲਜ਼ ਨੇ ਕਿਹਾ ਕਿ ਅਮਰੀਕੀ ਫੌਜ ਨੇ ਵੈਨੇਜ਼ੂਏਲਾ ਦੀ ਧਰਤੀ 'ਤੇ ਕਾਰਵਾਈ ਕਰਕੇ ਸਾਰੀ ਦੁਨੀਆਂ ਨੂੰ ਆਪਣੀ ਅਸੀਮ ਸਮਰੱਥਾ ਦਾ ਸਬੂਤ ਦਿੱਤਾ ਹੈ।

ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਅਮਰੀਕਾ ਵੱਲੋਂ ਕੀਤੀ ਗਈ ਇਸ ਕਾਰਵਾਈ ਤੋਂ ਬਾਅਦ ਕੋਲੰਬੀਆ ਅਤੇ ਕਿਊਬਾ ਜਿਹੇ ਮੁਲਕਾਂ ਨੇ ਤਤਕਾਲ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਦੀ ਮੀਟਿੰਗ ਬੁਲਾਉਣ ਦੀ ਮੰਗ ਕੀਤੀ। ਪੰਜ ਜਨਵਰੀ ਨੂੰ ਬੁਲਾਈ ਗਈ ਇਸ ਮੀਟਿੰਗ ਵਿੱਚ ਅਮਰੀਕਾ ਪੱਖੀ ਕਈ ਮੁਲਕਾਂ ਦੇ ਦੂਤਾਂ ਨੇ ਵੀ ਅਮਰੀਕਾਂ ਵੱਲੋਂ ਕੀਤੀ ਗਈ ਕਾਰਵਾਈ ਦਾ ਵਿਰੋਧ ਕੀਤਾ। ਫਰਾਂਸ ਦੇ ਡਿਪਟੀ ਅੰਬੈਸਡਰ ਨੇ ਕਿਹਾ ਕਿ ਮਦੂਰੋ ਖਿਲਾਫ ਇਸ ਕਾਰਵਾਈ ਦੌਰਾਨ ਅਮਰੀਕਾ ਨੇ ਸਾਰੇ ਅੰਤਰਰਾਸ਼ਟਰੀ ਕਾਨੂੰਨਾਂ ਨੂੰ ਤਾਕ 'ਤੇ ਰੱਖ ਦਿੱਤਾ ਹੈ। ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਅਨਤੋਨੀਓ ਗੁਟਰੇਸ ਨੇ ਕਿਹਾ ਕਿ ਅਮਰੀਕੀ ਪ੍ਰਸ਼ਾਸਨ ਨੇ ਸੰਯੁਕਤ ਰਾਸ਼ਟਰ ਚਾਰਟਰ ਦੀ ਉਲੰਘਣਾ ਕੀਤੀ ਹੈ। ਇਸ ਤੋਂ ਇਲਾਵਾ ਕੋਲੰਬੀਆ, ਰੂਸ, ਚੀਨ ਅਤੇ ਇਰਾਨ ਨੇ ਵੀ ਅਮਰੀਕੀ ਫੌਜੀ ਕਾਰਵਾਈ ਦਾ ਵਿਰੋਧ ਕੀਤਾ। ਅਮਰੀਕੀ ਦੂਤ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਅਮਰੀਕਾ ਵੈਨੇਜ਼ੂਏਲਾ ਦੇ ਲੋਕਾਂ ਖਿਲਾਫ ਜੰਗ ਨਹੀਂ ਲੜ ਰਿਹਾ; ਪਰ ਮਦੂਰੋ ਡਰੱਗ ਮਾਮਲੇ ਦਾ ਭਗੌੜਾ ਸੀ, ਵੈਨੇਜ਼ੂਏਲਾ ਦਾ ਜਾਇਜ਼ ਰਾਸ਼ਟਰਪਤੀ ਨਹੀਂ ਸੀ। ਅਮਰੀਕਾ ਦੇ ਦੂਤ ਮਾਈਕ ਵਾਲਟਜ਼ ਨੇ ਕਿਹਾ ਕਿ ਮਦੂਰੋ ਅਤੇ ਉਨ੍ਹਾਂ ਦੀ ਪਤਨੀ ਸੀਲੀਆ ਫਲੋਰਿਸ ਨੂੰ ਨਸ਼ਾ ਤਸਕਰੀ ਦੇ ਮਾਮਲੇ ਵਿੱਚ ਗ੍ਰਿਫਤਾਰ ਕਰਨ ਨਾਲ ਵੈਨੇਜ਼ੂਏਲਾ ਦੇ ਲੋਕ ਵਧੇਰੇ ਸੁਰੱਖਿਅਤ ਹੋ ਗਏ ਹਨ। ਬਰਤਾਨੀਆ ਅਤੇ ਲਾਤਵੀਆ ਨੇ ਵੀ ਕਿਹਾ ਕਿ ਅਮਰੀਕਾ ਵੱਲੋਂ ਕੀਤੀ ਗਈ ਕਾਰਵਾਈ ਕਾਨੂੰਨਾਂ ਦੀ ਉਲੰਘਣਾ ਹੈ; ਪਰ ਉਨ੍ਹਾਂ ਨਾਲ ਹੀ ਕਿਹਾ ਕਿ ਮਦੂਰੋ ਵੀ ਵੈਨੇਜ਼ੂਏਲਾ ਦਾ ਜਾਇਜ਼ ਰਾਸ਼ਟਰਪਤੀ ਨਹੀਂ ਸੀ। ਉਸ ਨੇ ਚੋਣਾਂ ਚੁਰਾਈਆਂ ਸਨ।

ਕੁਝ ਵੀ ਹੋਵੇ ਵੈਨੇਜ਼ੂਏਲਾ 'ਤੇ ਅਮਰੀਕਾ ਦੀ ਇਸ ਕਾਰਵਾਈ ਨੇ ਚੀਨ ਦੇ ਤਾਇਵਾਨ ਅਤੇ ਰੂਸ ਦੇ ਯੂਕਰੇਨ 'ਤੇ ਹਮਲੇ ਨੂੰ ਜਾਇਜ਼ ਬਣਾ ਦਿੱਤਾ ਹੈ। ਅਮਰੀਕਾ ਨੇ ਸੰਯੁਕਤ ਰਾਸ਼ਟਰ ਦੀਆਂ 66 ਮਾਨਵੀ ਸੰਸਥਾਵਾਂ ਵਿੱਚੋਂ ਆਪਣੇ ਆਪ ਨੂੰ ਬਾਹਰ ਕੱਢਣ ਦਾ ਐਲਾਨ ਕਰ ਦਿੱਤਾ ਹੈ। ਇਸ ਤਰ੍ਹਾਂ ਲਗਦਾ ਹੈ, ਦੁਨੀਆਂ ਕਾਨੂੰਨ ਆਧਾਰਤ ਅਸੂਲੀ ਚਲਣ ਤੋਂ ਤੇਜ਼ੀ ਨਾਲ ਬਾਹਰ ਨਿਕਲ ਰਹੀ ਹੈ। ਅਮਰੀਕੀ ਸਮੁੰਦਰੀ ਜਹਾਜ਼ 'ਤੇ ਅਮਰੀਕੀ ਤੱਟੀ ਦਸਤਿਆਂ ਦਾ ਕਬਜ਼ਾ ਰੂਸ ਵੱਲੋਂ ਮੋੜਵੇਂ ਹੱਲੇ ਵਜੋਂ ਅਮਰੀਕੀ ਜਹਾਜ਼ਾਂ 'ਤੇ ਕਬਜਾ ਵੀ ਇਹੀ ਦਰਸਾਉਂਦਾ ਹੈ। ਇਹ ਅਮਲ ਦੁਨੀਆਂ ਨੂੰ ਭਿਆਨਕ ਖੇਤਰੀ ਜਾਂ ਤੀਜੀ ਸੰਸਾਰ ਜੰਗ ਵੱਲ ਧੱਕ ਸਕਦਾ ਹੈ।

# ਮੋਦੀ-ਆਰ.ਐੱਸ.ਐੱਸ. ਦਾ ਵਿਰੋਧ 'ਦੇਸ਼-ਵਿਰੋਧ' ਨਹੀਂ

**ਵਿਚਾਰ ਆਪੋ-ਆਪਣਾ**

**ਅਖਿਲੇਸ਼ ਯਾਦਵ**

***ਇਹ ਜੀਵੰਤ ਲੋਕਤੰਤਰ ਦੇ ਸਾਹ ਲੈਣ ਦੀ ਆਵਾਜ਼ ਹੈ**




ਇਹ ਸਿਲਸਿਲਾ ਫਿਰ ਸ਼ੁਰੂ ਹੋ ਗਿਆ ਹੈ। ਜਵਾਹਰਲਾਲ ਨਹਿਰੂ ਯੂਨੀਵਰਸਿਟੀ (ਜੇ.ਐੱਨ.ਯੂ.) ਦੇ ਰਾਹਾਂ ਤੋਂ ਲੰਘਦੇ ਹੋਏ, ਹਵਾ ਵਿੱਚ ਦਿੱਲੀ ਦੀਆਂ ਸਰਦੀਆਂ ਦਾ ਸਮੌਗ ਨਹੀਂ, ਬਲਕਿ ਨਵੇਂ 'ਮੀਡੀਆ ਟ੍ਰਾਇਲ' ਦਾ ਜ਼ਹਿਰੀਲਾ ਧੂੰਆਂ ਵੀ ਘੁਲਿਆ ਮਹਿਸੂਸ ਹੁੰਦਾ ਹੈ। ਗੇਟ 'ਤੇ ਕੈਮਰੇ ਤਾਇਨਾਤ, ਸੋਸ਼ਲ ਮੀਡੀਆ 'ਤੇ ਹੈਸ਼ਟੈਗ ਟ੍ਰੈਂਡਿੰਗ ਅਤੇ ਪ੍ਰਾਈਮ ਟਾਈਮ ਐਂਕਰ ਆਪਣੀ ਅਦਾਲਤ ਸਜਾ ਚੁੱਕੇ ਹਨ।

**ਫ਼ੈਸਲਾ:** ਜੇ.ਐੱਨ.ਯੂ. 'ਦੇਸ਼ ਵਿਰੋਧੀ' ਹੈ।

**ਇਲਜ਼ਾਮ ਕੀ ਹੈ?** ਵਿਦਿਆਰਥੀਆਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਆਰ.ਐੱਸ.ਐੱਸ. ਵਿਰੁੱਧ ਨਾਅਰੇ ਲਗਾਏ। 2016 ਵਾਲਾ 'ਟੁਕੜੇ-ਟੁਕੜੇ ਗੈਂਗ' ਜਿੰਨ ਫਿਰ ਬੋਤਲੋਂ ਬਾਹਰ ਅਤੇ ਡਿਜੀਟਲ ਸੰਸਾਰ ਵਿੱਚ 'ਜੇ.ਐੱਨ.ਯੂ. ਬੰਦ ਕਰੋ' ਦਾ ਸ਼ੋਰ।

ਪਰ ਇਤਿਹਾਸ ਦਾ ਵਿਦਿਆਰਥੀ ਹੋਣ ਦੇ ਨਾਤੇ ਅਤੇ ਸੰਵਿਧਾਨ ਵਿੱਚ ਯਕੀਨ ਰੱਖਣ ਵਾਲੇ ਕਾਰਜਕਰਤਾ ਵਜੋਂ, ਮੈਂ ਰੁਕ ਕੇ ਪੁੱਛਦਾ ਹਾਂ: ਮੋਦੀ-ਆਰ.ਐੱਸ.ਐੱਸ. ਵਿਰੋਧ 'ਦੇਸ਼-ਵਿਰੋਧ' ਕਦੋਂ ਬਣ ਗਿਆ?

ਅਸੀਂ ਲੋਕਤੰਤਰ ਦੇ ਖ਼ਤਰਨਾਕ ਮੋੜ 'ਤੇ ਹਾਂ, ਜਿੱਥੇ 'ਸਰਕਾਰ' ਅਤੇ 'ਰਾਸ਼ਟਰ' ਵਿਚਕਾਰ ਅੰਤਰ ਨੂੰ ਧੁੰਧਲਾ ਕੀਤਾ ਜਾ ਰਿਹਾ ਹੈ। ਜੇ.ਐੱਨ.ਯੂ. ਵਿਰੋਧ ਨੂੰ ਸਮਝਣ ਲਈ, ਸਨਸਨੀਖੇਜ਼ ਹੈਡਲਾਈਨਾਂ ਤੋਂ ਪਰੇ ਇਤਿਹਾਸ, ਕਿਤਾਬਾਂ ਅਤੇ ਯੂਨੀਵਰਸਿਟੀ ਦੇ ਮੂਲ ਨੂੰ ਵੇਖੋ। ਇਹ ਨਾ ਸਿਰਫ਼ ਕਾਨੂੰਨੀ, ਬਲਕਿ ਡੂੰਘੀ ਦੇਸ਼ ਭਗਤੀ ਵੀ ਹੈ।

### ਯੂਨੀਵਰਸਿਟੀਆਂ: ਆਪਣੀ ਹੀ ਦੁਨੀਆ

ਵਿਦਿਆਰਥੀ ਗੁੱਸੇ ਨੂੰ ਸਮਝਣ ਲਈ ਯੂਨੀਵਰਸਿਟੀਆਂ ਦੇ ਉਦੇਸ਼ ਨੂੰ ਜਾਣੋ। ਅੰਧ-ਭਗਤ ਸਾਨੂੰ 'ਰਾਜਨੀਤੀ ਕਰਨ ਵਾਲੇ' ਕਹਿੰਦੇ ਹਨ, ਪਰ ਇਹ ਉੱਚ ਸਿੱਖਿਆ ਦੀ ਬੁਨਿਆਦ ਨੂੰ ਅਪਮਾਨਿਤ ਕਰਨਾ ਹੈ। ਯੂਨੀਵਰਸਿਟੀਆਂ ਵਿੱਚ ਵਿਦਿਆਰਥੀਆਂ ਦੇ ਹੱਕ-ਹਕੂਕ ਦੇ ਸੰਘਰਸ਼ ਤਾਂ ਸਮਾਜ ਲਈ ਬੇਹੱਦ ਜ਼ਰੂਰੀ ਹਨ।

ਸੰਖੇਪ 'ਚ, ਵਿਸ਼ਵ ਵਿਦਿਆਲੇ ਆਪਣੀ ਦੁਨੀਆ ਹੈ।

ਆਰ.ਐੱਸ.ਐੱਸ. ਦੀਆਂ ਨੀਤੀਆਂ ਜਾਂ ਗ੍ਰਹਿ ਮੰਤਰੀ ਦੇ ਵਿਜ਼ਨ 'ਤੇ ਸਵਾਲ ਉਠਾਉਣਾ ਦੇਸ਼ 'ਤੇ ਹਮਲਾ ਨਹੀਂ, ਸਿੱਖਿਅਕ ਧਰਮ ਹੈ: ਤਰਕ ਨਾਲ ਪਰਖਣਾ ਹੈ। ਜੇ ਵਿਸ਼ਵ ਵਿਦਿਆਲੇ ਸੱਤਾ ਜਾਂ ਤਾਕਤਵਰਾਂ ਦੀ ਆਲੋਚਨਾ ਨਾ ਕਰਨ, ਤਾਂ ਉਹ ਗਿਆਨ ਕੇਂਦਰ ਨਹੀਂ, ਸੱਤਾ ਦੇ ਪ੍ਰਚਾਰ ਕੇਂਦਰ ਬਣ ਜਾਣਗੇ।

**ਅਕਸਰ ਪੁੱਛਿਆ ਜਾਂਦਾ ਹੈ:** ਵਿਦਿਆਰਥੀ ਵਿਰੋਧ ਕਿਉਂ ਕਰਦੇ ਹਨ? ਪੜ੍ਹਾਈ 'ਤੇ ਧਿਆਨ ਕਿਉਂ ਨਹੀਂ ਦਿੰਦੇ? ਵਿਦਿਆਰਥੀ ਅੰਦੋਲਨਾਂ ਦੇ ਮਾਹਿਰ ਫਿਲਿਪ ਜੀ. ਆਲਟਬੈਕ ਮੁਤਾਬਕ ਵਿਦਿਆਰਥੀ ਵਿਰੋਧ ਸਮਾਜਿਕ ਵਿਸਫੋਟ ਜਾਂ ਰਾਜਸੀ ਸੰਕਟ ਦੇ ਸੰਕੇਤ ਹਨ। ਜੇ.ਐੱਨ.ਯੂ. ਵਿੱਚ ਮੋਦੀ ਸਰਕਾਰ ਦੀਆਂ ਨੀਤੀਆਂ, ਆਰ.ਐੱਸ.ਐੱਸ. ਜਾਂ ਗ੍ਰਹਿ ਮੰਤਰਾਲੇ ਵਿਰੁੱਧ ਨਾਅਰੇ ਅਜਿਹੀਆਂ ਚੰਗਿਆੜੀਆਂ ਹਨ, ਜੋ ਦੇਸ਼ ਦੇ ਜ਼ਹਿਰੀਲੇ ਮਾਹੌਲ ਦੀ ਚੇਤਾਵਨੀ ਦਿੰਦੀਆਂ ਹਨ। ਕਿਸੇ ਨੂੰ ਜਬਰੀ ਚੁੱਪ ਕਰਾਉਣਾ ਵਿਸਫੋਟ ਨੂੰ ਸੱਦਾ ਹੈ।

### ਨਹਿਰੂ ਦਾ ਵਿਜ਼ਨ: ਵਿਦਿਆਰਥੀ, ਰਾਸ਼ਟਰ ਦੀ ਅੰਤਰਾਤਮਾ

ਵਿਦਿਆਰਥੀਆਂ ਨੂੰ 'ਦੇਸ਼ਵਿਰੋਧੀ' ਕਹਿਣਾ ਤ੍ਰਾਸਦੀ ਹੈ। ਭਾਰਤ ਦੇ ਸੁਤੰਤਰਤਾ ਅੰਦੋਲਨ ਵਿੱਚ ਵਿਦਿਆਰਥੀਆਂ ਨੇ ਹੀ ਅੰਗਰੇਜ਼ੀ ਕਾਨੂੰਨ ਤੋੜ ਕੇ ਆਜ਼ਾਦੀ ਜਿੱਤੀ, ਜਿਸ ਕਰ ਕੇ ਅੱਜ ਭਾਰਤ ਦੀ ਸਰਕਾਰ ਚੱਲ ਰਹੀ ਹੈ।

ਨਹਿਰੂ ਨੇ ਵਿਦਿਆਰਥੀ ਸਿਆਸਤ ਨੂੰ ਨੈਤਿਕ-ਕ੍ਰਾਂਤੀਕਾਰੀ ਸ਼ਕਤੀ ਮੰਨਿਆ, ਜੋ 'ਰਾਸ਼ਟਰ ਦੀ ਅੰਤਰਾਤਮਾ ਅਤੇ ਹੌਸਲਾ' ਲੈ ਕੇ ਚੱਲਦੀ ਹੈ। 1936 ਵਿੱਚ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ (ਏ.ਆਈ.ਐੱਸ.ਐੱਫ਼.) ਦੇ ਗਠਨ ਮੌਕੇ ਉਨ੍ਹਾਂ ਨੇ ਸਾਮਰਾਜਵਾਦ-ਫਾਸ਼ੀਵਾਦ ਵਿਰੁੱਧ ਜਵਾਨੀ ਨੂੰ ਸੰਯੁਕਤ ਮੋਰਚੇ ਵਿੱਚ ਸ਼ਾਮਲ ਕੀਤਾ। ਉਹ ਵਿਦਿਆਰਥੀਆਂ ਦੇ ਉਤਸ਼ਾਹ ਦੇ ਪ੍ਰਸ਼ੰਸਕ ਸਨ।

ਫਿਰ ਵੀ, ਨਹਿਰੂ ਨੇ 1945 ਵਿੱਚ ਚੇਤਾਵਨੀ ਦਿੱਤੀ: ਉਦੇਸ਼ ਬਿਨਾਂ ਜਨੂਨ ਦੇ ਅਰਾਜਕਤਾ ਬਣਦਾ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਬੁੱਧੀ, ਸਾਹਸ ਅਤੇ ਸੇਵਾ ਵਿਕਸਿਤ ਕਰਨ ਨੂੰ ਕਿਹਾ। ਇਹ ਨਿਆਂਪੂਰਨ ਵਿਵਸਥਾ ਬਣਾਉਣ ਵੱਲ ਵਧਾਏ ਹੋਏ ਕਦਮ ਸਨ।

ਅੱਜ ਦਾ ਵਿਦਿਆਰਥੀ ਵਿਰੋਧ ਉਹੀ ਵਿਰਾਸਤ ਹੈ। ਨਾਅਰੇ ਅਰਾਜਕਤਾ ਨਹੀਂ, ਨਹਿਰੂ ਵਾਲੀ 'ਉਦੇਸ਼ਪੂਰਨ ਕਾਰਵਾਈ' ਹਨ।

### ਦੋ ਵਿਰੋਧਾਂ ਦੀ ਕਹਾਣੀ: ਇਲਾਹਾਬਾਦ ਬਨਾਮ ਜੇ.ਐੱਨ.ਯੂ.

ਅਸਹਿਮਤੀ ਅਤੇ ਸਹਿਣਸ਼ੀਲਤਾ ਦੀ ਗਿਰਾਵਟ ਵੇਖਣ ਲਈ ਇਤਿਹਾਸ ਦੇ ਭੁੱਲੇ ਚੈਪਟਰ ਨੂੰ ਯਾਦ ਕਰੋ: ਇੰਦਰਾ ਗਾਂਧੀ ਅਤੇ ਇਲਾਹਾਬਾਦ ਵਿਸ਼ਵ ਵਿਦਿਆਲੇ ਦੀ ਮਿਸਾਲ ਹੈ। ਪ੍ਰੋ. ਜੀ.ਆਰ. ਸ਼ਰਮਾ ਨੇ ਉਨ੍ਹਾਂ ਨੂੰ ਅਜਾਇਬ ਘਰ ਦਾ ਉਦਘਾਟਨ ਕਰਨ ਲਈ ਬੁਲਾਇਆ। ਉਹ ਕੈਂਪਸ ਵੀ ਰਾਜਨੀਤੀ ਦਾ ਕੇਂਦਰ ਸੀ। ਇੰਦਰਾ ਗਾਂਧੀ ਦੇ ਉਥੇ ਪਹੁੰਚਣ 'ਤੇ ਸਵਾਗਤ ਨਹੀਂ, ਬਲਕਿ ਜ਼ਬਰਦਸਤ ਵਿਰੋਧ ਹੋਇਆ: ਕਾਲੇ ਝੰਡੇ, ਨਾਅਰੇ, ਪੱਥਰਬਾਜ਼ੀ। ਉਸ ਵੇਲੇ ਦੀ ਸਭ ਤੋਂ ਸ਼ਕਤੀਸ਼ਾਲੀ ਔਰਤ ਵਿਰੁੱਧ ਅਰਾਜਕ ਹਿੰਸਾ।

**ਪਰ ਅੰਤਰ ਦੇਖੋ:** ਕਿਸੇ ਨੇ ਇਸ ਵਿਰੋਧ ਨੂੰ 'ਦੇਸ਼ ਵਿਰੋਧੀ' ਨਹੀਂ ਕਿਹਾ। ਨਿਊਜ਼ ਐਂਕਰ ਨੇ ਇਲਾਹਾਬਾਦ ਵਿਸ਼ਵ ਵਿਦਿਆਲੇ ਨੂੰ ਬੰਦ ਕਰਨ ਦੀ ਮੰਗ ਨਹੀਂ ਕੀਤੀ, ਪੁਲਿਸ ਨੇ ਵਿਦਿਆਰਥੀਆਂ ਨੂੰ ਕੁੱਟਿਆ ਨਹੀਂ। ਇਹ ਜਵਾਨੀ ਅਤੇ ਸੱਤਾ ਦੇ ਵਿਚਾਲੇ ਰਾਜਨੀਤਿਕ ਮਤਭੇਦ ਸੀ।

ਜੇ.ਪੀ. ਅੰਦੋਲਨ ਵਿੱਚ ਵੀ ਵਿਦਿਆਰਥੀ ਵਿਦਰੋਹ ਨੂੰ 'ਦੂਜੀ ਆਜ਼ਾਦੀ' ਮੰਨਿਆ ਗਿਆ ਅਤੇ ਜੈਪ੍ਰਕਾਸ਼ ਨਾਰਾਇਣ ਨੂੰ ਦੇਸ਼ ਭਗਤ।

**ਫਿਰ ਨਿਯਮ ਕਦੋਂ ਬਦਲੇ? ਮੋਦੀ 'ਭਾਰਤ' ਕਦੋਂ ਬਣੇ? ਸ਼ਾਹ 'ਰਾਜ' ਕਦੋਂ ਬਣ ਗਏ? 1970 ਵਿੱਚ ਇੰਦਰਾ ਗਾਂਧੀ ਵੇਲੇ ਸਵਾਲ ਕਰਨਾ ਲੋਕਤੰਤਰ ਸੀ, 2026 ਵਿੱਚ ਮੋਦੀ ਵੇਲੇ ਸਵਾਲ ਦੇਸ਼ਧ੍ਰੋਹ ਕਿਵੇਂ ਹੋ ਗਿਆ?**

### ਝੂਠੀ ਬਰਾਬਰਤਾ

ਅੱਜ ਦੀ ਕਹਾਣੀ ਖ਼ਤਰਨਾਕ ਭਰਮ 'ਤੇ ਟਿਕੀ ਹੋਈ ਹੈ: ਭਾਜਪਾ-ਆਰ.ਐੱਸ.ਐੱਸ. ਨੂੰ 'ਰਾਸ਼ਟਰ' ਬਣਾ ਕੇ ਮੀਡੀਆ ਆਲੋਚਨਾ ਤੋਂ ਬਚਾਉਂਦਾ ਹੈ। ਆਰ.ਐੱਸ.ਐੱਸ. ਆਲੋਚਨਾ ਨੂੰ ਸੱਭਿਆਚਾਰ 'ਤੇ ਹਮਲਾ ਕਹਿੰਦੀ ਹੈ ਅਤੇ ਪ੍ਰਧਾਨ ਮੰਤਰੀ ਆਲੋਚਨਾ ਨੂੰ ਦੇਸ਼ ਦੇ ਗੌਰਵ 'ਤੇ ਹਮਲਾ ਕਹਿੰਦੇ ਹਨ।

ਇਹ ਧੋਖਾ ਹੈ। ਆਰ.ਐੱਸ.ਐੱਸ. ਗੈਰ-ਸਰਕਾਰੀ, ਭਾਜਪਾ ਸਿਆਸੀ ਪਾਰਟੀ, ਨਰਿੰਦਰ ਮੋਦੀ ਚੁਣੇ ਹੋਏ ਸੇਵਕ। ਕੋਈ 'ਦੇਸ਼' ਨਹੀਂ।

ਦੇਸ਼ ਸੰਵਿਧਾਨ, ਲੋਕ, ਧਰਤੀ ਅਤੇ ਸੁਤੰਤਰਤਾ-ਸਮਾਨਤਾ ਅਤੇ ਭਾਈਚਾਰੇ ਤੋਂ ਬਣਦਾ ਹੈ।

'ਸੰਘ' ਵਿਰੁੱਧ ਨਾਅਰੇ ਦੇਸ਼ ਦੇ ਬਹੁ-ਸੱਭਿਆਚਾਰ ਅਤੇ ਵੰਨ-ਸੁਵੰਨਤਾ ਬਚਾਉਣ ਲਈ ਹਨ। ਗ੍ਰਹਿ ਮੰਤਰੀ ਦੀ ਆਲੋਚਨਾ ਦੇਸ਼ ਦੀਆਂ ਨੀਤੀਆਂ 'ਤੇ ਸਵਾਲ ਹੈ। ਇਹ ਗੱਦਾਰੀ ਨਹੀਂ, ਨਾਗਰਿਕ ਦੇਸ਼ ਭਗਤੀ ਹੈ।

ਜੇ.ਐੱਨ.ਯੂ. ਦੇ ਵਿਦਿਆਰਥੀ ਭਾਰਤ ਵਿਰੁੱਧ ਨਹੀਂ, ਭਾਰਤ ਲਈ ਲੜਦੇ ਹਨ।

ਅਸੀਂ ਨਹਿਰੂ ਦੀ ਵਿਰਾਸਤ ਦੇ ਵਾਰਸ ਹਾਂ-ਜਾਗ੍ਰਿਤ ਮਨ, ਕਰੁਣਾਮਈ ਦਿਲ, ਸੁਤੰਤਰਤਾ ਦੇ ਪਹਿਰੇਦਾਰ। ਇਲਾਹਾਬਾਦ ਵਿਦਿਆਰਥੀਆਂ ਵਾਂਗ, ਸੱਤਾ ਦੇ ਡਰ ਬੇਖ਼ੌਫ਼।

ਮੋਦੀ ਅਤੇ ਆਰ.ਐੱਸ.ਐੱਸ. ਦਾ ਵਿਰੋਧ ਦੇਸ਼ ਦਾ ਵਿਰੋਧ ਨਹੀਂ। ਇਹ ਜੀਵੰਤ ਲੋਕਤੰਤਰ ਦੀ ਸਾਹ ਲੈਣ ਵਾਲੀ ਆਵਾਜ਼ ਹੈ।

***(ਲੇਖਕ ਜੇ.ਐੱਨ.ਯੂ. ਸੈਂਟਰ ਫ਼ਾਰ ਹਿਸਟੌਰੀਕਲ ਸਟੱਡੀਜ਼ ਦੇ ਖੋਜਾਰਥੀ ਹਨ)***

# ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਗੱਠਜੋੜ ਦੀ ਰੱਸਾਕਸ਼ੀ

**ਪੰਜਾਬੀ ਪਰਵਾਜ਼ ਬਿਊਰੋ**

ਪੰਜਾਬ ਦੀ ਰਾਜਨੀਤੀ ਵਿੱਚ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਦਾ ਗੱਠਜੋੜ ਹਮੇਸ਼ਾ ਇੱਕ ਵੱਡਾ ਵਿਸ਼ਾ ਰਿਹਾ ਹੈ। ਇਹ ਗੱਠਜੋੜ ਕਦੇ ਪੰਜਾਬ ਨੂੰ ਸਥਿਰਤਾ ਦਿੰਦਾ ਸੀ, ਤਾਂ ਕਦੇ ਵਿਵਾਦਾਂ ਵਿੱਚ ਘਿਰ ਜਾਂਦਾ ਸੀ। 2020 ਵਿੱਚ ਕਿਸਾਨ ਅੰਦੋਲਨ ਕਾਰਨ ਇਹ ਟੁੱਟ ਗਿਆ, ਪਰ ਹੁਣ 2027 ਵਿਧਾਨ ਸਭਾ ਚੋਣਾਂ ਨੇੜੇ ਆਉਣ ਨਾਲ ਫਿਰ ਚਰਚਾ ਜ਼ੋਰਾਂ 'ਤੇ ਹੈ। ਭਾਜਪਾ ਦੇ ਪੰਜਾਬ ਪ੍ਰਧਾਨ ਸੁਨੀਲ ਜਾਖੜ ਨੇ ਪਹਿਲਾਂ ਗੱਠਜੋੜ ਦੀ ਵਕਾਲਤ ਕੀਤੀ ਸੀ, ਪਰ ਹੁਣ ਉਹ ਚੁੱਪ ਹਨ। ਇਹ ਚੁੱਪੀ ਪਾਰਟੀ ਦੀ ਅੰਦਰੂਨੀ ਕਸ਼ਮਕਸ਼ ਨੂੰ ਦਰਸਾਉਂਦੀ ਹੈ। ਕੁਝ ਦਿਨ ਪਹਿਲਾਂ ਇੱਕ ਵੀਡੀਓ ਵਾਇਰਲ ਹੋਇਆ, ਜਿਸ ਵਿੱਚ ਕਿਹਾ ਗਿਆ ਕਿ ਵੋਟਰਾਂ ਨੂੰ ਫੋਨ 'ਤੇ ਗੱਠਜੋੜ ਬਾਰੇ ਪੁੱਛਿਆ ਜਾ ਰਿਹਾ ਹੈ। ਇਸ ਵੀਡੀਓ ਨੇ ਰਾਜਨੀਤੀ ਵਿੱਚ ਹਲਚਲ ਮਚਾ ਦਿੱਤੀ ਹੈ।

ਸ਼੍ਰੋਮਣੀ ਅਕਾਲੀ ਦਲ-ਭਾਜਪਾ ਗੱਠਜੋੜ ਦਾ ਇਤਿਹਾਸ ਲਗਭਗ ਤਿੰਨ ਦਹਾਕਿਆਂ ਪੁਰਾਣਾ ਹੈ। 1998 ਵਿੱਚ ਇਹ ਲੋਕ ਸਭਾ ਚੋਣਾਂ ਲਈ ਬਣਿਆ ਸੀ, ਪਰ ਬਾਅਦ ਵਿੱਚ ਵਿਧਾਨ ਸਭਾ ਚੋਣਾਂ ਵਿੱਚ ਵੀ ਚੱਲਿਆ। 1997 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਇਸ ਗੱਠਜੋੜ ਨੇ 117 ਵਿੱਚੋਂ 93 ਸੀਟਾਂ ਜਿੱਤੀਆਂ। ਇਹ ਪੰਜਾਬ ਵਿੱਚ ਭਾਜਪਾ ਲਈ ਵੱਡਾ ਹੁਲਾਰਾ ਸੀ, ਕਿਉਂਕਿ ਪਾਰਟੀ ਨੂੰ ਸਿੱਖ ਭਾਈਚਾਰੇ ਵਿੱਚ ਕਬੂਲੀਅਤ ਮਿਲੀ। ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਬਣੇ ਅਤੇ ਭਾਜਪਾ ਨੂੰ ਕੈਬਨਿਟ ਵਿੱਚ ਸ਼ਾਮਲ ਕੀਤਾ ਗਿਆ। 2002 ਵਿੱਚ ਵੀ ਗੱਠਜੋੜ ਨੇ 42% ਵੋਟਾਂ ਨਾਲ ਜਿੱਤ ਹਾਸਲ ਕੀਤੀ। 2007 ਵਿੱਚ 117 ਵਿੱਚੋਂ 67 ਸੀਟਾਂ ਅਤੇ 2012 ਵਿੱਚ 68 ਸੀਟਾਂ ਜਿੱਤੀਆਂ। ਇਸ ਦੌਰਾਨ ਭਾਜਪਾ ਨੂੰ 23 ਦੀਆਂ 23 ਸੀਟਾਂ ਮਿਲੀਆਂ। ਬਿਨਾ ਸ਼ੱਕ ਇਸ ਗੱਠਜੋੜ ਨੇ ਪੰਜਾਬ ਵਿੱਚ ਵਿਕਾਸ, ਬੁਨੀਆਦੀ ਢਾਂਚੇ ਅਤੇ ਖੇਤੀਬਾੜੀ ਨੂੰ ਹੁਲਾਰਾ ਦਿੱਤਾ। ਉਦਾਹਰਣ ਵਜੋਂ ਬਾਦਲ ਸਰਕਾਰ ਨੇ ਹਰੀ ਕ੍ਰਾਂਤੀ ਨੂੰ ਹੋਰ ਮਜਬੂਤ ਕੀਤਾ ਅਤੇ ਪੰਜਾਬ ਨੂੰ ਬਿਜਲੀ ਦੇਣ ਵਾਲੇ ਸੂਬੇ ਵਜੋਂ ਪਛਾਣ ਦਿੱਤੀ।

ਪਰ 2020 ਵਿੱਚ ਕਿਸਾਨ ਅੰਦੋਲਨ ਨੇ ਸਭ ਕੁਝ ਬਦਲ ਦਿੱਤਾ। ਕੇਂਦਰ ਦੇ ਖੇਤੀ ਕਾਨੂੰਨਾਂ ਵਿਰੁੱਧ ਅੰਦੋਲਨ ਵਿੱਚ ਸ਼੍ਰੋਮਣੀ ਅਕਾਲੀ ਦਲ ਨੇ ਭਾਜਪਾ ਨਾਲੋਂ ਗੱਠਜੋੜ ਤੋੜ ਲਿਆ। ਹਰਸਿਮਰਤ ਕੌਰ ਬਾਦਲ ਨੇ ਕੇਂਦਰੀ ਮੰਤਰੀ ਦਾ ਅਹੁਦਾ ਛੱਡ ਦਿੱਤਾ। ਇਹ ਗੱਠਜੋੜ 22 ਸਾਲਾਂ ਬਾਅਦ ਟੁੱਟ ਗਿਆ। ਇਸ ਤੋਂ ਬਾਅਦ ਦੋਵਾਂ ਪਾਰਟੀਆਂ ਨੂੰ ਨੁਕਸਾਨ ਹੋਇਆ। 2022 ਵਿਧਾਨ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ ਸਿਰਫ਼ 3 ਸੀਟਾਂ ਅਤੇ ਭਾਜਪਾ ਨੂੰ 2 ਸੀਟਾਂ ਮਿਲੀਆਂ। ਆਮ ਆਦਮੀ ਪਾਰਟੀ (ਆਪ) ਨੇ 92 ਸੀਟਾਂ ਨਾਲ ਸਰਕਾਰ ਬਣਾਈ। 2024 ਲੋਕ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ ਬੱਸ ਇੱਕ ਸੀਟ (ਬਠਿੰਡਾ) ਅਤੇ ਭਾਜਪਾ ਨੂੰ ਖਾਲੀ ਹੱਥ ਰਹਿਣਾ ਪਿਆ। ਭਾਜਪਾ ਨੂੰ 18.56% ਵੋਟਾਂ ਮਿਲੀਆਂ, ਸ਼੍ਰੋਮਣੀ ਅਕਾਲੀ ਦਲ ਦੀਆਂ 13.48% ਤੋਂ ਵੱਧ ਸੀ। ਇਹ ਬਦਲਾਅ ਭਾਜਪਾ ਲਈ ਚੰਗਾ ਸੰਕੇਤ ਹੈ, ਪਰ ਪੰਜਾਬ ਵਿੱਚ ਪਾਰਟੀ ਅਜੇ ਵੀ ਕਮਜ਼ੋਰ ਹੈ, ਖਾਸ ਕਰ ਪੇਂਡੂ ਖੇਤਰ ਵਿੱਚ।




ਹੁਣ 2027 ਚੋਣਾਂ ਨੇੜੇ ਆਉਣ ਨਾਲ ਗੱਠਜੋੜ ਦੀ ਚਰਚਾ ਫਿਰ ਜ਼ੋਰ ਫੜ ਰਹੀ ਹੈ। ਦਸੰਬਰ 2025 ਵਿੱਚ ਸੁਨੀਲ ਜਾਖੜ ਨੇ ਖੁੱਲ੍ਹ ਕੇ ਗੱਠਜੋੜ ਦਾ ਸਮਰਥਨ ਕੀਤਾ ਅਤੇ ਕਿਹਾ ਕਿ ਦਿੱਲੀ ਵਿੱਚ ਗੱਲਾਂ ਸ਼ੁਰੂ ਹੋ ਗਈਆਂ ਹਨ। ਉਨ੍ਹਾਂ ਮੁਤਾਬਕ ਭਾਜਪਾ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਪਿੱਛੇ ਛੱਡ ਦਿੱਤਾ ਹੈ, ਪਰ ਦਿਹਾਤੀ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਤਾਕਤ ਅਜੇ ਵੀ ਹੈ। ਜਾਖੜ ਨੇ ਸੁਝਾਅ ਦਿੱਤਾ ਕਿ ਭਾਜਪਾ 45 ਤੋਂ 55 ਸੀਟਾਂ ਲੜੇ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਮੁੱਖ ਮੰਤਰੀ ਦਾ ਅਹੁਦਾ ਦੇਵੇ। ਇਸ ਨਾਲ ਭਾਜਪਾ ਆਪਣਾ ਬੇਸ ਬਣਾ ਸਕੇਗੀ। ਹਰਸਿਮਰਤ ਕੌਰ ਬਾਦਲ ਨੇ ਵੀ ਕਿਹਾ ਕਿ ਗੱਠਜੋੜ ਸੰਭਵ ਹੈ, ਪਰ ਪੰਜਾਬ ਨਾਲ ਜੁੜੇ ਮੁੱਦੇ ਹੱਲ ਹੋਣੇ ਚਾਹੀਦੇ ਹਨ। ਉਨ੍ਹਾਂ ਨੇ ਬੰਦੀ ਸਿੰਘਾਂ ਦੀ ਰਿਹਾਈ ਅਤੇ ਸਿੰਧੂ ਜਲ ਵਿਵਾਦ ਦਾ ਜ਼ਿਕਰ ਵੀ ਕੀਤਾ।

ਪਰ ਇਸ ਗੱਠਜੋੜ ਵਿੱਚ ਹਾਲੇ ਰੁਕਾਵਟਾਂ ਵੀ ਹਨ। ਭਾਜਪਾ ਅੰਦਰ ਕਈ ਲੀਡਰ ਇਸ ਦੇ ਵਿਰੋਧੀ ਹਨ। ਉਹ ਕਹਿੰਦੇ ਹਨ ਕਿ ਪਿਛਲੇ ਪੰਜ ਸਾਲਾਂ ਵਿੱਚ ਪਾਰਟੀ ਨੇ ਜ਼ਮੀਨੀ ਪੱਧਰ 'ਤੇ ਕੰਮ ਕੀਤਾ ਹੈ ਅਤੇ ਗੱਠਜੋੜ ਨਾਲ ਉਨ੍ਹਾਂ ਦਾ ਮਨੋਬਲ ਟੁੱਟੇਗਾ। ਕਿਸਾਨ ਅੰਦੋਲਨ ਦੇ ਜ਼ਖ਼ਮ ਅਜੇ ਤਾਜ਼ੇ ਹਨ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਪੰਥਕ ਵਿਰੋਧੀ ਮੰਨਿਆ ਜਾਂਦਾ ਹੈ। ਨਵੰਬਰ 2025 ਵਿੱਚ ਅਕਾਲ ਤਖ਼ਤ ਦੇ ਤਤਕਾਲੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਨਵਾਂ ਅਕਾਲੀ ਦਲ ਬਣਾਇਆ, ਜਿਸ ਨੂੰ 'ਰੀਅਲ ਅਕਾਲੀ ਦਲ' ਕਿਹਾ ਜਾ ਰਿਹਾ ਹੈ। ਇਹ ਨਵਾਂ ਧੜਾ ਭਾਜਪਾ ਨਾਲ ਗੱਠਜੋੜ ਵੱਲ ਝੁਕ ਰਿਹਾ ਹੈ। ਚੋਣ ਲੜਨ ਲਈ ਉਹ ਚੋਣ ਕਮਿਸ਼ਨ ਨੂੰ ਅਰਜ਼ੀ ਦੇ ਚੁੱਕੇ ਹਨ। ਇਸ ਨਾਲ ਸ਼੍ਰੋਮਣੀ ਅਕਾਲੀ ਦਲ ਦੀ ਤਾਕਤ ਹੋਰ ਵੰਡੀ ਜਾਵੇਗੀ।

ਰਾਜਨੀਤਿਕ ਵਿਸ਼ਲੇਸ਼ਕਾਂ ਮੁਤਾਬਕ ਗੱਠਜੋੜ ਨਾਲ ਦੋਵਾਂ ਨੂੰ ਫਾਇਦਾ ਹੋ ਸਕਦਾ ਹੈ। 2024 ਲੋਕ ਸਭਾ ਚੋਣਾਂ ਵਿੱਚ ਭਾਜਪਾ ਦੇ 19% ਅਤੇ ਸ਼੍ਰੋਮਣੀ ਅਕਾਲੀ ਦਲ ਦੇ 13% ਵੋਟਾਂ ਨੂੰ ਜੋੜੀਏ ਤਾਂ ਇਹ 32% ਬਣਦੇ ਹਨ, ਜੋ 'ਆਪ' (26%) ਅਤੇ ਕਾਂਗਰਸ (26%) ਨੂੰ ਹਰਾ ਸਕਦੇ ਹਨ। ਪਰ ਵੋਟ ਵੰਡੇ ਜਾਣ ਦਾ ਖ਼ਤਰਾ ਵੀ ਹੈ। ਸ਼੍ਰੋਮਣੀ ਅਕਾਲੀ ਦਲ ਨੂੰ ਮਾਝੇ ਅਤੇ ਮਾਲਵੇ ਵਿੱਚ ਅੰਮ੍ਰਿਤਪਾਲ ਸਿੰਘ ਵਰਗੇ ਲੀਡਰਾਂ ਤੋਂ ਚੁਣੌਤੀ ਮਿਲੇਗੀ। ਭਾਜਪਾ ਸ਼ਹਿਰੀ ਖੇਤਰਾਂ ਵਿੱਚ ਮਜਬੂਤ ਹੈ, ਪਰ ਪਿੰਡਾਂ ਵਿੱਚ ਨਹੀਂ। ਇਸ ਵਾਰ ਮਾਘੀ ਮੇਲੇ ਨੂੰ ਭਾਜਪਾ ਨੇ ਚੋਣ ਰਣਨੀਤੀ ਲਈ ਵਰਤਿਆ।

ਪੰਜਾਬ ਵਿੱਚ ਰਾਜਨੀਤੀ ਦੀ ਇਹ ਰੱਸਾਕਸ਼ੀ ਲੋਕਾਂ ਲਈ ਵੀ ਮਹੱਤਵਪੂਰਨ ਹੈ। ਅਪਰਾਧ ਅਤੇ ਕਰਜ਼ੇ ਨਾਲ ਜੁੜੀਆਂ ਸਮੱਸਿਆਵਾਂ ਕਾਰਨ 'ਆਪ' ਸਰਕਾਰ ਖ਼ਿਲਾਫ਼ ਐਂਟੀ-ਇਨਕੰਬੈਂਸੀ ਵਧ ਰਹੀ ਹੈ। ਲੋਕ ਵਿਕਾਸ ਅਤੇ ਨਿਆਂ ਚਾਹੁੰਦੇ ਹਨ। ਜੇ ਗੱਠਜੋੜ ਬਣਿਆ ਤਾਂ ਭਾਜਪਾ ਦਾ ਹਿੰਦੂ ਵੋਟ ਬੈਂਕ ਮਜਬੂਤ ਹੋਵੇਗਾ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਪੰਥਕ ਚਿੰਤਾਵਾਂ ਨੂੰ ਹੱਲ ਕਰਨ ਵਿੱਚ ਮਦਦ ਮਿਲੇਗੀ; ਪਰ ਜੇ ਨਹੀਂ ਬਣਿਆ ਤਾਂ ਭਾਜਪਾ ਨੂੰ ਆਪਣਾ ਬੇਸ ਬਣਾਉਣ ਵਿੱਚ ਸਮਾਂ ਲੱਗੇਗਾ।

ਸੰਖੇਪ ਵਿੱਚ, ਸ਼੍ਰੋਮਣੀ ਅਕਾਲੀ ਦਲ-ਭਾਜਪਾ ਗੱਠਜੋੜ ਦੀ ਇਹ ਰੱਸਾਕਸ਼ੀ 2027 ਚੋਣਾਂ ਨੂੰ ਰੋਮਾਂਚਕ ਬਣਾਏਗੀ। ਪੁਰਾਣੇ ਅੰਕੜੇ ਗੱਠਜੋੜ ਲਈ ਫਾਇਦੇ ਦੱਸਦੇ ਹਨ, ਪਰ ਨਵੀਆਂ ਚੁਣੌਤੀਆਂ ਵੀ ਹਨ। ਜੇ ਇਹ ਗੱਠਜੋੜ ਬਣਿਆ ਤਾਂ ਪੰਜਾਬ ਵਿੱਚ ਨਵੀਂ ਹਵਾ ਚੱਲੇਗੀ, ਨਹੀਂ ਤਾਂ ਤਿੰਨ ਕੋਣੀ ਲੜਾਈ ਹੋਵੇਗੀ। ਲੋਕਾਂ ਨੂੰ ਅਜੇ ਇੰਤਜ਼ਾਰ ਹੈ ਕਿ ਅੰਤ ਵਿੱਚ ਕੀ ਹੁੰਦਾ ਹੈ। ਇਹ ਨਾ ਸਿਰਫ਼ ਪਾਰਟੀਆਂ ਲਈ, ਸਗੋਂ ਪੰਜਾਬ ਦੇ ਭਵਿੱਖ ਲਈ ਵੀ ਮਹੱਤਵਪੂਰਨ ਹੈ।

# 'ਜੰਗਲ ਉਗੇ ਜੰਗਲ ਮੌਲੇ ਐਪਰ ਜੰਗਲ ਰਾਜ ਨਾ ਹੋਵੇ'

## ਕਾਵਾਂ ਦੀ ਸਰਦਾਰੀ


**ਸੁਸ਼ੀਲ ਦੁਸਾਂਝ**

ਦੇਰ ਹੋਈ ਹਿੰਦੀ ਰਸਾਲੇ 'ਹੰਸ' ਵਿੱਚ ਇੱਕ ਨਿੱਕੀ ਜਿਹੀ ਕਹਾਣੀ ਪੜ੍ਹੀ ਸੀ, ਜਿਹਦਾ ਸਾਰ ਤੱਤ ਕੁਝ ਇਉਂ ਸੀ: "ਇੱਕ ਆਮ ਬੰਦਾ ਕਿਸੇ ਸਰਕਾਰੀ ਦਫ਼ਤਰ ਵਿੱਚ ਆਪਣੇ ਕੰਮ ਲਈ ਗਿਆ। ਇਮਾਨਦਾਰ ਕਲਰਕ ਨੇ ਉਹਦੀ ਫਾਈਲ ਲਈ, ਦੇਖੀ ਤੇ ਕਿਹਾ, 'ਤੁਹਾਡਾ ਕੰਮ ਹੋ ਜਾਵੇਗਾ, ਤੁਸੀਂ ਕੱਲ ਆ ਜਾਣਾ।' ਪਰ ਉਹ ਬੰਦਾ ਉਥੇ ਹੀ ਬੈਠਾ ਰਿਹਾ ਤੇ ਵਾਰ-ਵਾਰ ਪੁੱਛੀ ਗਿਆ ਕਿ 'ਸਰ ਕੰਮ ਹੋ ਜਾਵੇਗਾ ਨਾ?' ਕਲਰਕ ਨੇ ਹਰ ਵਾਰ ਉਹਦਾ ਕੰਮ ਕਰ ਦੇਣ ਦਾ ਵਾਅਦਾ ਕੀਤਾ। ਅਖੀਰ ਬੰਦੇ ਨੇ ਉਠਣ ਲੱਗਿਆਂ ਆਪਣੀ ਜੇਬ ਵਿੱਚੋਂ 50 ਰੁਪਏ ਦਾ ਨੋਟ ਕੱਢ ਕੇ ਉਸ ਕਲਰਕ ਦੇ ਹੱਥ ਵਿੱਚ ਜ਼ਬਰਦਸਤੀ ਫੜਾਉਣ ਦਾ ਯਤਨ ਕਰਦਿਆਂ ਕਿਹਾ, ਸਰ ਇਹ ਜ਼ਰੂਰ ਰੱਖ ਲਓ, ਨਹੀਂ ਤਾਂ ਮੈਨੂੰ ਯਕੀਨ ਨਹੀਂ ਆਉਣਾ ਕਿ ਮੇਰਾ ਕੰਮ ਹੋ ਜਾਊਗਾ।"

ਇਹ ਨਿੱਕੀ ਜਿਹੀ ਕਹਾਣੀ ਭਾਰਤ ਦੇ ਆਮ ਬੰਦੇ ਦੀ ਮਾਨਸਿਕਤਾ ਨੂੰ ਪੇਸ਼ ਕਰਦੀ ਹੈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਇਹ ਮਾਨਸਿਕਤਾ ਬਣੀ ਕਿਵੇਂ? ਕਿਉਂ ਸਾਧਾਰਨ ਬੰਦਾ ਵੀ ਇਉਂ ਸੋਚਣ ਲੱਗ ਪਿਆ ਕਿ ਮੁਲਕ ਵਿੱਚ ਕੋਈ ਵੀ ਕੰਮ ਬਿਨਾਂ ਕੁਝ ਦਿੱਤੇ-ਲਏ ਹੋ ਹੀ ਨਹੀਂ ਸਕਦਾ? ਕਿਉਂ ਇਸ ਗੈਰ-ਯਕੀਨੀ ਨੇ ਇਮਾਨਦਾਰੀ ਨੂੰ ਹਾਸ਼ੀਏ 'ਤੇ ਲਿਆ ਖੜਾਇਆ ਹੈ। ਇਹ ਉਹ ਸਵਾਲ ਹਨ, ਜਿਨ੍ਹਾਂ ਸਾਹਮਣੇ ਖਲੋਣ ਦੀ ਹਿੰਮਤ ਹੁਣ ਤਕ ਮੁਲਕ 'ਤੇ ਹਕੂਮਤ ਕਰਦੇ ਆਏ ਸਾਡੇ ਸਿਆਸੀ ਆਗੂਆਂ ਵਿੱਚ ਇਸ ਕਰ ਕੇ ਨਹੀਂ ਹੈ, ਕਿਉਂਕਿ ਉਹ ਹੀ ਇਹਦੇ ਲਈ ਜ਼ਿੰਮੇਵਾਰ ਹਨ।

ਦਰਅਸਲ, ਰਿਸ਼ਵਤਖੋਰੀ ਜਾਂ ਭ੍ਰਿਸ਼ਟਾਚਾਰ ਬੱਚਿਆਂ ਨੂੰ ਸਕੂਲਾਂ ਵਿੱਚ ਪੜ੍ਹਾਈ ਜਾਂਦੀ ਗਣਿਤ ਦਾ ਕੋਈ ਜਮ੍ਹਾਂ-ਘਟਾਓ ਦਾ ਆਸਾਨ ਜਿਹਾ ਸਵਾਲ ਨਹੀਂ ਹੈ, ਜਿਹਦਾ ਤੁਰਤ-ਫੁਰਤ ਜੁਆਬ ਸਾਡੇ ਸਾਹਮਣੇ ਆ ਜਾਵੇ। ਇਹ ਸਾਡੀ ਉਸ ਵਿਵਸਥਾ ਨਾਲ ਜੁੜਿਆ ਹੋਇਆ ਮਸਲਾ ਹੈ, ਜਿਹੜੀ ਉਸਰੀ ਹੀ ਪੂਰੀ ਤਰ੍ਹਾਂ ਭ੍ਰਿਸ਼ਟ ਨੀਹਾਂ ਅਤੇ ਦੀਵਾਰਾਂ ਦੇ ਆਸਰੇ ਹੈ। ਟ੍ਰਾਂਸਪੈਰੈਂਸੀ ਇੰਟਰਨੈਸ਼ਨਲ ਦੇ 2024 ਦੇ ਕਰਪਸ਼ਨ ਪਰਸੈਪਸ਼ਨ ਇੰਡੈਕਸ (ਸੀ.ਪੀ.ਆਈ.) ਅਨੁਸਾਰ ਭਾਰਤ ਨੂੰ 38/100 ਅੰਕ ਮਿਲੇ, ਜੋ ਪਿਛਲੇ ਸਾਲ ਦੇ 39 ਤੋਂ ਇੱਕ ਅੰਕ ਘੱਟ ਹੈ। ਇਸ ਨਾਲ ਭਾਰਤ 180 ਦੇਸ਼ਾਂ ਵਿੱਚੋਂ 96ਵੇਂ ਨੰਬਰ 'ਤੇ ਪਹੁੰਚ ਗਿਆ ਹੈ। ਇਹ ਅੰਕ ਦੱਸਦੇ ਹਨ ਕਿ ਭਾਰਤ ਵਿੱਚ ਭ੍ਰਿਸ਼ਟਾਚਾਰ ਨਾ ਸਿਰਫ਼ ਵਧ ਰਿਹਾ ਹੈ, ਬਲਕਿ ਇਹ ਸਾਡੀ ਅਰਥਵਿਵਸਥਾ ਅਤੇ ਸਮਾਜ ਨੂੰ ਅੰਦਰੋਂ ਖੋਖਲਾ ਕਰ ਰਿਹਾ ਹੈ। ਇਸੇ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਰਤ ਵਿੱਚ ਬਿਊਰੋਕ੍ਰੇਟਿਕ ਸਰਗਰਮੀਆਂ, ਕਮਜ਼ੋਰ ਐਨਫੋਰਸਮੈਂਟ ਅਤੇ ਸਿਆਸੀ ਪ੍ਰਭਾਵ ਨੇ ਭ੍ਰਿਸ਼ਟਾਚਾਰ ਨੂੰ ਹੋਰ ਵਧਾਉਣਾ ਹੈ। ਇਹ ਅੰਕ ਸਿਰਫ਼ ਸਰਕਾਰੀ ਅਫਸਰਾਂ ਤੱਕ ਹੀ ਸੀਮਤ ਨਹੀਂ, ਬਲਕਿ ਨਿੱਜੀ ਖੇਤਰ ਅਤੇ ਨਿਆਂ ਵਿਵਸਥਾ ਨੂੰ ਵੀ ਛੂਹ ਰਿਹਾ ਹੈ।

ਇਸੇ ਲਈ ਜਦੋਂ ਕਿਤੇ ਕੋਈ ਭ੍ਰਿਸ਼ਟ ਸਰਕਾਰੀ ਮੁਲਾਜ਼ਮ ਜਾਂ ਅਫਸਰ ਫੜਿਆ ਵੀ ਜਾਂਦਾ ਹੈ, ਤਾਂ ਉਹ ਦੇਰ ਸਵੇਰ ਬਾਇੱਜ਼ਤ ਬਰੀ ਹੋ ਕੇ ਮੁੜ ਆਪਣਾ ਉਹੀ 'ਕਿੱਤਾ' ਕਰਨਾ ਸ਼ੁਰੂ ਕਰ ਦਿੰਦਾ ਹੈ, ਜਿਹਦੇ ਕਰ ਕੇ ਉਹ ਕਦੇ 'ਅੰਦਰ' ਰਿਹਾ ਹੁੰਦਾ ਹੈ। ਪਹਿਲਾਂ ਫੜਿਆ ਵੀ ਇਸੇ ਕਰ ਕੇ ਜਾਂਦਾ ਹੈ, ਕਿਉਂਕਿ ਉਹਨੇ ਆਪਣੇ ਉਪਰਲੇ 'ਆਕਿਆਂ' ਨੂੰ ਹਿੱਸਾਪੱਤੀ ਦੇਣ ਵਿੱਚ ਕਿਤੇ ਨਾ ਕਿਤੇ ਕੋਈ ਕੁਤਾਹੀ ਕਰ ਲਈ ਹੁੰਦੀ ਹੈ। ਫੜੇ ਜਾਣ ਤੋਂ ਬਾਅਦ ਉਹ ਆਪਣੇ-ਆਪ ਨੂੰ 'ਦਰੁਸਤ' ਕਰ ਕੇ ਫੇਰ ਤੋਂ 'ਉਪਰਲਿਆਂ' ਦੀ 'ਕ੍ਰਿਪਾ ਦਾ ਪਾਤਰ' ਬਣ ਜਾਂਦਾ ਹੈ। ਇਹ ਸਿਲਸਿਲਾ ਅੰਤਹੀਣ ਹੈ, ਇੱਥੇ ਕੋਈ ਖਾਸ ਬੰਦਾ ਭ੍ਰਿਸ਼ਟ ਨਹੀਂ, ਸਾਡਾ ਪੂਰਾ ਰਾਜਸੀ ਤੰਤਰ ਹੀ ਭ੍ਰਿਸ਼ਟ ਹੈ। 2025 ਵਿੱਚ ਬਿਹਾਰ ਵਿੱਚ ਰਿਕਾਰਡ 122 ਭ੍ਰਿਸ਼ਟਾਚਾਰੀ ਐਫ.ਆਈ.ਆਰ. ਰਜਿਸਟਰ ਹੋਏ ਹਨ, ਜੋ ਪਿਛਲੇ ਔਸਤ ਤੋਂ ਲਗਭਗ ਦੁੱਗਣੇ ਹਨ। ਇਨ੍ਹਾਂ ਵਿੱਚੋਂ 81 ਫੀਸਦੀ ਰਿਸ਼ਵਤ ਨਾਲ ਜੁੜੇ ਹਨ। ਇਸੇ ਤਰ੍ਹਾਂ ਕੇਰਲਾ ਵਿੱਚ ਵਿਜੀਲੈਂਸ ਐਂਡ ਐਂਟੀ-ਕਰਪਸ਼ਨ ਬਿਊਰੋ ਨੇ 57 ਟ੍ਰੈਪ ਕੇਸ ਰਜਿਸਟਰ ਕੀਤੇ, ਜਿਸ ਵਿੱਚ 76 ਲੋਕ ਗ੍ਰਿਫ਼ਤਾਰ ਹੋਏ। ਇਹ ਅੰਕੜੇ ਦੱਸਦੇ ਹਨ ਕਿ ਭ੍ਰਿਸ਼ਟਾਚਾਰ ਹੁਣ ਰੋਜ਼ਾਨਾ ਜੀਵਨ ਦਾ ਹਿੱਸਾ ਬਣ ਗਿਆ ਹੈ, ਚਾਹੇ ਉਹ ਚੋਣਾਂ ਵਿੱਚ ਪੈਸੇ ਵੰਡਣਾ ਹੋਵੇ ਜਾਂ ਮੈਡੀਕਲ ਕਾਲਜਾਂ ਵਿੱਚ ਸੀਟਾਂ ਲਈ ਰਿਸ਼ਵਤ।



ਇਸੇ ਲਈ ਜਦੋਂ ਸਾਡੇ ਹਾਕਮ ਅਫਸਰਾਂ ਨੂੰ ਇਹ ਹਦਾਇਤਾਂ ਕਰ ਰਹੇ ਹੁੰਦੇ ਹਨ ਕਿ ਉਹ ਛੋਟੇ-ਮੋਟੇ ਭ੍ਰਿਸ਼ਟਾਚਾਰ ਦੇ ਕੇਸਾਂ ਵਿੱਚ ਵਕਤ ਜ਼ਾਇਆ ਕਰਨ ਦੀ ਥਾਂ 'ਵੱਡੀਆਂ ਮੱਛੀਆਂ' ਨੂੰ ਪਹਿਲਾਂ ਕਾਬੂ ਕਰਨ, ਤਾਂ ਮੈਨੂੰ ਹਾਕਮਾਂ 'ਤੇ ਤਰਸ ਵੀ ਆਉਂਦਾ ਤੇ ਹਾਸਾ ਵੀ। ਮਨ ਵਿੱਚ ਸਵਾਲ ਉਠ ਰਹੇ ਹਨ ਕਿ 'ਵੱਡੀਆਂ ਮੱਛੀਆਂ' ਕਿਉਂ ਕਾਬੂ ਨਹੀਂ ਕੀਤੀਆਂ ਜਾਂਦੀਆਂ? ਕੀ ਹਾਕਮ ਨਹੀਂ ਜਾਣਦੇ ਕਿ ਜਿਨ੍ਹਾਂ ਅਫਸਰਾਂ ਨੂੰ ਉਹ ਹਦਾਇਤਾਂ ਕਰ ਰਹੇ ਹਨ, ਉਨ੍ਹਾਂ ਨੂੰ ਸੱਤਾ ਹੀ ਇਹ ਕੁੱਝ ਕਰਨ ਲਈ ਨਿਰਦੇਸ਼ ਦਿੰਦੀ ਹੈ ਤੇ ਸੱਤਾ ਹੀ ਕੁੱਝ ਕਰਨ ਤੋਂ ਵਰਜਦੀ ਹੈ। ਕੀ ਹਾਕਮ ਇਸ ਗੱਲ ਤੋਂ ਵਾਕਫ਼ ਨਹੀਂ ਕਿ 'ਵੱਡੀਆਂ ਮੱਛੀਆਂ' ਦੇ 20-20 ਸਾਲਾਂ ਤੋਂ ਕੇਸ ਲਮਕਾਉਣ ਜਾਂ ਬਹੁਤੀਆਂ 'ਵੱਡੀਆਂ ਮੱਛੀਆਂ' ਨੂੰ ਆਜ਼ਾਦ ਛੱਡ ਕੇ ਮੁੜ ਪਾਣੀਆਂ ਨੂੰ ਗੰਦਲਾ ਕਰਨ ਦੀ ਆਗਿਆ ਸੀ.ਬੀ.ਆਈ. ਜਾਂ ਹੋਰਨਾਂ ਸਰਕਾਰੀ ਏਜੰਸੀਆਂ ਨੇ ਹਕੂਮਤੀ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਹੀ ਦਿੱਤੀ ਹੋਈ ਹੈ। ਭ੍ਰਿਸ਼ਟਾਚਾਰ ਨਾਲ ਸਬੰਧਤ ਕੇਸਾਂ ਵਿੱਚ ਹੁੰਦੀ ਅਦਾਲਤੀ ਕਾਰਵਾਈ ਕੀ ਸਿੱਧੀ ਸਿਆਸੀ ਦਖ਼ਲਅੰਦਾਜ਼ੀ ਦੇ ਮਾਮਲੇ ਨਹੀਂ? 2025 ਵਿੱਚ ਮੈਡੀਕਲ ਐਜੂਕੇਸ਼ਨ ਵਿੱਚ ਭ੍ਰਿਸ਼ਟਾਚਾਰ ਦਾ ਵੱਡਾ ਸਕੈਂਡਲ ਸਾਹਮਣੇ ਆਇਆ, ਜਿੱਥੇ ਸੀ.ਬੀ.ਆਈ. ਨੇ ਸਰਕਾਰੀ ਅਧਿਕਾਰੀਆਂ ਅਤੇ ਪ੍ਰਾਈਵੇਟ ਕਾਲਜਾਂ ਵਿਚਕਾਰ ਰਿਸ਼ਵਤ ਤੇ ਸਹਿਯੋਗ ਦੇ ਦੋਸ਼ ਲਗਾਏ। ਇਸ ਨਾਲ ਹਜ਼ਾਰਾਂ ਵਿਦਿਆਰਥੀਆਂ ਦਾ ਭਵਿੱਖ ਖ਼ਤਰੇ ਵਿੱਚ ਪੈ ਗਿਆ ਅਤੇ ਲੱਖਾਂ ਰੁਪਏ ਦੀ ਰਿਸ਼ਵਤ ਨੇ ਸਿਸਟਮ ਨੂੰ ਖੋਖਲਾ ਕਰ ਦਿੱਤਾ। ਇਹ ਸਿਰਫ਼ ਇੱਕ ਉਦਾਹਰਣ ਹੈ; ਜੰਮੂ-ਕਸ਼ਮੀਰ ਵਿੱਚ 78 ਭ੍ਰਿਸ਼ਟਾਚਾਰੀ ਕੇਸ ਰਜਿਸਟਰ ਹੋਏ ਅਤੇ ਵੱਡੇ ਜ਼ਮੀਨੀ ਸਕੈਂਡਲ ਵੀ ਸਾਹਮਣੇ ਆਏ ਹਨ।

ਗੱਲ ਫੇਰ ਉਹੀ ਹੈ ਕਿ ਜੇਕਰ ਸਾਡੀ ਕੁਲ ਵਿਵਸਥਾ ਹੀ ਭ੍ਰਿਸ਼ਟ ਹੈ ਤਾਂ ਆਸ ਕਿਹਦੇ ਤੋਂ ਰੱਖੀ ਜਾ ਸਕਦੀ ਹੈ। ਹੁਕਮਰਾਨਾਂ ਦੇ ਬਿਆਨ ਭ੍ਰਿਸ਼ਟਾਚਾਰ ਦੇ ਘੁਣ ਵਿੱਚ ਪਿਸ ਰਹੇ ਆਮ ਬੰਦੇ ਨੂੰ ਭਰਮਾਉਣ ਦੇ ਯਤਨ ਹੀ ਹੁੰਦੇ ਹਨ। ਜੇਕਰ ਹਕੂਮਤਾਂ 'ਵੱਡੀਆਂ ਮੱਛੀਆਂ' ਨੂੰ ਕਾਬੂ ਕਰਨ ਤੁਰ ਪਈਆਂ ਤਾਂ 'ਅਰਬਾਂ ਰੁਪਏ ਦੇ ਚੁਣਾਵੀ' ਫੰਡ ਕਿੱਥੋਂ ਆਉਣੇ ਹਨ? ਇਥੇ ਕਾਵਾਂ ਦੀ ਸਰਦਾਰੀ ਹੈ। ਭ੍ਰਿਸ਼ਟਾਚਾਰ ਨਾ ਸਿਰਫ਼ ਰਾਜਨੀਤੀ ਨੂੰ ਗੰਦਾ ਕਰਦਾ ਹੈ, ਬਲਕਿ ਅਰਥਵਿਵਸਥਾ ਨੂੰ ਵੀ ਬਰਬਾਦ ਕਰਦਾ ਹੈ। ਇੱਕ ਅਧਿਐਨ ਮੁਤਾਬਕ ਭਾਰਤ ਵਿੱਚ ਭ੍ਰਿਸ਼ਟਾਚਾਰ ਹਰ ਸਾਲ ਆਰਥਿਕ ਵਿਕਾਸ ਨੂੰ 1-2 ਫੀਸਦੀ ਘਟਾਉਂਦਾ ਹੈ, ਜੋ ਲਗਭਗ 3-6 ਲੱਖ ਕਰੋੜ ਰੁਪਏ ਦਾ ਨੁਕਸਾਨ ਹੈ। ਇਹ ਨੁਕਸਾਨ ਨਿਵੇਸ਼ ਨੂੰ ਘਟਾਉਂਦਾ ਹੈ, ਬਲੈਕ ਮਨੀ ਅਤੇ ਗਰੀਬੀ ਨੂੰ ਵਧਾਉਂਦਾ ਹੈ। ਯੂ.ਐੱਨ.ਓ.ਡੀ.ਸੀ. ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭ੍ਰਿਸ਼ਟਾਚਾਰ ਨਾ ਸਿਰਫ਼ ਅਰਥਵਿਵਸਥਾ ਨੂੰ ਵਧਣੋ ਰੋਕਦਾ ਹੈ, ਬਲਕਿ ਆਮ ਲੋਕਾਂ ਦੇ ਜੀਵਨ ਨੂੰ ਵੀ ਪ੍ਰਭਾਵਿਤ ਕਰਦਾ ਹੈ; ਜਿਵੇਂ ਸਿਹਤ, ਸਿੱਖਿਆ ਅਤੇ ਨਿਆਂ ਵਿੱਚ ਪਹੁੰਚ ਨੂੰ ਰੋਕ ਕੇ। 2025 ਵਿੱਚ ਭਾਰਤ ਨੇ ਭ੍ਰਿਸ਼ਟਾਚਾਰ ਨਾਲ ਜੁੜੇ 220 ਕੇਸਾਂ ਵਿੱਚ ਜਾਂਚ ਸ਼ੁਰੂ ਕੀਤੀ, ਪਰ ਬਹੁਤੇ ਕੇਸ ਅਟਕੇ ਰਹੇ। ਇਹ ਅੰਕੜੇ ਦੱਸਦੇ ਹਨ ਕਿ ਵਿਵਸਥਾ ਲੋਟੂ ਤੰਤਰ ਨੂੰ ਬਣਾਏ ਰੱਖਣ ਵਿੱਚ ਰੁੱਝ ਜਾਂਦੀ ਹੈ ਅਤੇ ਨਿਰਦੋਸ਼ ਲੋਕ ਪਿੱਸਦੇ ਰਹਿੰਦੇ ਹਨ।

ਭ੍ਰਿਸ਼ਟਾਚਾਰ ਦਾ ਅਰਥਵਿਵਸਥਾ ਉੱਤੇ ਪ੍ਰਭਾਵ ਵੀ ਡਰਾਉਣ ਵਾਲਾ ਹੈ। ਇੱਕ ਰਿਪੋਰਟ ਮੁਤਾਬਕ ਭ੍ਰਿਸ਼ਟਾਚਾਰ ਨੇ ਭਾਰਤੀ ਬਾਜ਼ਾਰ ਨੂੰ ਪੂਰੀ ਤਰ੍ਹਾਂ ਗੰਦਲਾ ਕਰ ਦਿੱਤਾ ਹੈ ਅਤੇ ਨਿੱਜੀ ਨਿਵੇਸ਼ ਨੂੰ 20-30 ਫੀਸਦੀ ਘਟਾ ਦਿੱਤਾ ਹੈ। ਬਲੈਕ ਮਨੀ ਦੀ ਰਕਮ ਹੁਣ ਲੱਖਾਂ ਕਰੋੜਾਂ ਵਿੱਚ ਹੈ, ਜੋ ਸਰਕਾਰੀ ਖਜ਼ਾਨੇ ਨੂੰ ਖਾ ਰਹੀ ਹੈ। ਇਸ ਨਾਲ ਸਿੱਖਿਆ ਅਤੇ ਸਿਹਤ ਵਰਗੇ ਖੇਤਰਾਂ ਵਿੱਚ ਫੰਡਾਂ ਦੀ ਕਮੀ ਹੋ ਜਾਂਦੀ ਹੈ, ਜਿਸ ਨਾਲ ਗਰੀਬ ਬੱਚੇ ਪੜ੍ਹ ਨਹੀਂ ਪਾਉਂਦੇ ਅਤੇ ਬਿਮਾਰ ਇਲਾਜ ਨਹੀਂ ਕਰਵਾ ਸਕਦੇ। 2025 ਵਿੱਚ ਐੱਸ.ਈ.ਬੀ. ਨੇ 76 ਧੋਖਾਧੜੀ ਕੇਸਾਂ ਵਿੱਚ 949 ਕਰੋੜ ਰੁਪਏ ਵਾਪਸ ਲੈਣ ਦੇ ਹੁਕਮ ਦਿੱਤੇ, ਪਰ ਇਹ ਬੂੰਦ ਹੈ ਸਮੁੰਦਰ ਵਿੱਚ। ਪੁਰਾਣੇ ਸਕੈਂਡਲ ਜਿਵੇਂ ਬੋਫੋਰਸ ਤੋਂ ਲੈ ਕੇ ਹੁਣ ਚੋਣਾਵੀ ਫੰਡਾਂ ਤੱਕ, ਹਰ ਪਾਸੇ ਭ੍ਰਿਸ਼ਟਾਚਾਰ ਹੀ ਵੱਸਦਾ ਹੈ।

ਇਸ ਵਿਵਸਥਾ ਨੂੰ ਸੁਧਾਰਨ ਲਈ ਹਕੂਮਤਾਂ ਨੇ ਕਈ ਕਦਮ ਚੁੱਕਣ ਦੇ ਦਾਅਵੇ ਕੀਤੇ ਹਨ- ਜਿਵੇਂ ਡਿਜੀਟਲ ਇੰਡੀਆ ਅਤੇ ਡਾਇਰੈਕਟ ਬੈਨਿਫਿਟ ਟ੍ਰਾਂਸਫਰ (ਡੀ.ਬੀ.ਟੀ.), ਜੋ ਰਿਸ਼ਵਤ ਨੂੰ ਘਟਾਉਣ ਵਿੱਚ ਮਦਦ ਕਰ ਰਹੇ ਹਨ। ਪਰ ਇਹ ਕਦਮ ਅਧੂਰੇ ਹਨ। 2025 ਵਿੱਚ ਭਾਰਤ ਨੇ ਐਂਟੀ-ਕਰਪਸ਼ਨ ਲਾਅ ਨੂੰ ਮਜਬੂਤ ਕੀਤਾ, ਪਰ ਅਮਲ ਵਿੱਚ ਕਮਜ਼ੋਰੀ ਹੈ। ਟ੍ਰਾਂਸਪੈਰੈਂਸੀ ਇੰਟਰਨੈਸ਼ਨਲ ਨੇ ਸੁਝਾਅ ਦਿੱਤਾ ਹੈ ਕਿ ਨਿੱਜੀ ਖੇਤਰ ਵਿੱਚ ਵੀ ਭ੍ਰਿਸ਼ਟਾਚਾਰ ਨੂੰ ਨਿਯੰਤ੍ਰਿਤ ਕਰਨ ਲਈ ਕਾਨੂੰਨ ਬਣਾਉਣੇ ਚਾਹੀਦੇ ਹਨ। ਆਮ ਲੋਕਾਂ ਨੂੰ ਵੀ ਆਪਣੀ ਬਣਦੀ ਭੂਮਿਕਾ ਨਿਭਾਉਣੀ ਪਵੇਗੀ- ਰਿਪੋਰਟਿੰਗ ਅਤੇ ਵੋਟਿੰਗ ਰਾਹੀਂ; ਪਰ ਜਦੋਂ ਤੱਕ ਵਿਵਸਥਾ ਬਦਲ ਨਹੀਂ ਜਾਂਦੀ, ਭ੍ਰਿਸ਼ਟਾਚਾਰ ਚੱਲੇਗਾ। ਦਰਅਸਲ 'ਕਾਵਾਂ' ਨੂੰ ਬੇਦਖ਼ਲ ਕਰਨ ਲਈ 'ਘੁੱਗੀਆਂ, ਕੋਇਲਾਂ' ਨੂੰ ਆਪਣੀ ਆਵਾਜ਼ ਇਕਸੁਰ ਕਰਨੀ ਪਵੇਗੀ, ਇਹੀ ਇਸ ਜੰਗਲ ਰਾਜ ਤੋਂ ਮੁਕਤੀ ਦਾ ਇਕੋ ਇੱਕ ਰਸਤਾ ਹੈ।

ਅਖੀਰ ਵਿੱਚ ਸ਼ਾਇਰ ਜਰਨੈਲ ਸਿੰਘ ਦਾ ਇਹ ਸ਼ਿਅਰ ਆਤਮ-ਸਾਤ ਕਰਦੇ ਜਾਓ:

ਜੰਗਲ ਉਗੇ ਜੰਗਲ ਮੌਲੇ,
ਐਪਰ ਜੰਗਲ ਰਾਜ ਨਾ ਹੋਵੇ
ਜੋ ਨਾ ਪੀੜ ਕਿਰਤ ਦੀ ਜਾਣੇ,
ਉਸਦੇ ਸਿਰ 'ਤੇ ਤਾਜ ਨਾ ਹੋਵੇ।

# ਸਾਈਬਰ ਕਰਾਇਮ: ਲੋਕ ਤੀਸਰੀ ਅੱਖ ਖੋਲ੍ਹਣ

**ਗੁਰਮੀਤ ਸਿੰਘ ਵੇਰਕਾ***
**ਫੋਨ: +91-987860221**

ਪੰਜਾਬ ਪੁਲਿਸ ਦੇ ਸਾਬਕਾ ਆਈ.ਜੀ. ਅਮਰ ਸਿੰਘ ਚਾਹਲ ਵੱਲੋਂ ਖੁਦ ਨੂੰ ਗੋਲੀ ਮਾਰਨ, ਜਖਮੀ ਹਾਲਤ 'ਚ ਹਸਪਤਾਲ ਦਾਖਲ ਹੋਣ ਅਤੇ ਖੁਦਕੁਸ਼ੀ ਨੋਟ 'ਚ ਕਰੋੜ ਤੋਂ ਵੱਧ ਸਾਈਬਰ ਠੱਗੀ ਦੇ ਗੰਭੀਰ ਖ਼ੁਲਾਸੇ ਕਰਨ ਸਬੰਧੀ ਖ਼ਬਰਾਂ ਪਿਛਲੇ ਦਿਨੀਂ ਅਖਬਾਰਾਂ, ਟੈਲੀਵਿਜ਼ਨ ਅਤੇ ਸੋਸ਼ਲ ਮੀਡੀਆ ਉਤੇ ਨਸ਼ਰ ਹੋਈਆਂ। ਮੇਰੀ ਨੌਕਰੀ ਦੌਰਾਨ ਉਹ ਅੰਮ੍ਰਿਤਸਰ ਸਿਟੀ ਵਿੱਚ ਡੀ.ਜੀ.ਪੀ. ਰਹੇ ਸਨ। ਕਾਨੂੰਨ ਨੂੰ ਜਾਣਣ ਵਾਲਾ ਰੋਜ਼ਾਨਾ ਪੜਤਾਲਾਂ ਇਹੋ ਜਿਹੀਆਂ ਕਰਨ ਵਾਲਾ ਇਹ ਅਫਸਰ ਵੀ ਇਨ੍ਹਾਂ ਠੱਗਾਂ ਦਾ ਸ਼ਿਕਾਰ ਹੋ ਗਿਆ ਤੇ ਖੁਦਕੁਸ਼ੀ ਕਰਨ ਲਈ ਮਜਬੂਰ ਹੋ ਗਿਆ। ਹੈਰਾਨ ਕਰਨ ਵਾਲੀ ਹੈ ਇਹ ਘਟਨਾ। ਪੁਲਿਸ ਮਹਿਕਮੇ ਵਿੱਚ ਖੁਦਕੁਸ਼ੀ ਨੂੰ ਬੁਜ਼ਦਿਲੀ ਦਾ ਨਾਂ ਦਿੱਤਾ ਹੈ। ਉਸ ਨੂੰ ਕੋਈ ਲਾਭ ਨਹੀਂ ਮਿਲਦਾ। ਇਹ ਜਾਣਦੇ ਹੋਏ ਵੀ ਇਸ ਪੁਲਿਸ ਅਫਸਰ ਵੱਲੋਂ ਖੁਦਕੁਸ਼ੀ ਕਰਨਾ ਕਈ ਸਵਾਲ ਖੜ੍ਹੇ ਕਰਦਾ ਹੈ।

ਪਿੱਛੇ ਜਿਹੇ ਚੰਡੀਗੜ੍ਹ ਸਾਈਬਰ ਕਰਾਇਮ ਪੁਲਿਸ ਨੇ ਇਸੇ ਤਰ੍ਹਾਂ ਦੇ 4 ਦੋਸ਼ੀ ਕੀਤੇ ਗ੍ਰਿਫਤਾਰ ਵੀ ਕੀਤੇ ਸਨ। ਸਾਈਬਰ ਠੱਗੀ ਦਾ ਸਿਲਸਲਾ, ਦੇਸ-ਵਿਦੇਸ਼ ਵਿੱਚ ਵੱਧ ਰਹੇ ਸਾਈਬਰ ਕਰਾਇਮ ਚਿੰਤਾ ਦਾ ਵਿਸ਼ਾ ਹੈ। ਮੈਂ ਆਪਣੀ ਪੁਲਿਸ ਦੀ ਨੌਕਰੀ ਵਿੱਚ ਅਨੇਕਾਂ ਪੜਤਾਲਾਂ ਕੀਤੀਆਂ ਹਨ। ਇਹ ਸਾਈਬਰ ਠੱਗ ਇਨ੍ਹੇ ਪੜ੍ਹੇ-ਲਿਖੇ ਤੇ ਸ਼ਾਤਰ ਹੁੰਦੇ ਹਨ ਕਿ ਫਰਜੀ ਕਾਲਾਂ, ਟੈਲੀਫੋਨ, ਸਿੰਮਾਂ, ਫਰਜੀ ਡਿਟੇਲਾਂ, ਅਡਰੈਸ ਪਾ ਭੋਲੇ-ਭਾਲੇ ਲੋਕਾਂ ਨੂੰ ਵੱਧ ਵਿਆਜ ਦੇਣ ਦੇ ਸਬਜ਼ਬਾਗ ਦਿਖਾ ਰੋਜ਼ਾਨਾਂ ਵੱਖ-ਵੱਖ ਅੰਦਾਜ਼ ਤੇ ਵੱਖ-ਵੱਖ ਤਰੀਕੇ ਨਾਲ ਆਪਣੀ ਠੱਗੀ ਦਾ ਸ਼ਿਕਾਰ ਬਣਾਉਂਦੇ ਹਨ। ਕਈ ਕੰਪਨੀਆਂ ਕਈ-ਕਈ ਸਾਲ ਵੱਧ ਵਿਆਜ ਦਿੰਦੀਆਂ ਰਹੀਆਂ ਤੇ ਅਖੀਰ ਲੋਕਾਂ ਨੂੰ ਵਿਸ਼ਵਾਸ ਵਿੱਚ ਲੈ ਕੇ ਕਰੋੜਾਂ ਰੁਪਿਆ ਲੋਕਾਂ ਦਾ ਲੁੱਟ ਕੇ ਭੱਜ ਗਈਆਂ। ਇਹ ਸਿਲਸਲਾ ਅਜੇ ਵੀ ਲਗਾਤਾਰ ਚਲ ਰਿਹਾ ਹੈ। ਇਨ੍ਹਾਂ ਨੂੰ ਟਰੇਸ ਕਰਨਾ ਬੜਾ ਔਖਾ ਹੋ ਜਾਂਦਾ ਹੈ। ਪੜ੍ਹੇ-ਲਿਖੇ ਲੋਕ, ਲਾਲਚੀ ਕਿਸਮ ਦੇ ਇੰਟਰਨੈਟ ਦੀ ਜਾਣਕਾਰੀ ਰੱਖਣ ਵਾਲੇ, ਪੈਸੇ ਵਾਲੇ; ਇੱਥੋਂ ਤੱਕ ਕਿ ਐਸ.ਐਚ.ਓ., ਕਰਨਲ-ਜਰਨਲ, ਜੋ ਕਾਨੂੰਨ ਨੂੰ ਜਾਣਦੇ ਹਨ, ਵੀ ਇਸ ਠੱਗੀ ਦੇ ਸ਼ਿਕਾਰ ਹੋਏ ਮੈਂ ਆਪਣੀ ਨੌਕਰੀ ਦੌਰਾਨ ਦੇਖੇ। ਲੋਕ ਭਲੀਭਾਂਤ ਜਾਣਦੇ ਹਨ ਕਿ ਜੋ ਕੰਪਨੀ ਆਰ.ਬੀ.ਆਈ. ਤੋਂ ਵੱਧ ਵਿਆਜ ਦਿੰਦੀ ਹੈ, ਉਹ ਫਰਾਡ ਹੈ; ਪਰ ਫਿਰ ਇਹ ਲੋਕ ਝਾਂਸੇ ਵਿੱਚ ਆ ਰਹੇ ਹਨ ਤੇ ਆਈ ਜਾ ਰਹੇ ਹਨ। ਲੋਕ ਇਨ੍ਹਾਂ ਦੇ ਸਪੰਰਕ ਵਿੱਚ ਆ ਠੱਗੀ ਦਾ ਸ਼ਿਕਾਰ ਹੁੰਦੇ ਹਨ। ਪੁਲਿਸ ਪਾਸ ਥਾਣਿਆਂ ਵਿੱਚ ਇਨ੍ਹਾਂ ਠੱਗਾਂ ਨੂੰ ਟਰੇਸ ਕਰਨ ਲਈ ਸਮਾਂ ਨਹੀਂ ਤੇ ਨਾ ਹੀ ਨਵੀਂ ਤਕਨੀਕ ਦੇ ਉਪਕਰਨ ਹਨ। ਇੱਕੋ ਇੱਕ ਥਾਣਾ ਸਾਈਬਰ ਕਰਾਇਮ ਮੁਹਾਲੀ ਨਵੇਂ ਉਪਕਰਨਾਂ ਤੇ ਟੈਕਨੀਕਲ ਸਟਾਫ ਨਾਲ ਲੈਸ ਹੈ, ਜਿੱਥੇ ਪੀੜਤ ਆਪਣੀ ਸ਼ਿਕਾਇਤ ਪਾ ਸਕਦਾ ਹੈ। ਕਾਨੂੰਨ ਅੰਗਰੇਜ਼ ਦੇ ਜ਼ਮਾਨੇ ਦਾ ਹੈ। ਸਜ਼ਾ ਨਾਂ-ਮਾਤਰ ਹੈ। ਕੋਰਟਾਂ ਦੀ ਸੁਸਤ ਰਫਤਾਰ ਕਾਰਨ ਪੀੜਤ ਇਨਸਾਫ ਲੈਣ ਲੱਗਿਆਂ ਬੁੱਢਾ ਹੋ ਜਾਂਦਾ ਹੈ। ਇਹ ਠੱਗ ਲੋਕ ਕੋਈ ਸਬੂਤ ਨਹੀਂ ਛੱਡਦੇ। ਅਦਾਲਤਾਂ ਵੀ ਦਸਤਾਵੇਜ਼ੀ ਸਬੂਤ ਮੰਗਦੀਆਂ ਹਨ। ਲੰਬੇ ਕੇਸ ਕਾਰਨ ਗਵਾਹ ਮਰ ਜਾਂਦੇ ਹਨ ਜਾਂ ਬਾਹਰ ਚਲੇ ਜਾਂਦੇ ਹਨ। ਸਬੂਤ ਨਸ਼ਟ ਹੋ ਜਾਂਦੇ ਹਨ। ਠੱਗ ਕਿਸਮ ਦੇ ਲੋਕ ਇਸ ਦਾ ਫਾਇਦਾ ਲੈ ਬਰੀ ਹੋ ਜਾਂਦੇ ਹਨ।

ਮੈਂ ਆਪਣੀ ਨੌਕਰੀ ਵਿੱਚ ਪੜਤਾਲ ਕੀਤੀ, ਜੋ ਪਾਠਕਾਂ ਦੇ ਰੂਬਰੂ ਕਰ ਰਿਹਾ ਹਾਂ: ਫਰਜੀ ਟਰੈਵਲ ਏਜੰਟ ਠੱਗਾ ਨੇ ਪਾੜ੍ਹਿਆਂ ਨੂੰ ਬਾਹਰ ਭੇਜਣ ਲਈ ਉਨ੍ਹਾਂ ਦੀ ਸ਼ੋਅ ਮਨੀ ਕਰਨ ਦੇ ਇਵਜ ਵਿੱਚ ਲੱਖਾਂ ਦੀ ਠੱਗੀ ਮਾਰੀ। ਲਏ ਹੋਏ ਪੈਸਿਆਂ ਦੇ ਆਪ ਐਫੀਡੇਵਿਟ ਦੇਣ ਦੀ ਜਗ੍ਹਾ ਉਲਟਾ ਪਾੜ੍ਹਿਆਂ ਪਾਸੋ ਐਫੀਡੇਵਿਟ ਲੈ ਲਏ। ਹਾਈਕੋਰਟ ਕੇਸ ਲੱਗਣ 'ਤੇ ਠੱਗ ਟਰੈਵਲ ਏਜੰਟਾਂ ਦੇ ਵਕੀਲ ਨੇ ਕਿਹਾ, ਮੇਰੇ ਕਲਾਇੰਟ ਬੇਕਸੂਰ ਹਨ। ਇਨ੍ਹਾਂ ਨੇ ਫਾਈਲ ਬਣਾਉਣ ਦੀ ਬਣਦੀ ਫੀਸ ਲਈ ਹੈ। ਬਾਕੀ ਸ਼ੋਅ ਮਨੀ ਪਾੜ੍ਹਿਆਂ ਨੇ ਹੀ ਕਰਨੀ ਹੁੰਦੀ ਹੈ। ਇਸ ਸਬੰਧੀ ਪਾੜ੍ਹਿਆਂ ਨੇ ਐਫੀਡੇਵਿਟ ਦਿੱਤੇ ਹਨ। ਜਦੋ ਜੱਜ ਸਾਹਿਬ ਨੇ ਐਫੀਡੇਵਿਟ ਪੜ੍ਹੇ। ਮੂੰਹ ਵਿੱਚ ਕਲਮ ਪਾ ਬੇਲ ਕਰਨ ਲੱਗੇ। ਮੈਂ ਬੋਲਿਆ, ਜੱਜ ਸਾਹਿਬ ਮੈਂ ਇਸ ਮੁਕੱਦਮੇ ਦਾ ਤਫਤੀਸ਼ੀ ਅਫਸਰ ਹਾਂ। ਸਾਰੇ ਪਾੜ੍ਹਿਆਂ ਦੇ ਬਿਆਨ 161 ਜਾਬਤਾ ਫੌਜਦਾਰੀ ਤਹਿਤ ਲਿਖੇ ਹਨ। ਮੋਟੀਆਂ ਰਕਮਾਂ ਸ਼ੋਅ ਮਨੀ ਲਈ ਲਈਆਂ ਹਨ। ਟਰੈਵਲ ਏਜੰਟ ਦਾ ਭਰਾ ਉਸ ਬੈਂਕ ਵਿੱਚ ਲੱਗਾ ਹੈ, ਜਿੱਥੋਂ ਇਹ ਫੇਕ ਕਾਗਜ਼ ਤਿਆਰ ਹੋਏ ਹਨ। ਆਨਲਾਈਨ ਹੋਣ ਕਾਰਨ ਇਹ ਸਾਰਾ ਭਾਂਡਾ ਫਾਸ ਹੋ ਗਿਆ। ਪਹਿਲਾ ਆਨਲਾਈਨ ਨਹੀਂ ਸੀ ਤਾਂ ਇਹ ਠੱਗ ਠੱਗੀਆਂ ਮਾਰਦੇ ਰਹੇ। ਮੈਂ ਬਿਆਨ ਪੜ੍ਹ ਕੇ ਭਰੀ ਕਚਹਿਰੀ ਵਿੱਚ ਸੁਣਾਏ। ਜੱਜ ਸਾਹਿਬ ਨੇ ਸੀਰੀਅਸ ਮੈਟਰ ਹੋਣ 'ਤੇ ਜ਼ਮਾਨਤਾਂ ਕੈਂਸਲ ਕਰ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਦਾ ਹੁਕਮ ਦਿੱਤਾ।

ਕੇਂਦਰ ਸਰਕਾਰ ਨੂੰ ਸਦਨ ਵਿੱਚ ਕਾਨੂੰਨ ਸਖ਼ਤ ਬਣਾ ਕੇ ਸਮੇਂ ਸੀਮਾ ਵਿੱਚ ਚਲਾਨ ਦੇ ਸਪੈਸ਼ਲ ਕੋਰਟਾਂ ਰਾਹੀਂ ਸਜ਼ਾ ਦਾ ਸਮਾਦਾਨ ਨੂੰ ਕਰਨਾ ਚਾਹੀਦਾ ਹੈ। ਜ਼ਿਲ੍ਹੇ ਵਾਰ ਆਧੁਨਿਕ ਉਪਕਰਨਾਂ ਤੇ ਸਟਾਫ ਨਾਲ ਲੈਸ ਸਾਈਬਰ ਥਾਣੇ ਬਣਾਏ ਜਾਣ; ਤਾਂ ਜੋ ਇਨ੍ਹਾਂ ਠੱਗਾਂ ਦੀ ਲੋਕੇਸ਼ਨ ਦਾ ਪਤਾ ਲਾ ਕੇ ਇਨ੍ਹਾਂ ਨੂੰ ਫਾਹੇ ਲਾਇਆ ਜਾਵੇ। ਲੋਕਾਂ ਨੂੰ ਵੀ ਆਪਣੀ ਤੀਸਰੀ ਅੱਖ ਖੋਲ੍ਹ ਇਨ੍ਹਾਂ ਤੋਂ ਸੁਚੇਤ ਹੋਣਾ ਚਾਹੀਦਾ ਹੈ।

---

***ਸੇਵਾ ਮੁਕਤ ਇੰਸਪੈਕਟਰ, ਪੰਜਾਬ ਪੁਲਿਸ।**




ਜਦੋਂ ਤੱਕ ਰਾਹਵਾਂ ਵਿੱਚ ਹਨੇਰਾ ਵੇ ਸੱਜਣਾ,
ਉਹ ਹਰ ਪਗਡੰਡੀ 'ਤੇ ਦੀਵੇ ਜਗਾਉਂਦਾ ਹੋਵੇਗਾ।

ਚੰਨ ਦੇ ਨਿਕਲਣ ਦਾ ਇੰਤਜ਼ਾਰ ਨਹੀਂ ਕਰਦਾ,
ਹਰ ਸ਼ਾਖ ਉੱਤੇ ਜੁਗਨੂੰ ਬਿਠਾਉਂਦਾ ਹੋਵੇਗਾ।

ਸੁੱਤੇ ਆਲ੍ਹਣਿਆਂ 'ਚ ਪੰਛੀ ਅੱਜ ਕਰਨ ਗੱਲਾਂ,
ਕਾਲੀ ਰਾਤੇ ਹਨੇਰਾ ਕੋਈ ਭਜਾਉਂਦਾ ਹੋਵੇਗਾ।

ਬੇਸ਼ੱਕ ਚਲਿਆ ਏ ਕੂੜ ਦਾ ਪ੍ਰਚਾਰ ਸਭ ਪਾਸੇ,
ਉਹ ਨਗਾਰੇ ਦੀ ਚੋਟ 'ਤੇ ਸੱਚ ਸੁਣਾਉਂਦਾ ਹੋਵੇਗਾ।

ਅੱਜ ਨਸ਼ਿਆਂ ਨੇ ਖਾ ਲਈ ਜਵਾਨੀ ਵੀ ਸੱਜਣਾ,
ਉਹ ਮਿਸ਼ਾਲਾਂ ਬਾਲ ਸਭ ਨੂੰ ਜਗਾਉਂਦਾ ਹੋਵੇਗਾ।

ਇੱਥੇ ਲੁੱਟਿਆ ਜਾਂਦਾ ਦੁੱਖ ਭਰਦੇ ਨੇ ਮਾਪੇ,
ਉਹ ਉਦਾਸ ਰੁੱਤਾਂ ਵਿੱਚ ਦੁੱਖ ਵਡਾਉਂਦਾ ਹੋਵੇਗਾ।

ਸਾਉਣ ਮਹੀਨੇ ਵੀ ਪੀਂਘਾਂ ਸੁੰਨੀਆਂ ਜਾਪਣ ਪਰ,
ਉਹ ਸੁੱਕੇ ਬਿਰਖਾਂ 'ਤੇ ਪੀਂਘ ਝੂਟਾਉਂਦਾ ਹੋਵੇਗਾ।

*-ਯਾਦਵਿੰਦਰ ਸਿੰਘ ਕਲੌਲੀ*
*ਫੋਨ: +91-8168433853*

# ਕਲਾਕ੍ਰਿਤੀਆਂ ਦਾ ਖਜ਼ਾਨਾ

## ਕੋਹਿਨੂਰ ਹੀਰੇ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਤਾਜ ਦੀ ਬ੍ਰਿਟੇਨ ਤੋਂ ਵਾਪਸੀ ਕੀ ਸੰਭਵ ਹੋ ਸਕੇਗੀ?



**ਜ਼ੁਬੈਰ ਅਹਿਮਦ**

ਬ੍ਰਿਟੇਨ ਵਿੱਚ ਭਾਰਤ ਦੀਆਂ ਬੇਸ਼ਕੀਮਤੀ ਕਲਾਕ੍ਰਿਤੀਆਂ ਦਾ ਬਹੁਤ ਵੱਡਾ ਖਜ਼ਾਨਾ ਹੈ, ਜਿਸ ਨੂੰ ਵਾਪਸ ਲੈਣ ਲਈ ਭਾਰਤ ਦੀਆਂ ਸਰਕਾਰਾਂ ਲਗਾਤਾਰ ਕੋਸ਼ਿਸ਼ਾਂ ਕਰਦੀਆਂ ਰਹੀਆਂ ਹਨ। ਪਰ ਕੀ ਬ੍ਰਿਟੇਨ ਕਦੇ ਲੁੱਟੀਆਂ ਗਈਆਂ ਕਲਾਕ੍ਰਿਤੀਆਂ ਨੂੰ ਵਾਪਸ ਕਰੇਗਾ?

'ਹੋਲੋਕਾਸਟ ਸਰਵਾਈਵਰਜ਼' (ਹਿਟਲਰ ਦੀ ਨਸਲਕੁਸ਼ੀ ਤੋਂ ਬਚੇ ਹੋਏ ਯਹੂਦੀ) ਕਈ ਵਾਰ ਇਹ ਕਹਿੰਦੇ ਸੁਣੇ ਗਏ ਹਨ ਕਿ ਨਾਜ਼ੀ ਜਰਮਨੀ ਨੇ ਨਾ ਸਿਰਫ਼ ਵੱਡੀ ਗਿਣਤੀ ਵਿੱਚ ਯਹੂਦੀਆਂ ਨੂੰ ਮਾਰਿਆ, ਸਗੋਂ ਉਨ੍ਹਾਂ ਦੀਆਂ ਹਜ਼ਾਰਾਂ ਕਲਾਕ੍ਰਿਤੀਆਂ ਨੂੰ ਵੀ ਲੁੱਟਿਆ।

ਯੂਰਪ ਕਤਲੇਆਮ ਨੂੰ ਰੋਕਣ ਵਿੱਚ ਅਸਫ਼ਲ ਰਹਿਣ ਕਾਰਨ ਪਛਤਾਵੇ ਵਿੱਚ ਡੁੱਬਿਆ ਹੋਇਆ ਸੀ ਅਤੇ ਅਮਰੀਕਾ ਦੂਜੇ ਵਿਸ਼ਵ ਯੁੱਧ ਦੇ ਖਤਮ ਹੋਣ ਤੋਂ ਤੁਰੰਤ ਬਾਅਦ ਯਹੂਦੀ ਕਲਾਕ੍ਰਿਤੀਆਂ ਨੂੰ ਮੁੜਵਾਉਣ ਲਈ ਸਰਗਰਮ ਹੋ ਗਿਆ ਸੀ। ਅਮਰੀਕੀ ਫੌਜ ਦੀ ਅਗਵਾਈ ਵਿੱਚ ਲਗਭਗ 70 ਲੱਖ ਕਲਾਕ੍ਰਿਤੀਆਂ ਦੀ ਪਛਾਣ ਕੀਤੀ ਗਈ ਅਤੇ ਉਨ੍ਹਾਂ ਦੇਸ਼ਾਂ ਨੂੰ ਵਾਪਸ ਭੇਜੀਆਂ ਗਈਆਂ, ਜਿੱਥੋਂ ਉਹ ਲੁੱਟੀਆਂ ਗਈਆਂ ਸਨ। ਇਨ੍ਹਾਂ ਵਿੱਚੋਂ ਜ਼ਿਆਦਾਤਰ ਯਹੂਦੀ ਲੋਕਾਂ ਦੀ ਮਲਕੀਅਤ ਸਨ।

ਇਹ ਕੋਸ਼ਿਸ਼ ਇੱਥੇ ਹੀ ਖਤਮ ਨਹੀਂ ਹੋਈ। ਸਾਲ 1985 ਵਿੱਚ ਯੂਰਪੀ ਦੇਸ਼ਾਂ ਨੇ ਰਸਮੀ ਤੌਰ 'ਤੇ ਯਹੂਦੀਆਂ ਤੋਂ ਲੁੱਟੀਆਂ ਗਈਆਂ ਕਲਾਕ੍ਰਿਤੀਆਂ ਦੀ ਪਛਾਣ ਕਰਨ ਤੇ ਵਾਪਸ ਕਰਵਾਉਣ ਦਾ ਕੰਮ ਸਮੂਹਿਕ ਤੌਰ 'ਤੇ ਸ਼ੁਰੂ ਕੀਤਾ ਅਤੇ 1998 ਵਿੱਚ ਇਸ ਬਾਰੇ ਇੱਕ ਅੰਤਰਰਾਸ਼ਟਰੀ ਸਮਝੌਤਾ ਹੋਇਆ, ਜਿਸ 'ਤੇ 39 ਦੇਸ਼ਾਂ ਨੇ ਦਸਤਖ਼ਤ ਕੀਤੇ।

ਸਾਰੇ ਯੂਰਪ ਵਿੱਚ ਇਹ ਸੋਚ ਜ਼ੋਰ ਫੜ ਰਹੀ ਹੈ ਕਿ ਮੱਧਕਾਲ ਸਮੇਂ ਤੋਂ ਲੈ ਕੇ ਅੱਜ ਤੱਕ ਆਜ਼ਾਦ ਦੇਸ਼ਾਂ ਉੱਤੇ ਕਬਜ਼ਾ ਕਰਨਾ, ਆਜ਼ਾਦ ਲੋਕਾਂ ਨੂੰ ਗੁਲਾਮ ਬਣਾਉਣਾ ਅਤੇ ਉਨ੍ਹਾਂ ਦੀਆਂ ਕੀਮਤੀ ਵਸਤੂਆਂ ਨੂੰ ਲੁੱਟਣਾ ਇੱਕ ਗੰਭੀਰ ਅਪਰਾਧ ਸੀ। ਹਾਲਾਂਕਿ ਮੱਧਕਾਲ ਦੌਰ ਵਿੱਚ ਏਸ਼ੀਆ ਅਤੇ ਅਫ਼ਰੀਕਾ ਦੇ ਕਈ ਦੇਸ਼ਾਂ ਨੂੰ ਗ਼ੁਲਾਮ ਬਣਾਉਣ ਵਾਲੇ ਯੂਰਪੀ ਮੁਲਕਾਂ ਨੇ ਕਦੇ ਵੀ ਲੁੱਟੀ ਹੋਈ ਜਾਇਦਾਦ ਨੂੰ ਵਾਪਸ ਕਰਨ ਦੇ ਮਸਲੇ ਵਿੱਚ ਕਦੇ ਕੋਈ ਕਾਹਲੀ ਨਹੀਂ ਦਿਖਾਈ।

ਇਸ ਦਾ ਸਭ ਤੋਂ ਵੱਡਾ ਨੁਕਸਾਨ ਭਾਰਤ ਨੇ ਝੱਲਿਆ। ਪਹਿਲਾਂ ਬ੍ਰਿਟੇਨ ਦੀ ਈਸਟ ਇੰਡੀਆ ਕੰਪਨੀ ਅਤੇ 1857 ਦੇ ਗਦਰ ਤੋਂ ਬਾਅਦ ਬ੍ਰਿਟਿਸ਼ ਰਾਜ ਨੇ ਭਾਰਤ ਦੀਆਂ ਕੀਮਤੀ ਕਲਾਕ੍ਰਿਤੀਆਂ, ਚਿੱਤਰਕਾਰੀ, ਟੈਕਸਟਾਈਲ, ਮੂਰਤੀਆਂ, ਹੀਰੇ ਅਤੇ ਗਹਿਣੇ ਲੁੱਟੇ ਜਾਂ ਜ਼ਬਰਦਸਤੀ ਹਾਸਲ ਕਰ ਲਏ। ਇਨ੍ਹਾਂ ਵਿੱਚੋਂ ਕੁਝ ਉਨ੍ਹਾਂ ਨੂੰ ਤੋਹਫ਼ੇ ਵਜੋਂ ਦਿੱਤੇ ਗਏ ਸਨ ਅਤੇ ਕੁਝ 'ਤੇ ਸਮਝੌਤਿਆਂ ਦੇ ਨਾਂ 'ਤੇ ਕਬਜ਼ਾ ਕਰ ਲਿਆ ਗਿਆ ਸੀ। ਬ੍ਰਿਟਿਸ਼ ਸਾਮਰਾਜਵਾਦ ਦੇ ਦੌਰ ਨੂੰ ਭਾਰਤ ਵਿੱਚ 'ਕਾਲੇ ਦੌਰ' ਵਜੋਂ ਯਾਦ ਕੀਤਾ ਜਾਂਦਾ ਹੈ।

'ਇੰਡੀਆ ਪ੍ਰਾਈਡ ਪ੍ਰੋਜੈਕਟ' ਦੁਨੀਆਂ ਭਰ ਦੇ ਜਨਤਕ ਅਜਾਇਬ ਘਰਾਂ ਅਤੇ ਨਿੱਜੀ ਸੰਗ੍ਰਹਿਕਾਰਾਂ ਤੋਂ ਚੋਰੀ ਅਤੇ ਤਸਕਰੀ ਕੀਤੀਆਂ ਪੁਰਾਤਨ ਵਸਤੂਆਂ ਨੂੰ ਭਾਰਤ ਵਾਪਸ ਲਿਆਉਣ ਲਈ ਇੱਕ ਛੋਟੀ ਜਿਹੀ ਨਾਗਰਿਕ ਲਹਿਰ ਹੈ। ਇਸ ਦੀ ਸ਼ੁਰੂਆਤ 2013 ਵਿੱਚ ਚੇਨੱਈ ਸਥਿਤ ਐੱਸ ਵਿਜੇ ਕੁਮਾਰ ਅਤੇ ਸਿੰਗਾਪੁਰ ਸਥਿਤ ਜਨਤਕ ਨੀਤੀ ਮਾਹਰ ਅਨੁਰਾਗ ਸਕਸੈਨਾ ਨੇ ਕੀਤੀ ਸੀ। ਭਾਰਤ ਨੇ ਰਸਮੀ ਤੌਰ 'ਤੇ ਲੁੱਟੇ ਗਏ ਸਮਾਨ ਦੀ ਕੋਈ ਸੂਚੀ ਤਿਆਰ ਨਹੀਂ ਕੀਤੀ ਅਤੇ ਨਾ ਹੀ ਇਸ ਦੀ ਕੀਮਤ ਦਾ ਕੋਈ ਸਹੀ ਅੰਦਾਜ਼ਾ ਲਗਾਇਆ ਜਾ ਸਕਿਆ ਹੈ। ਇੱਕ ਅੰਦਾਜ਼ੇ ਮੁਤਾਬਕ ਬ੍ਰਿਟੇਨ ਵਿੱਚ ਭਾਰਤੀ ਕਲਾਕ੍ਰਿਤੀਆਂ ਦੀ ਗਿਣਤੀ 30 ਹਜ਼ਾਰ ਤੋਂ ਵੱਧ ਹੈ। ਹਾਲਾਂਕਿ ਆਮ ਰਾਇ ਇਹ ਹੈ ਕਿ ਇਹ ਕਲਾਤਮਕ ਚੀਜ਼ਾਂ ਦੁਰਲੱਭ ਅਤੇ ਕੀਮਤੀ ਹਨ, ਇਨ੍ਹਾਂ ਦੀ ਕੀਮਤ ਨਹੀਂ ਲਾਈ ਜਾ ਸਕਦੀ। ਸਵਾਲ ਹੈ, ਕੀ ਭਾਰਤ ਦੀ ਇਸ ਵਿਲੱਖਣ ਵਿਰਾਸਤ ਨੂੰ ਵਾਪਸ ਲਿਆਉਣਾ ਸੰਭਵ ਹੈ?

ਭਾਰਤ ਤੋਂ ਲੁੱਟੇ ਗਏ ਮਾਲ ਦੀ ਗਿਣਤੀ ਘੱਟੋ-ਘੱਟ 25 ਤੋਂ 30 ਹਜ਼ਾਰ ਦੇ ਵਿਚਕਾਰ ਮੰਨੀ ਗਈ ਹੈ। ਵੱਧ ਵੀ ਹੋ ਸਕਦੀ ਹੈ, ਕਿਉਂਕਿ ਅਜੇ ਤੱਕ ਇਸ ਦੀ ਰਸਮੀ ਗਿਣਤੀ ਨਹੀਂ ਹੋਈ। ਭਾਰਤ ਦੀਆਂ ਪਿਛਲੀਆਂ ਕਈ ਸਰਕਾਰਾਂ ਨੇ ਬ੍ਰਿਟਿਸ਼ ਅਧਿਕਾਰੀਆਂ ਤੋਂ ਕੋਹਿਨੂਰ ਅਤੇ ਦੇਸ਼ ਦੀਆਂ ਹੋਰ ਕਲਾਕ੍ਰਿਤੀਆਂ ਨੂੰ ਵਾਪਸ ਕਰਨ ਦੀ ਮੰਗ ਕੀਤੀ, ਪਰ ਉਨ੍ਹਾਂ ਨੂੰ ਇਸ ਵਿੱਚ ਸਫ਼ਲਤਾ ਨਹੀਂ ਮਿਲੀ। ਇੰਗਲੈਂਡ ਦੇ ਅਖਬਾਰ 'ਦਿ ਟੈਲੀਗ੍ਰਾਫ' ਮੁਤਾਬਕ ਮੋਦੀ ਸਰਕਾਰ ਨੇ ਕੁਝ ਮਹੀਨੇ ਪਹਿਲਾਂ ਕੋਹਿਨੂਰ ਹੀਰਾ ਅਤੇ ਹਜ਼ਾਰਾਂ ਹੋਰ ਕਲਾਕ੍ਰਿਤੀਆਂ ਨੂੰ ਵਾਪਸ ਲੈਣ ਦੀ ਮੁਹਿੰਮ ਲਈ ਕੂਟਨੀਤਕ ਤਿਆਰੀਆਂ ਕੀਤੀਆਂ ਹਨ।

ਉਂਜ ਮਾਹਰਾਂ ਦਾ ਕਹਿਣਾ ਹੈ ਕਿ ਕੋਹਿਨੂਰ ਵਰਗੇ ਵਿਵਾਦਤ ਹੀਰੇ ਨੂੰ ਵਾਪਸ ਲਿਆਉਣਾ ਲਗਭਗ ਅਸੰਭਵ ਹੈ। ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਹਰਸ਼ ਤ੍ਰਿਵੇਦੀ ਦਾ ਕਹਿਣਾ ਹੈ ਕਿ ਭਾਰਤ ਨੂੰ ਇਸ ਦਿਸ਼ਾ ਵਿੱਚ ਦੋ ਮੁੱਖ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਪਹਿਲੀ ਚੁਣੌਤੀ ਗੁੰਝਲਦਾਰ ਕਾਨੂੰਨੀ ਪ੍ਰਕਿਰਿਆਵਾਂ, ਚੋਰੀ ਹੋਈਆਂ ਕਲਾਕ੍ਰਿਤੀਆਂ ਨੂੰ ਵਾਪਸ ਕਰਨ ਦੀ ਕਾਨੂੰਨੀ ਪ੍ਰਕਿਰਿਆ ਬਹੁਤ ਗੁੰਝਲਦਾਰ ਹੋ ਸਕਦੀ ਹੈ ਅਤੇ ਇਸ ਵਿੱਚ ਕਈ ਅਧਿਕਾਰ ਖੇਤਰ ਤੇ ਕਾਨੂੰਨੀ ਪ੍ਰਣਾਲੀਆਂ ਸ਼ਾਮਲ ਹੋ ਸਕਦੀਆਂ ਹਨ। ਭਾਰਤ ਨੂੰ ਕਈ ਕਾਨੂੰਨੀ ਰੁਕਾਵਟਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜਿਸ ਵਿੱਚ ਕਾਨੂੰਨੀ ਮਾਲਕੀ ਦਾ ਪ੍ਰਦਰਸ਼ਨ ਕਰਨਾ ਅਤੇ ਇਹ ਸਾਬਤ ਕਰਨਾ ਸ਼ਾਮਲ ਹੈ ਕਿ ਕਲਾਤਮਕ ਚੀਜ਼ਾਂ ਚੋਰੀ ਕੀਤੀਆਂ ਗਈਆਂ ਸਨ ਜਾਂ ਗੈਰ-ਕਾਨੂੰਨੀ ਢੰਗ ਨਾਲ ਪ੍ਰਾਪਤ ਕੀਤੀਆਂ ਗਈਆਂ ਸਨ!

ਦੂਜੀ ਚੁਣੌਤੀ ਰਾਜਨੀਤਿਕ ਅਤੇ ਕੂਟਨੀਤਕ ਹੈ। ਦੇਸ਼ਾਂ ਵਿਚਕਾਰ ਗੁੰਝਲਦਾਰ ਰਾਜਨੀਤਿਕ ਅਤੇ ਕੂਟਨੀਤਕ ਸਬੰਧ ਪੈਦਾ ਕਰਨੇ ਹੁੰਦੇ ਹਨ। ਇਹ ਵਿਸ਼ੇਸ਼ ਤੌਰ 'ਤੇ ਉਦੋਂ ਚੁਣੌਤੀਪੂਰਨ ਹੋ ਸਕਦਾ ਹੈ, ਜਿੱਥੇ ਕਲਾਕ੍ਰਿਤੀਆਂ ਬਸਤੀਵਾਦੀ ਸ਼ਾਸਨ ਦੌਰਾਨ ਲਈਆਂ ਗਈਆਂ ਸਨ; ਕਿਉਂਕਿ ਸਾਬਕਾ ਬਸਤੀਵਾਦੀ ਸ਼ਕਤੀ ਅਤੇ ਗੁਲਾਮ ਰਹੇ ਦੇਸ਼ਾਂ ਵਿਚਕਾਰ ਇਤਿਹਾਸਕ ਤਣਾਅ ਤੇ ਅਣਸੁਲਝੇ ਸਵਾਲ ਹੁੰਦੇ ਹਨ।

ਕਾਨੂੰਨੀ ਨਜ਼ਰੀਏ ਤੋਂ ਅਜਿਹਾ ਲੱਗਦਾ ਹੈ ਕਿ ਘੱਟੋ-ਘੱਟ ਕੋਹਿਨੂਰ ਦੀ ਵਾਪਸੀ ਦੇ ਮਾਮਲੇ ਵਿੱਚ ਭਾਰਤ ਨੇ ਹਾਰ ਮੰਨ ਲਈ ਹੈ। ਸਾਲ 2016 ਵਿੱਚ ਇੱਕ ਜਨਹਿਤ ਪਟੀਸ਼ਨ ਵਿੱਚ ਇੱਕ ਨਾਗਰਿਕ ਨੇ ਭਾਰਤ ਸਰਕਾਰ ਨੂੰ ਕੋਹਿਨੂਰ ਨੂੰ ਭਾਰਤ ਵਾਪਸ ਲਿਆਉਣ ਦੀ ਅਪੀਲ ਕਰਨ ਲਈ ਸੁਪਰੀਮ ਕੋਰਟ ਵਿੱਚ ਇੱਕ ਪਟੀਸ਼ਨ ਦਾਖਲ ਕੀਤੀ ਸੀ। ਇਸ ਦੇ ਜਵਾਬ ਵਿੱਚ ਭਾਰਤ ਸਰਕਾਰ ਨੇ ਕੋਹਿਨੂਰ ਨੂੰ ਬ੍ਰਿਟੇਨ ਦੀ ਜਾਇਦਾਦ ਮੰਨ ਲਿਆ ਸੀ ਤੇ ਇਸ ਤੋਂ ਹੱਥ ਧੋ ਲਏ ਸਨ। ਕੋਹਿਨੂਰ ਹੀਰਾ ਭਾਰਤ ਅਤੇ ਬ੍ਰਿਟੇਨ ਦੇ ਸਾਂਝੇ ਇਤਿਹਾਸ ਦਾ ਗਵਾਹ ਹੈ, ਕੋਹਿਨੂਰ ਦੀ ਬੇਮਿਸਾਲ ਸੁੰਦਰਤਾ ਦੀਆਂ ਕਹਾਣੀਆਂ ਦੁਨੀਆਂ ਭਰ ਦੇ ਦਿਲਾਂ ਨੂੰ ਮੋਹ ਲੈਂਦੀਆਂ ਹਨ।

ਕੋਹਿਨੂਰ ਹੀਰਾ ਵਿਵਾਦਾਂ ਵਿੱਚ ਘਿਰਿਆ ਹੋਇਆ ਹੈ। ਇਸ ਦੀ ਅਸਲ ਉਤਪਤੀ ਰਹੱਸ ਵਿੱਚ ਘਿਰੀ ਹੋਈ ਹੈ। ਮੰਨਿਆ ਜਾਂਦਾ ਹੈ ਕਿ ਇਹ ਗੋਲਕੁੰਡਾ ਖੇਤਰ ਵਿੱਚ ਭਾਰਤ ਦੀ ਕੋਲੂਰ ਖਾਨ ਵਿੱਚੋਂ ਕੱਢਿਆ ਗਿਆ ਸੀ। ਹੀਰੇ ਦਾ ਸਭ ਤੋਂ ਪੁਰਾਣਾ ਦਸਤਾਵੇਜ਼ੀ ਇਤਿਹਾਸ ਕਾਕਤੀਆ ਰਾਜਵੰਸ਼ ਦੇ ਰਾਜ ਦੌਰਾਨ 1306 ਦਾ ਹੈ। ਜਿਵੇਂ ਹੀ ਹੀਰਾ ਸਦੀਆਂ ਦੌਰਾਨ ਇੱਕ ਤੋਂ ਦੂਜੇ ਹੱਥ ਬਦਲਦਾ ਗਿਆ, ਇਸ ਨੇ ਦੱਖਣੀ ਏਸ਼ੀਆ ਦੇ ਵੱਖ-ਵੱਖ ਮੁਲਕਾਂ ਦੀ ਸੈਰ ਵੀ ਕੀਤੀ।

ਇਹ ਕਾਕਤੀਆ ਰਾਜਵੰਸ਼ ਤੋਂ ਦਿੱਲੀ ਸਲਤਨਤ ਅਤੇ ਬਾਅਦ ਵਿੱਚ ਮੁਗਲ ਸਾਮਰਾਜ ਕੋਲ਼ ਚਲਾ ਗਿਆ। ਮੁਗ਼ਲ ਬਾਦਸ਼ਾਹ ਬਾਬਰ ਨੇ ਆਪਣੀਆਂ ਯਾਦਾਂ ਵਿੱਚ ਹੀਰੇ ਦਾ



ਬ੍ਰਿਟੇਨ ਵਿੱਚ ਪਈ ਇੱਕ ਭਾਰਤੀ ਪੇਂਟਿੰਗ

ਜ਼ਿਕਰ ਕਰਦਿਆਂ ਇਸ ਨੂੰ ਕਥਿਤ ਤੌਰ 'ਤੇ ਦੁਬਾਰਾ ਕੱਟਣ ਤੋਂ ਪਹਿਲਾਂ ਇਸਦਾ ਭਾਰ 186 ਕੈਰੇਟ ਦੱਸਿਆ। ਸਮੇਂ ਦੇ ਨਾਲ ਪੱਥਰ ਨੂੰ ਹੋਰ ਸੋਧਿਆ ਗਿਆ, ਇਸਦੇ ਆਕਾਰ ਨੂੰ ਇਸ ਦੇ ਮੌਜੂਦਾ 105.6 ਕੈਰੇਟ ਤੱਕ ਘਟਾ ਦਿੱਤਾ ਗਿਆ।

ਭਾਰਤੀ ਉਪ-ਮਹਾਂਦੀਪ ਨੇ 18ਵੀਂ ਅਤੇ 19ਵੀਂ ਸਦੀ ਵਿੱਚ ਕਈ ਸ਼ਕਤੀ ਸੰਘਰਸ਼ ਤੇ ਯੁੱਧ ਦੇਖੇ। ਇਸ ਅਸ਼ਾਂਤ ਦੌਰ ਦੇ ਵਿਚਕਾਰ ਕੋਹਿਨੂਰ ਹੀਰੇ ਨੇ ਬ੍ਰਿਟਿਸ਼ ਬਸਤੀਵਾਦੀਆਂ ਦਾ ਧਿਆਨ ਖਿੱਚਿਆ। 1849 ਵਿੱਚ ਦੂਜੀ ਐਂਗਲੋ-ਸਿੱਖ ਜੰਗ ਵਿੱਚ ਬ੍ਰਿਟੇਨ ਦੀ ਜਿੱਤ ਤੋਂ ਬਾਅਦ ਹੀਰਾ ਜੰਗ ਦੀ ਲੁੱਟ ਦਾ ਹਿੱਸਾ ਬਣ ਗਿਆ, ਲਾਹੌਰ ਦੀ ਸੰਧੀ ਦੇ ਤਹਿਤ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਨੂੰ ਸੌਂਪ ਦਿੱਤਾ ਗਿਆ। ਬ੍ਰਿਟਿਸ਼ ਅਧਿਕਾਰੀਆਂ ਨੇ 1850 ਵਿੱਚ ਮਹਾਰਾਣੀ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

## ਬ੍ਰਿਟੇਨ 'ਚ ਭਾਰਤ ਦੀਆਂ ਅਹਿਮ ਕਲਾਕ੍ਰਿਤੀਆਂ

### ਕੋਹਿਨੂਰ ਹੀਰਾ

ਸਭ ਤੋਂ ਮਸ਼ਹੂਰ ਭਾਰਤੀ ਕਲਾਕ੍ਰਿਤੀਆਂ ਵਿੱਚੋਂ ਇੱਕ ਕੋਹਿਨੂਰ ਹੀਰਾ 'ਬ੍ਰਿਟਿਸ਼ ਕਰਾਊਨ ਜਵੇਲਜ਼' ਦਾ ਹਿੱਸਾ ਹੈ, ਜੋ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਦੁਆਰਾ 1849 ਵਿੱਚ ਇੱਕ ਲੜਾਈ ਤੋਂ ਬਾਅਦ ਹਾਸਲ ਕੀਤਾ ਗਿਆ ਸੀ ਅਤੇ ਬਾਅਦ ਵਿੱਚ ਮਹਾਰਾਣੀ ਵਿਕਟੋਰੀਆ ਨੂੰ ਪੇਸ਼ ਕੀਤਾ ਗਿਆ ਸੀ।

### ਸੁਲਤਾਨਗੰਜ ਬੁੱਧ

ਇਹ ਇੱਕ ਮਹੱਤਵਪੂਰਨ ਭਾਰਤੀ ਕਲਾਕ੍ਰਿਤੀ ਹੈ। ਇਹ 8ਵੀਂ ਸਦੀ ਦੀ ਬਣੀ ਬੁੱਧ ਦੀ ਕਾਂਸੀ ਦੀ ਮੂਰਤੀ ਹੈ, ਜਿਸ ਨੂੰ ਇਸ ਸਮੇਂ ਲੰਡਨ ਦੇ ਵਿਕਟੋਰੀਆ ਐਂਡ ਐਲਬਰਟ ਮਿਊਜ਼ੀਅਮ ਵਿੱਚ ਰੱਖਿਆ ਗਿਆ ਹੈ।

### ਅਮਰਾਵਤੀ ਸਤੂਪ ਪੈਨਲ

ਲੰਡਨ ਦੇ ਬ੍ਰਿਟਿਸ਼ ਮਿਊਜ਼ੀਅਮ ਵਿੱਚ ਭਾਰਤ ਦੇ ਸਭ ਤੋਂ ਮਹੱਤਵਪੂਰਨ ਬੋਧੀ ਸਥਾਨਾਂ ਵਿੱਚੋਂ ਇੱਕ ਅਮਰਾਵਤੀ ਸਤੂਪ ਤੋਂ ਪ੍ਰਾਚੀਨ ਪੱਥਰ ਦੇ ਪੈਨਲਾਂ ਦਾ ਸੰਗ੍ਰਹਿ ਹੈ। ਇਹ ਪੈਨਲ ਬੁੱਧ ਦੇ ਜੀਵਨ ਦੀਆਂ ਝਾਕੀਆਂ ਦਰਸਾਉਂਦੇ ਹਨ।

### ਸ਼ਿਵਾਜੀ ਦੀਆਂ ਤਲਵਾਰਾਂ

ਸ਼ਿਵਾਜੀ ਦੀਆਂ ਤਿੰਨ ਪ੍ਰਸਿੱਧ ਤਲਵਾਰਾਂ ਦੇ ਨਾਂ 'ਭਵਾਨੀ', 'ਜਗਦੰਬਾ' ਅਤੇ 'ਤੁਲਜਾ' ਸਨ। ਇਹ ਤਲਵਾਰਾਂ ਵਰਤਮਾਨ ਵਿੱਚ ਲੰਡਨ ਦੇ ਸੇਂਟ ਜੇਮਸ ਪੈਲੇਸ ਵਿੱਚ ਬ੍ਰਿਟਿਸ਼ ਸ਼ਾਹੀ ਪਰਿਵਾਰ ਦੀ ਮਲਕੀਅਤ ਵਜੋਂ ਪਈਆਂ ਹਨ। 'ਦਿ ਹਿੰਦੂ' ਅਖ਼ਬਾਰ ਦੀ ਇੱਕ ਰਿਪੋਰਟ ਮੁਤਾਬਕ ਮਹਾਰਾਸ਼ਟਰ ਸਰਕਾਰ ਨੇ ਇਨ੍ਹਾਂ ਤਲਵਾਰਾਂ ਨੂੰ ਵਾਪਸ ਲਿਆਉਣ ਲਈ ਯਤਨ ਸ਼ੁਰੂ ਕੀਤੇ ਹਨ।

### ਟੀਪੂ ਸੁਲਤਾਨ ਦੀ ਤਲਵਾਰ ਤੇ ਬਾਘ

ਟੀਪੂ ਸੁਲਤਾਨ ਦੀ ਇੱਕ ਤਲਵਾਰ ਲੰਡਨ ਵਿੱਚ ਇੱਕ ਨਿੱਜੀ ਸੰਗ੍ਰਹਿ ਵਿੱਚ ਹੈ, ਪਰ ਇਹ ਭਾਰਤ ਦੀ ਵਿਰਾਸਤ ਦਾ ਇੱਕ ਮਹੱਤਵਪੂਰਨ ਹਿੱਸਾ ਹੈ। ਟੀਪੂ ਸੁਲਤਾਨ ਦਾ ਬਾਘ ਇੱਕ ਮਸ਼ਹੂਰ ਮਕੈਨੀਕਲ ਖਿਡੌਣਾ ਹੈ, ਜਿਸ ਵਿੱਚ ਇੱਕ ਬ੍ਰਿਟਿਸ਼ ਸੈਨਿਕ ਨੂੰ ਇੱਕ ਬਾਘ ਮਾਰਦਾ ਹੋਇਆ ਦਿਖਾਇਆ ਗਿਆ ਹੈ। ਇਹ ਮੈਸੂਰ ਰਾਜ ਦੇ ਸ਼ਾਸਕ ਟੀਪੂ ਸੁਲਤਾਨ ਲਈ ਬਣਾਇਆ ਗਿਆ ਸੀ। ਇਹ ਪੋਵਿਸ ਕੈਸਲ ਵਿੱਚ ਹੈ।

### ਅਮਰਾਵਤੀ ਰੇਲਿੰਗ

ਬ੍ਰਿਟਿਸ਼ ਮਿਊਜ਼ੀਅਮ ਵਿੱਚ ਅਮਰਾਵਤੀ ਸਤੂਪ ਤੋਂ ਸੰਗਮਰਮਰ ਦੀਆਂ ਰੇਲਿੰਗਾਂ ਦਾ ਇੱਕ ਸੰਗ੍ਰਹਿ ਵੀ ਹੈ, ਜੋ ਕਿ ਦੂਜੀ ਸਦੀ ਈਸਾ ਪੂਰਵ ਦੀਆਂ ਹਨ ਅਤੇ ਬੁੱਧ ਦੇ ਜੀਵਨ ਦੀਆਂ ਝਾਕੀਆਂ ਨੂੰ ਦਰਸਾਉਂਦੀਆਂ ਹਨ।

### ਮਹਾਰਾਜਾ ਰਣਜੀਤ ਸਿੰਘ ਦਾ ਤਾਜ

ਯੂ.ਕੇ. ਵਿੱਚ ਰਾਇਲ ਕਲੈਕਸ਼ਨ ਟਰੱਸਟ ਸਿੱਖ ਸਾਮਰਾਜ ਦੇ ਆਖਰੀ ਮਹਾਰਾਜਾ ਰਣਜੀਤ ਸਿੰਘ ਦਾ ਤਾਜ ਪਿਆ ਹੈ। ਤਾਜ ਬਹੁਤ ਸਾਰੇ ਹੀਰਿਆਂ ਅਤੇ ਕੀਮਤੀ ਪੱਥਰਾਂ ਨਾਲ ਸਜਿਆ ਹੋਇਆ ਹੈ।

### ਚੋਲ ਕਾਲ ਦੀਆਂ ਕਾਂਸੀ ਦੀਆਂ ਮੂਰਤੀਆਂ

ਬ੍ਰਿਟਿਸ਼ ਮਿਊਜ਼ੀਅਮ ਵਿੱਚ ਭਾਰਤ ਦੇ ਚੋਲ ਰਾਜਵੰਸ਼ ਦੀਆਂ ਕਾਂਸੀ ਦੀਆਂ ਮੂਰਤੀਆਂ ਦਾ ਸੰਗ੍ਰਹਿ ਹੈ, ਇਹ ਮੂਰਤੀਆਂ 9ਵੀਂ ਤੋਂ 13ਵੀਂ ਸਦੀ ਦੀਆਂ ਹਨ ਅਤੇ ਦੇਵਤਿਆਂ ਤੇ ਰਿਸ਼ੀ-ਮੁਨੀਆਂ ਨੂੰ ਦਰਸਾਉਂਦੀਆਂ ਹਨ।

### 'ਬਾਣੀ ਠਾਣੀ' ਚਿੱਤਰਕਾਰੀ

ਲੰਡਨ ਦੀ ਨੈਸ਼ਨਲ ਗੈਲਰੀ ਵਿੱਚ ਬਾਣੀ-ਠਾਣੀ ਦੇ ਨਾਂ ਨਾਲ ਜਾਣੀ ਜਾਂਦੀ ਰਾਜਸਥਾਨੀ ਲਘੂ ਪੇਂਟਿੰਗ ਹੈ। 18ਵੀਂ ਸਦੀ ਵਿੱਚ ਬਣੀ ਇਸ ਪੇਂਟਿੰਗ ਵਿੱਚ ਰਾਜਸਥਾਨ ਦੇ ਕਿਸ਼ਨਗੜ੍ਹ ਦੇ ਦਰਬਾਰ ਦੀ ਇੱਕ ਔਰਤ ਨੂੰ ਦਰਸਾਇਆ ਗਿਆ ਹੈ।

ਇਸ ਤੋਂ ਇਲਾਵਾ ਭਾਰਤ ਦੀਆਂ ਹੋਰ ਵੀ ਕਈ ਕੀਮਤੀ ਚੀਜ਼ਾਂ ਬ੍ਰਿਟੇਨ ਦੇ ਕਬਜ਼ੇ ਵਿੱਚ ਹਨ। ਇਹ ਸਾਰੇ ਮੁੱਖ ਤੌਰ 'ਤੇ ਚਾਰ ਕਿਸਮਾਂ ਦੀ ਕਸਟਡੀ ਵਿੱਚ ਹਨ: ਅਜਾਇਬ ਘਰ, ਯੂਨੀਵਰਸਿਟੀ ਲਾਇਬ੍ਰੇਰੀਆਂ, ਨਿੱਜੀ ਮਾਲਕੀ ਅਤੇ ਬ੍ਰਿਟਿਸ਼ ਕਰਾਊਨ ਜਵੇਲਜ਼। ਢਾਈ ਕੁ ਸਾਲ ਪਹਿਲਾਂ ਲੰਡਨ ਵਿੱਚ ਟੀਪੂ ਸੁਲਤਾਨ ਦੀ ਤਲਵਾਰ ਅਤੇ ਹੋਰ ਕਲਾਕ੍ਰਿਤੀਆਂ ਦੀ ਨਿਲਾਮੀ 142 ਕਰੋੜ ਰੁਪਏ ਵਿੱਚ ਕੀਤੀ ਗਈ।

## ਨਟਰਾਜ ਦੀ ਵਾਪਸੀ, ਉਮੀਦ ਦੀ ਕਿਰਨ?

ਭਾਰਤ ਨੂੰ ਬ੍ਰਿਟੇਨ ਦੀ ਅਦਾਲਤ ਵਿੱਚ ਇੱਕ ਵਿਲੱਖਣ ਅਤੇ ਗੁੰਝਲਦਾਰ ਕੇਸ ਵਿੱਚ ਸਫ਼ਲਤਾ ਮਿਲ ਚੁੱਕੀ ਹੈ। ਇਹ ਮਾਮਲਾ ਨਟਰਾਜ ਦੀ ਮੂਰਤੀ ਨਾਲ ਸਬੰਧਤ ਹੈ, ਜੋ ਤਾਮਿਲਨਾਡੂ ਦੇ ਇੱਕ ਮੰਦਰ ਤੋਂ ਬ੍ਰਿਟੇਨ ਪਹੁੰਚੀ ਸੀ। ਨਟਰਾਜ ਦੀ ਇਹ ਮੂਰਤੀ 1976 ਵਿੱਚ ਤਾਮਿਲਨਾਡੂ ਦੇ ਤੰਜਾਵੁਰ ਜ਼ਿਲ੍ਹੇ ਦੇ ਪਾਥੁਰ ਪਿੰਡ ਦੇ ਅਰਿਲ ਥਿਰੂ



ਵਿਸ਼ਵਨਾਥ ਸਵਾਮੀ ਮੰਦਰ ਤੋਂ ਚੋਰੀ ਹੋਈ ਸੀ। ਤਸਕਰੀ ਰਾਹੀਂ ਇਹ ਇੰਗਲੈਂਡ ਪਹੁੰਚ ਗਈ, ਜਿੱਥੇ ਇਸ ਨੂੰ ਵੇਚਿਆ ਗਿਆ। ਹੁਣ ਇਹ ਮੂਰਤੀ ਵਾਪਸ ਉਸੇ ਮੰਦਰ ਨੂੰ ਸੌਂਪ ਦਿੱਤੀ ਗਈ ਹੈ। ਭਾਰਤ ਪ੍ਰਾਚੀਨ ਮੰਦਰਾਂ ਦਾ ਦੇਸ਼ ਹੈ, ਸਦੀਆਂ ਤੋਂ ਪੁਰਾਤਨ ਮੰਦਰਾਂ ਨਾਲ ਸਬੰਧਤ ਦੁਰਲੱਭ ਮੂਰਤੀਆਂ ਅਤੇ ਹੋਰ ਕੀਮਤੀ ਵਸਤੂਆਂ ਚੋਰੀ ਅਤੇ ਤਸਕਰੀ ਰਾਹੀਂ ਦੇਸ਼ ਤੋਂ ਬਾਹਰ ਭੇਜੀਆਂ ਜਾਂਦੀਆਂ ਰਹੀਆਂ ਹਨ। ਮੋਦੀ ਸਰਕਾਰ ਦਾ ਦਾਅਵਾ ਹੈ ਕਿ 240 ਪ੍ਰਾਚੀਨ ਕਲਾਕ੍ਰਿਤੀਆਂ ਬਰਾਮਦ ਕਰਕੇ ਭਾਰਤ ਵਾਪਸ ਲਿਆਂਦੀਆਂ ਗਈਆਂ ਹਨ।

# ਧਰਤੀ ਵਾਸੀਆਂ ਲਈ ਵਰਦਾਨ ਵੀ ਹਨ 'ਜਵਾਲਾਮੁਖੀ'

***ਜਵਾਲਾਮੁਖੀ ਫੁੱਟਣ ਦੀ ਇੱਕ ਘਟਨਾ ਆਈਸਲੈਂਡ ਦੇ 'ਰਿਕਜੇਨਸ ਪਰਾਇਦੀਪ' ਦੀ ਵੀ ਹੈ, ਜਦੋਂ 8 ਫ਼ਰਵਰੀ 2024 ਨੂੰ ਫੁੱਟੇ ਜਵਾਲਾਮੁਖੀ ਦੌਰਾਨ ਸੰਤਰੀ ਰੰਗ ਦਾ ਲਾਵਾ 80 ਮੀਟਰ ਹਵਾ ਵਿੱਚ ਉਡਦਾ ਵੇਖਿਆ ਗਿਆ ਸੀ। ਇਸ ਘਟਨਾ ਨੇ ਸਰਦੀ ਦੇ ਮੌਸਮ ਵਿੱਚ ਕੀਤੀ ਜਾਂਦੀ ਗਰਮ ਪਾਣੀ ਦੀ ਪੂਰਤੀ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਸੀ।***





## ਵਿਚਾਰ

**ਅਸ਼ਵਨੀ ਚਤਰਥ, ਬਟਾਲਾ**
**ਫੋਨ:+91-6284220595**



ਸੰਸਾਰ ਭਰ ਵਿੱਚ ਕਿਸੇ ਨਾ ਕਿਸੇ ਥਾਂ ਉੱਤੇ ਜਵਾਲਾਮੁਖੀਆਂ ਦੇ ਫੁੱਟਣ ਦੀਆਂ ਘਟਨਾਵਾਂ ਅਕਸਰ ਵਾਪਰਦੀਆਂ ਹੀ ਰਹਿੰਦੀਆਂ ਹਨ। ਇਨ੍ਹਾਂ ਵਿੱਚੋਂ ਨਿਕਲਦੀਆਂ ਜ਼ਹਿਰੀਲੀਆਂ ਗੈਸਾਂ ਵਾਤਾਵਰਣ ਨੂੰ ਪ੍ਰਦੂਸ਼ਿਤ ਕਰਦੀਆਂ ਹਨ। ਅਜਿਹੇ ਹਾਦਸੇ ਵੀ ਵੇਖਣ ਨੂੰ ਮਿਲਦੇ ਹਨ, ਜਿਨ੍ਹਾਂ ਵਿੱਚ ਜਵਾਲਾਮੁਖੀਆਂ ਵਿੱਚੋਂ ਨਿਕਲਦਾ ਗਰਮ ਲਾਵਾ ਆਬਾਦੀ ਵਾਲੇ ਇਲਾਕਿਆਂ ਵਿੱਚ ਪਹੁੰਚ ਕੇ ਜਾਨੀ ਅਤੇ ਮਾਲੀ ਨੁਕਸਾਨ ਕਰਦਾ ਹੈ। ਅਸਲ ਵਿੱਚ ਜਵਾਲਾਮੁਖੀਆਂ ਦੇ ਫੁੱਟਣ ਦਾ ਇਤਿਹਾਸ ਕਰੋੜਾਂ ਸਾਲ ਪੁਰਾਣਾ ਹੈ, ਪਰ ਜੇਕਰ ਪਿਛਲੇ ਦੋ ਕੁ ਸੌ ਸਾਲ ਪਰਾਣੇ ਇਤਿਹਾਸ ਵੱਲ ਝਾਤ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਸੰਨ 1815 ਵਿੱਚ ਇੰਡੋਨੇਸ਼ੀਆ ਦੇ 'ਸੰਭਾਵਾ' ਅਤੇ 'ਤੰਬੋਰਾ ਟਾਪੂਆਂ' ਵਿੱਚ ਫੁੱਟੇ ਜਵਾਲਾਮੁਖੀਆਂ ਵਿੱਚ ਲੱਖਾਂ ਲੋਕਾਂ ਦੀ ਮੌਤ ਹੋਈ ਸੀ ਅਤੇ ਵੱਡੇ ਪੱਧਰ ਦਾ ਮਾਲੀ ਨੁਕਸਾਨ ਵੀ ਹੋਇਆ ਸੀ। 27 ਅਗਸਤ 1883 ਨੂੰ 'ਕਰਾਕਾਟੋਆ ਟਾਪੂ' ਵਿਖੇ ਉੱਠੇ ਜਵਾਲਾਮੁਖੀ ਵਿੱਚ ਵੀ ਛੱਤੀ ਹਜ਼ਾਰ ਦੇ ਕਰੀਬ ਲੋਕਾਂ ਦੀ ਜਾਨ ਗਈ ਸੀ। ਜਵਾਲਾਮੁਖੀਆਂ ਦੀ ਭਿਆਨਕਤਾ ਦਾ ਪਤਾ ਮਈ 1902 ਦੀ ਘਟਨਾ ਤੋਂ ਲੱਗਦਾ ਹੈ, ਜਿਸ ਵਿੱਚ ਵੈੱਸਟ ਇੰਡੀਜ਼ ਦੇ 'ਮਾਰਟੀਨੀਕ ਟਾਪੂ' ਵਿੱਚ ਫੁੱਟੇ 'ਮਾਊਂਟ ਪੇਲੇ' ਨਾਂ ਦੇ ਜਵਾਲਾਮੁਖੀ ਨੇ ਸੈਂਟ-ਪੀਅਰ ਨਾਂ ਦਾ ਪੂਰਾ ਸ਼ਹਿਰ ਹੀ ਤਬਾਹ ਕਰ ਦਿੱਤਾ ਸੀ। ਸੰਨ 1980 ਵਿੱਚ ਅਮਰੀਕਾ ਦੇ ਸ਼ਹਿਰ ਵਾਸ਼ਿੰਗਟਨ ਨੇੜੇ 'ਮਾਊਂਟ ਹੈਲਨਸ' ਨਾਂ ਦੀ ਪਹਾੜੀ ਚੋਟੀ ਉੱਤੇ ਫੁੱਟੇ ਜਵਾਲਾਮੁਖੀ ਨੇ 57 ਲੋਕਾਂ ਦੀ ਜਾਨ ਲੈ ਲਈ ਸੀ ਅਤੇ ਸਾਲ 1985 ਵਿੱਚ ਕੋਲੰਬੀਆ ਦੇ 'ਐਂਡੀਸ' ਪਹਾੜੀਆਂ ਵਿੱਚ ਲਾਵਾ ਫੁੱਟਣ ਨਾਲ 23 ਹਜ਼ਾਰ ਦੇ ਕਰੀਬ ਲੋਕ ਮਾਰੇ ਗਏ ਸਨ ਅਤੇ 5000 ਦੇ ਕਰੀਬ ਘਰਾਂ ਦੀ ਤਬਾਹੀ ਵੀ ਹੋਈ ਸੀ।

ਲਾਵਾ ਫੁੱਟਣ ਦੀ ਇੱਕ ਹੋਰ ਘਟਨਾ ਸਪੇਨ ਦੇ 'ਲਾ-ਪਾਲਮਾ' ਦੀ ਹੈ, ਜਿੱਥੇ 19 ਸਤੰਬਰ 2021 ਨੂੰ ਫੁੱਟੇ ਜਵਾਲਾਮੁਖੀ ਨੇ 2600 ਦੇ ਕਰੀਬ ਇਮਾਰਤਾਂ ਦਾ ਨੁਕਸਾਨ ਕਰ ਦਿੱਤਾ ਸੀ ਅਤੇ ਹਜ਼ਾਰਾਂ ਲੋਕਾਂ ਨੂੰ ਬੇਘਰ ਕਰ ਦਿੱਤਾ ਸੀ। ਜਵਾਲਾਮੁਖੀ ਫੁੱਟਣ ਦੀ ਇੱਕ ਘਟਨਾ ਆਈਸਲੈਂਡ ਦੇ 'ਰਿਕਜੇਨਸ ਪਰਾਇਦੀਪ' ਦੀ ਵੀ ਹੈ, ਜਦੋਂ 8 ਫ਼ਰਵਰੀ 2024 ਨੂੰ ਫੁੱਟੇ ਜਵਾਲਾਮੁਖੀ ਦੌਰਾਨ ਸੰਤਰੀ ਰੰਗ ਦਾ ਲਾਵਾ 80 ਮੀਟਰ ਹਵਾ ਵਿੱਚ ਉਡਦਾ ਵੇਖਿਆ ਗਿਆ ਸੀ। ਇਸ ਘਟਨਾ ਨੇ ਸਰਦੀ ਦੇ ਮੌਸਮ ਵਿੱਚ ਕੀਤੀ ਜਾਂਦੀ ਗਰਮ ਪਾਣੀ ਦੀ ਪੂਰਤੀ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਸੀ। ਇਸ ਇਲਾਕੇ ਵਿੱਚ ਲਾਵਾ ਫੁੱਟਣ ਦੀ ਦੋ ਮਹੀਨਿਆਂ ਦੌਰਾਨ ਇਹ ਤੀਜੀ ਘਟਨਾ ਸੀ।

ਈਥੋਪੀਆ ਦੇ ਅਫਾਰ ਇਲਾਕੇ ਵਿੱਚ 23 ਨਵੰਬਰ 2025 ਦੇ ਜਵਾਲਾਮੁਖੀ ਦੇ ਫੱਟਣ ਦੀ ਘਟਨਾ ਨੇ ਇਸ ਇਲਾਕੇ ਦੇ ਲੋਕਾਂ ਨੂੰ ਹੈਰਾਨ ਕਰ ਦਿੱਤਾ ਸੀ, ਕਿਉਂਕਿ ਇਹ ਘਟਨਾ ਕਰੀਬ ਦਸ ਹਜ਼ਾਰ ਸਾਲ ਬਾਅਦ ਵਾਪਰੀ ਸੀ। ਇਸ 'ਚੋਂ ਨਿਕਲੇ ਗੈਸਾਂ ਅਤੇ ਕਾਲਖ ਦੇ ਬੱਦਲ ਅਸਮਾਨ ਵਿੱਚ 14 ਕਿਲੋਮੀਟਰ ਤੱਕ ਉੱਚੇ ਪਹੁੰਚ ਗਏ ਸਨ। ਹਾਇਲੀ ਗੁਬੀ ਨਾਂ ਦੇ ਜਵਾਲਾਮੁਖੀ 'ਚੋਂ ਨਿਕਲੇ ਲਾਵੇ ਨੇ ਅਕਾਸ਼ ਵਿੱਚ 53,000 ਵਰਗ ਕਿਲੋਮੀਟਰ ਖੇਤਰ ਵਿੱਚ ਸਲਫਰ ਡਾਈਆਕਸਾਈਡ ਗੈਸ ਅਤੇ ਕਾਲਖ ਦੇ ਬਦਲ ਬਣਾ ਦਿੱਤੇ ਸਨ, ਜਿਨ੍ਹਾਂ ਦਾ ਪ੍ਰਭਾਵ ਅਗਲੇ ਦਿਨਾਂ ਵਿਚ ਭਾਰਤ ਦੇ ਕੁਝ ਹਿੱਸਿਆਂ ਵਿੱਚ ਵੀ ਵੇਖਿਆ ਗਿਆ ਸੀ।

ਉਕਤ ਸਾਰੇ ਵਿਨਾਸ਼ਕਾਰੀ ਪ੍ਰਭਾਵਾਂ ਦੇ ਬਾਵਜੂਦ ਜਵਾਲਾਮੁਖੀਆਂ ਨੇ ਧਰਤੀ ਉੱਤੇ ਜੀਵਨ ਦੀ ਉਤਪਤੀ ਅਤੇ ਇਸ ਉੱਤੇ ਰਹਿੰਦੇ ਜੀਵਾਂ ਦੀਆਂ ਜੀਵਨ ਕਿਰਿਆਵਾਂ ਨੂੰ ਚਾਲੂ ਰੱਖਣ ਵਿੱਚ ਵੱਡੀ ਅਤੇ ਅਹਿਮ ਭੂਮਿਕਾ ਨਿਭਾਈ ਹੈ। ਇਹ ਗੱਲ ਵਿਗਿਆਨਕ ਖੋਜਾਂ ਨੇ ਵੀ ਸਿੱਧ ਕੀਤੀ ਹੈ। ਮੀਡੀਆ ਉੱਤੇ ਵਿਖਾਏ ਜਾਂਦੇ ਦ੍ਰਿਸ਼ਾਂ ਦੇ ਆਧਾਰ ਉੱਤੇ ਆਮ ਲੋਕਾਂ ਵਿੱਚ ਜਵਾਲਾਮੁਖੀਆਂ ਦੀ ਧਾਰਨਾ ਨੁਕਸਾਨ ਕਰਨ ਵਾਲੇ ਇੱਕ ਦੈਂਤ ਦੀ ਨਿਆਈਂ ਬਣੀ ਹੋਈ ਹੈ, ਜਦ ਕਿ ਸੱਚਾਈ ਇਸ ਤੋਂ ਬਿਲਕੁਲ ਵੱਖਰੀ ਹੈ। ਅਸਲ ਵਿੱਚ ਜਵਾਲਾਮੁਖੀਆਂ ਨੇ ਮਨੁੱਖਾਂ ਅਤੇ ਹੋਰ ਜੀਵਾਂ ਦੇ ਜਿਊਂਦੇ ਰਹਿਣ ਅਤੇ ਵਧਣ-ਫੁੱਲਣ ਲਈ ਵੱਡੀ ਭੂਮਿਕਾ ਨਿਭਾਈ ਹੈ।

ਇੱਥੇ ਇਹ ਦੱਸਣਯੋਗ ਹੈ ਕਿ ਪੁਰਾਣੇ ਸਮੇਂ ਵਿੱਚ ਫੁੱਟਦੇ ਰਹੇ ਜਵਾਲਾਮੁਖੀਆਂ ਨੇ ਧਰਤੀ ਉੱਤੇ ਨਵੀਂ ਜ਼ਮੀਨ ਦਾ ਨਿਰਮਾਣ ਵੀ ਕੀਤਾ ਸੀ, ਜੋ ਕਿ ਹੋਰ ਕਿਸੇ ਵੀ ਕੁਦਰਤੀ ਜਾਂ ਗੈਰ-ਕੁਦਰਤੀ ਵਰਤਾਰੇ ਵੱਲੋਂ ਕਰਨਾ ਅਸੰਭਵ ਕੰਮ ਹੈ। ਇਸ ਦੀ ਇੱਕ ਮੌਜੂਦਾ ਅਤੇ ਵੱਡੀ ਉਦਾਹਰਨ ਅਮਰੀਕੀ ਸਟੇਟ 'ਹਵਾਈ' ਦੀ ਹੈ। ਅਨੇਕਾਂ ਟਾਪੂਆਂ ਤੋਂ ਬਣੇ ਇਸ ਪ੍ਰਦੇਸ਼ ਦੀ ਤਕਰੀਬਨ ਸਾਰੀ ਜ਼ਮੀਨ ਜਵਾਲਾਮੁਖੀਆਂ ਵਿੱਚੋਂ ਨਿਕਲੇ ਲਾਵੇ ਦੇ ਸਮੁੰਦਰ ਵਿੱਚ ਡਿੱਗਣ ਨਾਲ ਬਣੀ ਸੀ।


ਜਵਾਲਾਮੁਖੀਆਂ ਦੇ ਫੁੱਟਣ ਦਾ ਇੱਕ ਹੋਰ ਫ਼ਾਇਦਾ ਇਹ ਵੀ ਹੈ ਕਿ ਇਹ ਆਪਣੇ ਨੇੜੇ-ਤੇੜੇ ਦੀ ਜ਼ਮੀਨ ਨੂੰ ਉਪਜਾਊ ਬਣਾਉਂਦੇ ਹਨ। ਵੱਖ-ਵੱਖ ਸਮਿਆਂ 'ਤੇ ਫੁੱਟਦੇ ਜਵਾਲਾਮੁਖੀਆਂ ਦੇ ਨਾਲ ਨਿਕਲਦੇ ਖਣਿਜ ਪਦਾਰਥਾਂ ਦੀ ਸਹਾਇਤਾ ਨਾਲ ਜਪਾਨ, ਇੰਡੋਨੇਸ਼ੀਆ ਅਤੇ ਫ਼ਿਲੀਪੀਨਜ਼ ਦੇ ਅਲੱਗ-ਅਲੱਗ ਹਿੱਸਿਆਂ ਵਿੱਚ ਹਜ਼ਾਰਾਂ ਵਰਗ ਕਿਲੋਮੀਟਰ ਜ਼ਮੀਨ ਨੂੰ ਉਪਜਾਊ ਬਣਾਉਣ ਦੀਆਂ ਘਟਨਾਵਾਂ ਇਸ ਦੀਆਂ ਜਿਊਂਦੀਆਂ-ਜਾਗਦੀਆਂ ਉਦਾਹਰਨਾਂ ਹਨ। ਵਿਸ਼ਵ ਪ੍ਰਸਿੱਧ ਭੂ-ਵਿਗਿਆਨੀ ਡਾ. ਟਰੇਸੀ ਗਰੇਗ ਅਨੁਸਾਰ ਜਵਾਲਾਮੁਖੀਆਂ ਤੋਂ ਨਿਕਲਦਾ ਲਾਵਾ ਸਲਫਰ, ਤਾਂਬਾ, ਸਿਲੀਕਾਨ, ਐਲਮੀਨੀਅਮ, ਲੋਹਾ, ਮੈਗਨੀਸ਼ੀਅਮ ਅਤੇ ਫਾਸਫੋਰਸ ਜਿਹੇ ਖਣਿਜ ਪਦਾਰਥ ਪ੍ਰਦਾਨ ਕਰਨ ਦੇ ਨਾਲ-ਨਾਲ ਸੀਮੇਂਟ ਤਿਆਰ ਕਰਨ ਵਾਲੇ ਕੱਚੇ ਪਦਾਰਥ ਵੀ ਮੁਹੱਈਆ ਕਰਾਉਂਦਾ ਹੈ। ਵਿਗਿਆਨਕ ਖੋਜਾਂ ਨੇ ਸਿੱਧ ਕਰ ਦਿੱਤਾ ਹੈ ਕਿ ਕਰੋੜਾਂ ਸਾਲ ਪਹਿਲਾਂ ਫੁੱਟੇ ਜਵਾਲਾਮੁਖੀਆਂ ਨੇ ਹੀ ਧਰਤੀ ਦਾ ਵਾਯੂਮੰਡਲ ਤਿਆਰ ਕੀਤਾ ਸੀ। ਡਾ. ਗਰੇਗ ਦਾ ਮੰਨਣਾ ਹੈ ਕਿ ਜਵਾਲਾਮੁਖੀਆਂ ਤੋਂ ਨਿਕਲੀਆਂ ਗੈਸਾਂ ਨੇ ਧਰਤੀ ਦੇ ਤਾਪਮਾਨ ਨੂੰ ਠੰਡਾ ਰੱਖਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਸੀ।

ਜਵਾਲਾਮੁਖੀਆਂ ਦੀ ਸਭ ਤੋਂ ਵੱਡੀ ਭੂਮਿਕਾ ਧਰਤੀ ਉੱਤੇ ਪਾਣੀ ਦਾ ਨਿਰਮਾਣ ਕਰਨ ਦੀ ਹੈ। 'ਕੰਕਾਰਡ' ਯੂਨੀਵਰਸਿਟੀ ਦੇ ਉੱਘੇ ਵਿਗਿਆਨੀ ਜੈਨਿਨ ਕਰਿੱਪਨਰ ਦਾ ਕਹਿਣਾ ਹੈ ਕਿ ਜਵਾਲਾਮੁਖੀ ਦੇ ਫੁੱਟਣ ਨਾਲ ਧਰਤੀ ਵਿੱਚੋਂ ਨਿਕਲੇ ਲਾਵੇ ਨਾਲ ਜਲ-ਵਾਸ਼ਪ ਧਰਤੀ ਉੱਤੇ ਆਏ ਸਨ, ਜਿਸ ਨਾਲ ਧਰਤੀ ਉੱਤੇ ਪਾਣੀ ਦੇ ਸੋਮੇ ਪੈਦਾ ਹੋਏ ਸਨ। ਅਸੀਂ ਸਭ ਭਲੀ-ਭਾਂਤ ਜਾਣਦੇ ਹਾਂ ਕਿ ਧਰਤੀ ਉੱਤੇ ਜੀਵਨ ਦੀ ਉਤਪਤੀ ਪਾਣੀ ਵਿੱਚ ਹੀ ਹੋਈ ਸੀ ਅਤੇ ਸਮੂਹ ਜੀਵਾਂ ਲਈ ਜਲ ਹਰ ਵਕਤ ਜਿਊਂਦੇ ਰਹਿਣ ਲਈ ਜ਼ਰੂਰੀ ਵੀ ਹੈ। ਇਸ ਪ੍ਰਕਾਰ ਧਰਤੀ ਉੱਤੇ ਜੀਵਨ ਪੈਦਾ ਕਰਨ ਅਤੇ ਜੀਵਨ ਦੀ ਪ੍ਰਕਿਰਿਆ ਨਿਰੰਤਰ ਚੱਲਦੇ ਰਹਿਣ ਵਿੱਚ ਜਵਾਲਾਮੁਖੀਆਂ ਦੀ ਵੱਡੀ ਭੂਮਿਕਾ ਸਿੱਧ ਹੁੰਦੀ ਹੈ।

ਭੂ-ਵਿਗਿਆਨੀਆਂ ਦਾ ਮੰਨਣਾ ਹੈ ਕਿ ਧਰਤੀ ਉੱਤੇ ਫੁੱਟਦੇ ਕੁੱਲ ਜਵਾਲਾਮੁਖੀਆਂ ਵਿੱਚੋਂ 80 ਫ਼ੀਸਦ ਦੇ ਕਰੀਬ ਜਵਾਲਾਮੁਖੀ ਸਮੁੰਦਰਾਂ ਵਿੱਚ ਅਤੇ 20 ਫ਼ੀਸਦ ਜ਼ਮੀਨ ਉੱਤੇ ਫੁੱਟਦੇ ਹਨ। ਇੱਕ ਅਨੁਮਾਨ ਅਨੁਸਾਰ ਧਰਤੀ ਦੇ ਜ਼ਮੀਨੀ ਇਲਾਕੇ ਵਿੱਚ 1500 ਦੇ ਕਰੀਬ ਸਰਗਰਮ ਜਵਾਲਾਮੁਖੀ ਮੌਜੂਦ ਹਨ, ਜੋ ਵੱਖ-ਵੱਖ ਸਮਿਆਂ ਉੱਤੇ ਫੁੱਟ ਕੇ ਆਪਣੇ ਵਿੱਚੋਂ ਲਾਵਾ ਛੱਡਦੇ ਰਹਿੰਦੇ ਹਨ। ਇਨ੍ਹਾਂ ਵਿੱਚੋਂ 900 ਦੇ ਕਰੀਬ ਜਵਾਲਾਮੁਖੀ ਤਾਂ ਪ੍ਰਸ਼ਾਂਤ ਮਹਾਂਸਾਗਰ ਦੁਆਲੇ ਘੋੜੇ ਦੇ ਖੁਰ ਵਰਗੀ ਇੱਕ ਪੱਟੀ ਵਿੱਚ ਹੀ ਮੌਜੂਦ ਹਨ। 40,000 ਕਿਲੋਮੀਟਰ ਲੰਮੀ ਇਸ ਪੱਟੀ ਨੂੰ 'ਅੱਗ ਦਾ ਛੱਲਾ' (ਦਿ ਰਿੰਗ ਆਫ਼ ਫ਼ਾਇਰ) ਆਖਿਆ ਜਾਂਦਾ ਹੈ।

ਜ਼ਿਕਰਯੋਗ ਹੈ ਕਿ ਇਕੱਲੇ ਅਮਰੀਕਾ ਵਿੱਚ ਹੀ 160 ਦੇ ਕਰੀਬ ਸਰਗਰਮ ਜਵਾਲਾਮੁਖੀ ਮੌਜੂਦ ਹਨ। ਇੱਕ ਅਨੁਮਾਨ ਅਨੁਸਾਰ ਸੰਸਾਰ ਭਰ ਵਿੱਚ ਹਰ ਮਹੀਨੇ 60 ਦੇ ਕਰੀਬ ਛੋਟੇ-ਵੱਡੇ ਜਵਾਲਾਮੁਖੀ ਫੁੱਟਦੇ ਰਹਿੰਦੇ ਹਨ। ਵਿਗਿਆਨੀਆਂ ਵੱਲੋਂ ਪ੍ਰਯੋਗਾਂ ਦੇ ਆਧਾਰ 'ਤੇ ਜਵਾਲਾਮੁਖੀ ਫੁੱਟਣ ਦੇ ਅਨੇਕਾਂ ਕਾਰਨ ਦੱਸੇ ਗਏ ਹਨ। ਉਨ੍ਹਾਂ ਅਨੁਸਾਰ ਟੈੱਕਟਾਨਕ ਪਲੇਟਾਂ, ਜੋ ਕਿ ਧਰਤੀ ਦੀ ਉੱਪਰਲੀ ਪਰਤ ਭਾਵ ਪੇਪੜੀ ਬਣਾਉਂਦੀਆਂ ਹਨ, ਦੇ ਖਿਸਕਣ ਕਾਰਨ ਲਾਵਾ ਧਰਤੀ ਵਿੱਚੋਂ ਵੱਡੇ ਦਬਾਅ ਨਾਲ ਬਾਹਰ ਨਿਕਲਦਾ ਹੈ। ਵਿਗਿਆਨੀ ਲਾਵਾ ਫੁੱਟਣ ਦਾ ਇੱਕ ਹੋਰ ਕਾਰਨ ਵੀ ਦੱਸਦੇ ਹਨ। ਧਰਤੀ ਦੀ ਪੇਪੜੀ ਹੇਠ ਉੱਬਲਦੇ ਹੋਏ ਲਾਵੇ ਦਾ ਕੁਦਰਤੀ ਦਬਾਅ ਵੀ ਧਰਤੀ ਦੀ ਪੇਪੜੀ ਨੂੰ ਤੋੜ ਕੇ ਜਵਾਲਾਮੁਖੀ ਫੁੱਟਣ ਦਾ ਕਾਰਨ ਬਣਦਾ ਹੈ।

ਸ਼ਕਲ ਦੇ ਆਧਾਰ 'ਤੇ ਜਵਾਲਾਮੁਖੀ ਤਿੰਨ ਮੁੱਖ ਕਿਸਮਾਂ ਦੇ ਹੁੰਦੇ ਹਨ। ਸ਼ੀਲਡ ਜਾਂ ਚੌੜੀਆਂ ਚੱਟਾਨਾਂ ਦਾ ਨਿਰਮਾਣ ਕਰਨ ਵਾਲੇ ਉਹ ਜਵਾਲਾਮੁਖੀ ਹਨ, ਜਿਨ੍ਹਾਂ ਦਾ ਲਾਵਾ ਹੌਲੀ ਹੌਲੀ ਬਾਹਰ ਨਿਕਲਦਾ ਹੈ ਅਤੇ ਗੋਲ-ਗੁਬੰਦ ਆਕਾਰ ਤੇ ਚੌੜੀਆਂ ਚੱਟਾਨਾਂ ਬਣਾਉਂਦਾ ਹੈ। ਅਜਿਹੇ ਜਵਾਲਾਮੁਖੀ ਫੁੱਟਣ ਸਮੇਂ ਲੋਕਾਂ ਨੂੰ ਭੱਜ ਕੇ ਬਚਣ ਦਾ ਮੌਕਾ ਮਿਲ ਜਾਂਦਾ ਹੈ। ਦੂਜੀ ਤਰ੍ਹਾਂ ਦੇ ਉਹ ਜਵਾਲਾਮੁਖੀ ਹਨ, ਜੋ ਕੋਣੀ ਜਾਂ ਸ਼ੰਕੂ ਨੁਮਾ ਚੱਟਾਨਾਂ ਦਾ ਨਿਰਮਾਣ ਕਰਦੇ ਹਨ। ਇਨ੍ਹਾਂ ਵਿੱਚੋਂ ਵਿਸਫੋਟ ਨਾਲ ਨਿਕਲਦਾ ਹੋਇਆ ਲਾਵਾ ਲੋਕਾਂ ਨੂੰ ਦੌੜ ਕੇ ਬਚਣ ਦਾ ਮੌਕਾ ਨਹੀਂ ਦਿੰਦਾ। ਤੀਸਰੇ ਕਿਸਮ ਦੇ ਜਵਾਲਾਮੁਖੀ ਵਿੱਚ ਲਾਵਾ ਕਾਫ਼ੀ ਗਾੜ੍ਹਾ ਹੁੰਦਾ ਹੈ, ਜੋ ਬਾਹਰ ਨਿਕਲ ਕੇ ਗੋਲ ਅਤੇ ਕੜਾਹੀ ਵਰਗੀ ਚੱਟਾਨ ਦਾ ਨਿਰਮਾਣ ਕਰਦਾ ਹੈ, ਜਿਸ ਦੇ ਕੇਂਦਰ ਵਿੱਚ ਵੱਡਾ ਡੂੰਘ ਜਾਂ ਖੱਡਾ ਹੁੰਦਾ ਹੈ।



**11 ਮਈ 2025 ਨੂੰ ਹਵਾਈ ਦੇ ਕਿਲਾਊਆ ਜਵਾਲਾਮੁਖੀ ਦੇ ਫਟਣ ਨੂੰ ਦੇਖਦੇ ਹੋਏ ਲੋਕ**

## ਕਲਾਕ੍ਰਿਤੀਆਂ ਦਾ ਖਜ਼ਾਨਾ

ਵਿਕਟੋਰੀਆ ਨੂੰ ਕੋਹਿਨੂਰ ਹੀਰਾ ਭੇਟ ਕੀਤਾ ਸੀ। ਉਦੋਂ ਤੋਂ ਇਹ ਲੰਡਨ ਦੇ ਟਾਵਰ ਵਿੱਚ ਪ੍ਰਦਰਸ਼ਿਤ ਬ੍ਰਿਟਿਸ਼ ਤਾਜ ਦੇ ਗਹਿਣਿਆਂ ਦਾ ਹਿੱਸਾ ਹੈ।

ਕੋਹਿਨੂਰ ਹੀਰੇ ਦੀ ਸਹੀ ਮਾਲਕੀ ਡੂੰਘੀ ਬਹਿਸ ਅਤੇ ਵਿਵਾਦ ਦਾ ਵਿਸ਼ਾ ਰਹੀ ਹੈ। ਲਗਾਤਾਰ ਭਾਰਤੀ ਸਰਕਾਰਾਂ ਅਤੇ ਵੱਖ-ਵੱਖ ਵਿਅਕਤੀਆਂ ਨੇ ਇਸਦੀ ਭਾਰਤ ਵਾਪਸੀ ਦੀ ਮੰਗ ਕੀਤੀ ਹੈ, ਇਹ ਦਲੀਲ ਦਿੱਤੀ ਹੈ ਕਿ ਇਸ ਨੂੰ ਬਸਤੀਵਾਦੀ ਯੁੱਗ ਦੌਰਾਨ ਦਬਾਅ ਹੇਠ ਲਿਆ ਗਿਆ ਸੀ। ਕੋਹਿਨੂਰ ਹੀਰੇ ਨੇ ਆਪਣੀ ਦੁਰਲੱਭਤਾ ਅਤੇ ਬੇਮਿਸਾਲ ਚਮਕ ਕਾਰਨ ਅੰਤਰਰਾਸ਼ਟਰੀ ਧਿਆਨ ਖਿੱਚਿਆ ਹੈ। ਕੋਹਿਨੂਰ ਦਾ ਅਰਥ ਫਾਰਸੀ ਵਿੱਚ 'ਚਾਨਣ ਦਾ ਪਹਾੜ' ਹੈ।

ਹਾਲ ਹੀ ਦੇ ਸਾਲਾਂ ਵਿੱਚ ਕੋਹਿਨੂਰ ਹੀਰੇ ਦੇ ਭਵਿੱਖ ਨੂੰ ਲੈ ਕੇ ਭਾਰਤ ਅਤੇ ਯੂਨਾਈਟਿਡ ਕਿੰਗਡਮ ਵਿਚਕਾਰ ਚਰਚਾ ਹੋਈ ਹੈ। ਕੁਝ ਇੱਕ ਸਾਂਝੇ ਪ੍ਰਬੰਧ ਦਾ ਪ੍ਰਸਤਾਵ ਕਰਦੇ ਹਨ, ਜੋ ਬ੍ਰਿਟਿਸ਼ ਕਰਾਊਨ ਜਵੇਲਜ਼ ਦੇ ਬਾਕੀ ਬਚੇ ਸਮੇਂ ਦੌਰਾਨ ਭਾਰਤ ਵਿੱਚ ਹੀਰੇ ਨੂੰ ਪ੍ਰਦਰਸ਼ਿਤ ਕਰਨ ਦੀ ਇਜਾਜ਼ਤ ਦੇਵੇਗਾ, ਸੱਭਿਆਚਾਰਕ ਵਟਾਂਦਰੇ ਨੂੰ ਉਤਸ਼ਾਹਿਤ ਕਰੇਗਾ ਅਤੇ ਇਸਦੀ ਇਤਿਹਾਸਕ ਮਹੱਤਤਾ ਨੂੰ ਸਵੀਕਾਰ ਕਰੇਗਾ।

ਲੰਡਨ ਵਿੱਚ ਬ੍ਰਿਟਿਸ਼ ਕਾਨੂੰਨ ਦੇ ਮਾਹਰ ਸਰੋਸ਼ ਜੈਵਾਲਾ ਕਹਿੰਦੇ ਹਨ, ਭਾਰਤ ਆਪਣੀਆਂ ਕਲਾਕ੍ਰਿਤੀਆਂ ਤਾਂ ਹੀ ਵਾਪਸ ਲੈ ਸਕਦਾ ਹੈ ਜੇ ਉਹ ਬ੍ਰਿਟੇਨ ਦੀ ਅਦਾਲਤ ਵਿੱਚ ਸਾਬਤ ਕਰੇ ਕਿ ਉਹ ਬ੍ਰਿਟਿਸ਼ ਕਾਨੂੰਨ ਦੇ ਤਹਿਤ ਉਨ੍ਹਾਂ ਦਾ ਹੱਕਦਾਰ ਹੈ।

ਦੂਜੇ ਵਿਸ਼ਵ ਯੁੱਧ ਦੇ ਅੰਤ ਤੋਂ ਬਾਅਦ ਚੋਰੀ ਹੋਈਆਂ ਕਲਾਕ੍ਰਿਤੀਆਂ ਨੂੰ ਵਾਪਸ ਲਿਆਉਣ ਲਈ ਅੰਤਰਰਾਸ਼ਟਰੀ ਕਾਨੂੰਨ ਬਣਾਉਣ ਬਾਰੇ ਜਾਗਰੂਕਤਾ ਪੈਦਾ ਹੋਈ ਹੈ। ਸਿਧਾਂਤਿਕ ਰੂਪ ਵਿੱਚ ਦੋ ਮੁੱਖ ਬਹੁ-ਰਾਸ਼ਟਰੀ ਸੰਧੀਆਂ ਹਨ, ਜੋ ਇਨ੍ਹਾਂ ਮਾਮਲਿਆਂ 'ਤੇ ਲਾਗੂ ਹੁੰਦੀਆਂ ਹਨ। ਪਹਿਲੀ, 1954 ਦੀ ਹੇਗ ਕਨਵੈਨਸ਼ਨ, ਜੋ ਯੁੱਧ ਦੇ ਸਮੇਂ ਲੁੱਟੀ ਗਈ ਜਾਇਦਾਦ ਨਾਲ ਸਬੰਧਤ ਹੈ। ਇਹ ਸੰਧੀ ਨਾ ਸਿਰਫ਼ ਸੱਭਿਆਚਾਰਕ ਸੰਪੱਤੀ ਜਿਵੇਂ ਕਿ ਵਾਸਤੂਕਲਾ, ਕਲਾ ਜਾਂ ਇਤਿਹਾਸਕ ਸਮਾਰਕਾਂ, ਪੁਰਾਤੱਤਵ ਸਥਾਨਾਂ, ਕਲਾਕ੍ਰਿਤੀਆਂ, ਹੱਥ-ਲਿਖਤਾਂ, ਕਿਤਾਬਾਂ ਅਤੇ ਇਤਿਹਾਸਕ ਜਾਂ ਪੁਰਾਤੱਤਵ ਮਹੱਤਵ ਵਾਲੀਆਂ ਹੋਰ ਵਸਤੂਆਂ ਦੀ ਸੁਰੱਖਿਆ ਕਰਦੀ ਹੈ। ਭਾਰਤ ਅਤੇ ਬ੍ਰਿਟੇਨ ਇਸ ਸੰਧੀ ਦੇ ਪੱਖੀ ਹਨ, ਜਿਸ 'ਤੇ ਭਾਰਤ ਨੇ 1958 'ਚ ਅਤੇ ਬ੍ਰਿਟੇਨ ਨੇ 2017 'ਚ ਦਸਤਖ਼ਤ ਕੀਤੇ ਸਨ।

ਦੂਜਾ ਬਹੁ-ਰਾਸ਼ਟਰੀ ਸਮਝੌਤਾ 1970 ਵਿੱਚ ਪਾਸ ਕੀਤਾ ਗਿਆ ਯੂਨੈਸਕੋ ਕਨਵੈਨਸ਼ਨ ਹੈ, ਜੋ ਸ਼ਾਂਤੀ ਸਮੇਂ ਦੀ ਲੁੱਟ ਨਾਲ ਸਬੰਧਤ ਹੈ। ਸੰਧੀ ਦੇਸ਼ਾਂ ਨੂੰ ਸੱਭਿਆਚਾਰਕ ਸੰਪੱਤੀ ਦੀ ਗੈਰ-ਕਾਨੂੰਨੀ ਤਸਕਰੀ ਨੂੰ ਰੋਕਣ ਲਈ ਉਪਾਅ ਕਰਨ ਦੀ ਅਪੀਲ ਕਰਦੀ ਹੈ। ਇਸ ਸੰਧੀ ਦਾ ਇੱਕ ਮੁੱਖ ਪਹਿਲੂ ਚੋਰੀ ਹੋਈ ਸੱਭਿਆਚਾਰਕ ਜਾਇਦਾਦ ਦੀ ਵਾਪਸੀ ਹੈ। ਯੂਨੈਸਕੋ ਕਨਵੈਨਸ਼ਨ ਦੀਆਂ ਕੁਝ ਕਮੀਆਂ ਨੂੰ ਪੂਰਾ ਕਰਨ ਲਈ 1995 ਵਿੱਚ ਰੋਮ ਵਿੱਚ ਇੱਕ ਹੋਰ ਸੰਧੀ ਹੋਈ।

ਇਨ੍ਹਾਂ ਅੰਤਰਰਾਸ਼ਟਰੀ ਸਮਝੌਤਿਆਂ ਦੇ ਤਹਿਤ 23 ਸਤੰਬਰ 2021 ਨੂੰ ਅਮਰੀਕਾ ਨੇ 2003 ਵਿੱਚ ਇਰਾਕ 'ਤੇ ਕਬਜ਼ੇ ਤੋਂ ਬਾਅਦ ਚੋਰੀ ਕੀਤੀਆਂ 17,000 ਤੋਂ ਵੱਧ ਕਲਾਕ੍ਰਿਤੀਆਂ ਇਰਾਕ ਨੂੰ ਵਾਪਸ ਕੀਤੀਆਂ ਹਨ। ਪਰ ਇਹ ਸਾਰੀਆਂ ਅੰਤਰਰਾਸ਼ਟਰੀ ਸੰਧੀਆਂ ਮੱਧਕਾਲ ਵਿੱਚ ਲੁੱਟੀਆਂ ਗਈਆਂ ਸੱਭਿਆਚਾਰਕ ਕਲਾਕ੍ਰਿਤੀਆਂ 'ਤੇ ਲਾਗੂ ਨਹੀਂ ਹੁੰਦੀਆਂ। ਇਸਦਾ ਮਤਲਬ ਇਹ ਹੈ ਕਿ ਆਧੁਨਿਕ ਭਾਰਤ ਵਿੱਚ ਸਿਰਫ਼ ਲੁੱਟੀਆਂ ਗਈਆਂ ਸੱਭਿਆਚਾਰਕ ਕਲਾਕ੍ਰਿਤੀਆਂ ਦੀ ਵਾਪਸੀ ਦਾ ਦਾਅਵਾ ਕੀਤਾ ਜਾ ਸਕਦਾ ਹੈ। ਜਦੋਂ ਭਾਰਤ ਈਸਟ ਇੰਡੀਆ ਕੰਪਨੀ ਅਤੇ ਬ੍ਰਿਟਿਸ਼ ਸਾਮਰਾਜ ਦੇ ਅਧੀਨ ਸੀ, ਉਸ ਸਮੇਂ ਲੁੱਟਿਆ ਗਿਆ ਕੀਮਤੀ ਸਮਾਨ ਇਨ੍ਹਾਂ ਅੰਤਰਰਾਸ਼ਟਰੀ ਸੰਧੀਆਂ ਅਧੀਨ ਨਹੀਂ ਆਉਂਦਾ।

# ਪੰਜਾਬ ਦੇ ਛੋਟੇ ਕਿਸਾਨ-ਸਮੂਹਾਂ ਲਈ ਪੁਨਰਜਨਮ ਤੇ ਜੈਵਿਕ ਏਕੀਕ੍ਰਿਤ-ਮਿਸ਼ਰਤ ਖੇਤੀ ਦਾ ਦਾਇਰਾ

ਸੱਚੋ-ਸੱਚ

ਡਾ. ਰਛਪਾਲ ਸਿੰਘ ਬਾਜਵਾ
ਫੋਨ: 630-303-8330



### ਜਾਣ-ਪਛਾਣ

ਪੰਜਾਬ ਵਿੱਚ ਹਰੀ ਕ੍ਰਾਂਤੀ ਨੇ ਸੰਘਣੀ ਚੌਲ-ਕਣਕ ਪ੍ਰਣਾਲੀਆਂ ਰਾਹੀਂ ਅਨਾਜ ਉਤਪਾਦਨ ਵਿੱਚ ਵਾਧਾ ਕੀਤਾ। ਭੂਮੀਗਤ ਪਾਣੀ ਦੀ ਜ਼ਿਆਦਾ ਨਿਕਾਸੀ, ਭਾਰੀ ਖਾਦਾਂ ਦੀ ਵਰਤੋਂ ਅਤੇ ਊਰਜਾ ਸਬਸਿਡੀਆਂ ਨੇ "ਭੋਜਨ-ਪਾਣੀ-ਊਰਜਾ" ਨੂੰ ਤੋੜ ਦਿੱਤਾ, ਜਿਸ ਨਾਲ ਪਾਣੀ ਦੇ ਪੱਧਰ ਡਿੱਗ ਗਏ, ਮਿੱਟੀ ਦਾ ਪਤਨ ਹੋਇਆ ਅਤੇ ਖੇਤੀਬਾੜੀ ਖੇਤਰ ਵਿੱਚ ਮਨੁੱਖੀ ਸਥਿਰਤਾ ਲਈ ਲੰਬੇ ਸਮੇਂ ਦੇ ਖਤਰੇ ਪੈਦਾ ਹੋਏ। ਇਹ ਵੇਰਵੇ ਪਿਛਲੇ ਅੰਕ ਵਿੱਚ ਸ਼ਾਮਲ ਕੀਤੇ ਗਏ ਸਨ। ਹਥਲੇ ਲੇਖ ਵਿੱਚ ਅਸੀਂ ਖੇਤੀਬਾੜੀ ਪ੍ਰਣਾਲੀਆਂ 'ਤੇ ਵਿਚਾਰ ਕਰਾਂਗੇ, ਜਿਨ੍ਹਾਂ ਵਿੱਚ ਸਥਿਤੀ ਨੂੰ ਸੁਧਾਰਨ ਅਤੇ ਅਸਥਿਰ ਪ੍ਰਣਾਲੀਆਂ ਨੂੰ ਟਿਕਾਊ ਪ੍ਰਣਾਲੀਆਂ ਵਿੱਚ ਬਦਲਣ ਦੀ ਸਮਰੱਥਾ ਹੋਵੇ। ਨਾਲ ਹੀ ਇਹ ਪ੍ਰਣਾਲੀਆਂ ਕਿਸਾਨਾਂ ਲਈ ਵਧੇਰੇ ਆਮਦਨ ਅਤੇ ਘੱਟ ਕਾਰਬਨ ਨਿਕਾਸ ਪੈਦਾ ਕਰਨ ਵਾਲੀਆਂ ਹੋਣ।

### ਪੰਜਾਬ ਦੇ ਕਿਸਾਨ-ਸਮੂਹ ਅਤੇ ਉਨ੍ਹਾਂ ਦੀਆਂ ਫ਼ਸਲੀ ਜ਼ਮੀਨਾਂ

*ਪੰਜਾਬ ਰਾਜ ਵਿੱਚ 42 ਲੱਖ ਹੈਕਟੇਅਰ ਉਪਜਾਊ ਸਿੰਜਾਈ ਵਾਲੀ ਜ਼ਮੀਨ ਹੈ (96% ਸਿੰਜਾਈ, 73% ਟਿਊਬਵੈੱਲਾਂ ਦੁਆਰਾ ਅਤੇ 23% ਨਹਿਰਾਂ ਦੁਆਰਾ) ਜਿਸਦੀ ਫ਼ਸਲੀ ਤੀਬਰਤਾ 190% ਹੈ, ਜਿਸਦਾ ਅਰਥ ਹੈ ਕਿ ਇਸਦੀ ਫ਼ਸਲੀ ਜ਼ਮੀਨ ਦਾ ਲਗਭਗ 90% ਦੋ ਜਾਂ ਤਿੰਨ ਵਾਰ (ਦੋ ਜਾਂ ਵੱਧ ਫ਼ਸਲਾਂ) ਬੀਜਿਆ ਜਾਂਦਾ ਹੈ, ਜਿਸ ਨਾਲ 42 ਲੱਖ ਹੈਕਟੇਅਰ ਦੀ ਬਿਜਾਈ 78 ਲੱਖ ਹੈਕਟੇਅਰ ਤੱਕ ਵਧਦੀ ਹੈ।

***ਇਹ ਖੇਤੀ ਜ਼ਮੀਨ 10.93 ਲੱਖ ਕਿਸਾਨਾਂ ਦੀ ਮਲਕੀਅਤ ਹੈ**, ਜਿਸ ਵਿੱਚ 18.3% ਸੀਮਤ, 16.70% ਛੋਟੇ, 30.16% ਅਰਧ-ਦਰਮਿਆਨੇ, 28.24% ਦਰਮਿਆਨੇ ਅਤੇ 6.60% ਵੱਡੇ ਕਿਸਾਨ ਸ਼ਾਮਲ ਹਨ।

ਸੀਮਤ ਕਿਸਾਨ ਗਿਣਤੀ ਵਿੱਚ 2.04 ਲੱਖ ਹਨ, ਜਿਨ੍ਹਾਂ ਕੋਲ ਕੁੱਲ 1.26 ਲੱਖ ਹੈਕਟੇਅਰ (ਔਸਤਨ 0.60 ਹੈਕਟੇਅਰ) ਜ਼ਮੀਨ ਹੈ, ਜੋ ਕਿ ਪੰਜਾਬ ਦੀ ਕੁੱਲ ਫ਼ਸਲੀ ਜ਼ਮੀਨ ਦਾ 3% ਹੈ। ਉਹ ਲਗਭਗ 12.24 ਲੱਖ ਪਰਿਵਾਰਕ ਮੈਂਬਰਾਂ ਦਾ ਪਾਲਣ-ਪੋਸ਼ਣ ਕਰਦੇ ਹਨ।

ਛੋਟੇ ਕਿਸਾਨਾਂ ਦੀ ਗਿਣਤੀ 1.83 ਲੱਖ ਹੈ, ਜਿਨ੍ਹਾਂ ਕੋਲ ਕੁੱਲ 2.52 ਲੱਖ ਹੈਕਟੇਅਰ (ਔਸਤਨ 1.38 ਹੈਕਟੇਅਰ) ਜ਼ਮੀਨ ਹੈ, ਜੋ ਕੁੱਲ ਫ਼ਸਲੀ ਜ਼ਮੀਨ ਦਾ 6% ਹੈ। ਉਹ ਲਗਭਗ 10.98 ਲੱਖ ਪਰਿਵਾਰਕ ਮੈਂਬਰਾਂ ਦੇ ਜੀਵਨ ਨਿਰਵਾਹ ਦਾ ਸਮਰਥਨ ਕਰਦੇ ਹਨ।

ਅਰਧ-ਦਰਮਿਆਨੇ ਕਿਸਾਨ ਗਿਣਤੀ ਵਿੱਚ 3.25 ਲੱਖ ਹਨ, ਜਿਨ੍ਹਾਂ ਕੋਲ ਕੁੱਲ 8.75 ਲੱਖ ਹੈਕਟੇਅਰ (ਔਸਤਨ 2.70 ਹੈਕਟੇਅਰ) ਜ਼ਮੀਨ ਹੈ, ਜੋ ਕੁੱਲ ਫ਼ਸਲੀ ਜ਼ਮੀਨ ਦਾ 21% ਹੈ। ਉਹ ਲਗਭਗ 19.50 ਲੱਖ ਪਰਿਵਾਰਕ ਮੈਂਬਰਾਂ ਦੇ ਜੀਵਨ ਨਿਰਵਾਹ ਦਾ ਸਮਰਥਨ ਕਰਦੇ ਹਨ।

ਦਰਮਿਆਨੇ ਕਿਸਾਨਾਂ ਦੀ ਗਿਣਤੀ 3.11 ਲੱਖ ਹੈ, ਜਿਨ੍ਹਾਂ ਕੋਲ ਕੁੱਲ 18.13 ਲੱਖ ਹੈਕਟੇਅਰ (ਔਸਤਨ 5.83 ਹੈਕਟੇਅਰ) ਜ਼ਮੀਨ ਹੈ, ਜੋ ਕੁੱਲ ਫ਼ਸਲੀ ਜ਼ਮੀਨ ਦਾ 43% ਹੈ। ਉਹ ਲਗਭਗ 18.66 ਲੱਖ ਪਰਿਵਾਰਕ ਮੈਂਬਰਾਂ ਦੇ ਨਿਰਵਾਹ ਦਾ ਸਮਰਥਨ ਕਰਦੇ ਹਨ।

ਵੱਡੇ ਕਿਸਾਨਾਂ ਦੀ ਗਿਣਤੀ 70 ਹਜ਼ਾਰ ਦੇ ਕਰੀਬ ਹੈ, ਜਿਨ੍ਹਾਂ ਕੋਲ ਕੁੱਲ 11.34 ਲੱਖ ਹੈਕਟੇਅਰ (ਔਸਤਨ 16.20 ਹੈਕਟੇਅਰ) ਜ਼ਮੀਨ ਹੈ, ਜੋ ਕੁੱਲ ਫ਼ਸਲੀ ਜ਼ਮੀਨ ਦਾ 27% ਹੈ। ਉਹ 4.20 ਲੱਖ ਪਰਿਵਾਰਕ ਮੈਂਬਰਾਂ ਦੇ ਨਿਰਵਾਹ ਦਾ ਸਮਰਥਨ ਕਰਦੇ ਹਨ।

(ਨੋਟ: ਇਹ ਮੰਨਿਆ ਜਾਂਦਾ ਹੈ ਕਿ ਹਰੇਕ ਖੇਤੀ ਇਕਾਈ ਔਸਤਨ 6 ਪਰਿਵਾਰਕ ਮੈਂਬਰਾਂ ਦਾ ਸਮਰਥਨ ਕਰਦੀ ਹੈ)

ਸਮੂਹਿਕ ਤੌਰ 'ਤੇ ਸੀਮਤ, ਛੋਟੇ ਅਤੇ ਅਰਧ-ਦਰਮਿਆਨੇ ਕਿਸਾਨ 7.12 ਲੱਖ ਹਨ, ਜਿਨ੍ਹਾਂ ਕੋਲ 12.53 ਲੱਖ ਹੈਕਟੇਅਰ ਜ਼ਮੀਨ ਹੈ, ਜੋ ਕਿ ਕੁੱਲ ਪੰਜਾਬ ਦੀ ਜ਼ਮੀਨ ਦਾ ਸਿਰਫ਼ 30% ਹੈ ਅਤੇ ਉਹ ਲਗਭਗ 42.72 ਪਰਿਵਾਰਕ ਮੈਂਬਰਾਂ ਦੇ ਨਿਰਵਾਹ ਦਾ ਸਮਰਥਨ ਕਰਦੇ ਹਨ।

ਜਦੋਂ ਕਿ ਦਰਮਿਆਨੇ ਅਤੇ ਵੱਡੇ ਕਿਸਾਨ 3.81 ਲੱਖ ਹਨ, ਜਿਨ੍ਹਾਂ ਕੋਲ ਸਮੂਹਿਕ ਤੌਰ 'ਤੇ 29.47 ਲੱਖ ਹੈਕਟੇਅਰ ਜ਼ਮੀਨ ਹੈ, ਜੋ ਪੰਜਾਬ ਦੀ ਕੁੱਲ ਫ਼ਸਲੀ ਜ਼ਮੀਨ ਦਾ 70% ਹੈ ਅਤੇ ਉਹ 22.86 ਲੱਖ ਪਰਿਵਾਰਕ ਮੈਂਬਰਾਂ ਦੇ ਜੀਵਨ ਨਿਰਵਾਹ ਦਾ ਸਮਰਥਨ ਕਰਦੇ ਹਨ।

ਇਸ ਤਰ੍ਹਾਂ ਇਹ ਸਿੱਟਾ ਕੱਢਿਆ ਜਾਂਦਾ ਹੈ ਕਿ ਸਮੂਹਿਕ ਤੌਰ 'ਤੇ ਦਰਮਿਆਨੇ+ਵੱਡੇ ਕਿਸਾਨਾਂ ਕੋਲ ਔਸਤਨ 7.73 ਹੈਕਟੇਅਰ ਜ਼ਮੀਨ ਹੈ, ਜਦੋਂ ਕਿ ਸੀਮਤ+ਛੋਟੇ+ਅਰਧ ਦਰਮਿਆਨੇ ਕਿਸਾਨਾਂ ਦੀ ਸਮੂਹਿਕ ਔਸਤ ਮਾਲਕੀ 1.75 ਹੈਕਟੇਅਰ ਹੈ। ਇਸਦਾ ਮਤਲਬ ਹੈ ਕਿ ਸਮੂਹਿਕ ਤੌਰ 'ਤੇ ਦਰਮਿਆਨੇ+ਵੱਡੇ ਕਿਸਾਨਾਂ ਕੋਲ ਸੀਮਤ+ਛੋਟੇ+ਅਰਧ



ਦਰਮਿਆਨੇ ਕਿਸਾਨਾਂ ਦੀ ਸਮੂਹਿਕ ਮਾਲਕੀ ਨਾਲੋਂ 4.40 ਗੁਣਾਂ ਜ਼ਿਆਦਾ ਜ਼ਮੀਨ ਹੈ। ਇਸ ਤੋਂ ਇਲਾਵਾ ਪਹਿਲਾ ਸਮੂਹ (ਦਰਮਿਆਨੇ+ਵੱਡੇ ਕਿਸਾਨ) ਬਾਅਦ ਵਾਲੇ ਸਮੂਹ (ਸੀਮਤ+ਛੋਟੇ+ਅਰਧ ਦਰਮਿਆਨੇ) ਨਾਲੋਂ ਲਗਭਗ ਅੱਧੇ (22.86 ਲੱਖ) ਪਰਿਵਾਰਕ ਮੈਂਬਰਾਂ ਦਾ ਸਮਰਥਨ ਕਰਦੇ ਹਨ। ਇਸ ਤਰ੍ਹਾਂ ਦਰਮਿਆਨੇ ਅਤੇ ਵੱਡੇ ਕਿਸਾਨਾਂ ਨੂੰ ਸੀਮਤ+ਛੋਟੇ+ਅਰਧ ਦਰਮਿਆਨੇ ਕਿਸਾਨਾਂ ਨਾਲੋਂ 9 ਗੁਣਾਂ ਵਿੱਤੀ ਤੌਰ 'ਤੇ ਬਿਹਤਰ ਬਣਾਉਂਦਾ ਹੈ।

*ਸੀਮਤ+ਛੋਟੇ+ਅਰਧ ਦਰਮਿਆਨੇ ਸਮੂਹਾਂ ਦੇ 65% ਕਿਸਾਨ ਬਹੁਤ ਜ਼ਿਆਦਾ ਸਰੋਤਾਂ ਤੋਂ ਵਾਂਝੇ ਹਨ (ਔਸਤਨ 0.6 ਹੈਕਟੇਅਰ ਤੋਂ 2.70 ਹੈਕਟੇਅਰ ਤੱਕ ਜ਼ਮੀਨ ਦੀ ਮਾਲਕੀ)। ਇਨ੍ਹਾਂ ਵਿੱਚੋਂ ਜ਼ਿਆਦਾਤਰ ਕਰਜ਼ੇ ਦੇ ਬੋਝ ਹੇਠ ਘੋਰ ਗਰੀਬੀ ਦੀ ਜ਼ਿੰਦਗੀ ਜੀਅ ਰਹੇ ਹਨ ਅਤੇ ਅਕਸਰ ਖੁਦਕੁਸ਼ੀਆਂ ਕਰ ਰਹੇ ਹਨ। ਉਨ੍ਹਾਂ ਨੂੰ ਬਿਜਲੀ, ਖਾਦਾਂ, ਬਾਜ਼ਾਰ ਅਤੇ ਸਰਕਾਰੀ ਸਹਾਇਤਾ ਵੀ ਬਹੁਤ ਘੱਟ ਮਿਲਦੀ ਹੈ। **ਉਨ੍ਹਾਂ ਨੂੰ ਮਦਦ ਦੀ ਲੋੜ ਹੈ ਅਤੇ ਇਸ ਲਈ ਉਨ੍ਹਾਂ ਨੂੰ ਏਕੀਕ੍ਰਿਤ ਮਿਸ਼ਰਤ ਪ੍ਰਣਾਲੀਆਂ ਦੀ ਕੁਦਰਤੀ ਜਾਂ ਪੁਨਰਜਨਮ ਖੇਤੀ ਵੱਲ ਜਾਣ ਦਾ ਸੁਝਾਅ ਦਿੱਤਾ ਜਾਂਦਾ ਹੈ।**

*ਇਨ੍ਹਾਂ ਕਿਸਾਨਾਂ ਲਈ ਰੀਜਨਰੇਟਿਵ-ਜੈਵਿਕ ਏਕੀਕ੍ਰਿਤ ਮਿਸ਼ਰਤ ਖੇਤੀ ਦੀ ਬਦਲ, ਕਣਕ ਅਤੇ ਝੋਨੇ ਦੀ ਰਵਾਇਤੀ ਇੱਕ-ਫਸਲੀ ਖੇਤੀ ਨਾਲੋਂ ਆਮਦਨ ਵਿੱਚ 2 ਤੋਂ 4 ਗੁਣਾਂ ਵਾਧਾ ਕਰ ਸਕਦੀ ਹੈ।

**ਰੀਜਨਰੇਟਿਵ ਖੇਤੀ ਦੇ ਲਾਭ:**

1. ਮਿੱਟੀ ਦੀ ਸਿਹਤ ਵਿੱਚ ਸੁਧਾਰ




ਸੰਗਰੂਰ ਦੇ ਕਿਸਾਨਾਂ ਦਾ ਕੁਦਰਤੀ ਅਤੇ ਜੈਵਿਕ ਖੇਤੀ ਪੈਦਾਵਾਰ ਦਾ ਹਫਤਾਵਾਰੀ ਬਾਜ਼ਾਰ

2. ਵਧੇਰੇ ਜੈਵ ਵਿਭਿੰਨਤਾ
3. ਵਾਤਾਵਰਣ ਨੂੰ ਘੱਟ ਨੁਕਸਾਨ
4. ਕਿਸਾਨਾਂ ਲਈ ਵਧੇਰੇ ਆਮਦਨ ਅਤੇ ਪੇਂਡੂ ਭੂਮੀਹੀਣ ਮਜ਼ਦੂਰਾਂ ਲਈ ਰੁਜ਼ਗਾਰ ਪੈਦਾ ਕਰਨਾ।

**ਪੁਨਰਜਨਮ ਖੇਤੀਬਾੜੀ ਪ੍ਰਣਾਲੀ ਦੇ ਪੰਜ ਆਪਸ ਵਿੱਚ ਜੁੜੇ ਸਿਧਾਂਤ ਹਨ:**

**(ੳ)** ਮਿੱਟੀ ਦੀ ਗੜਬੜ ਨੂੰ ਘੱਟ ਕਰਨਾ।

**(ਅ)** ਮਿੱਟੀ ਨੂੰ ਢੱਕ ਕੇ ਰੱਖਣਾ।

**(ੲ)** ਖੇਤੀ ਵਿਭਿੰਨਤਾ ਨੂੰ ਵਧਾਉਣਾ।

**(ਸ)** ਕਈ ਫਸਲਾਂ, ਡੇਅਰੀ, ਕਈ ਪਸ਼ੂਆਂ ਦੀਆਂ ਕਿਸਮਾਂ, ਮਸ਼ਰੂਮ, ਮੱਛੀ ਪਾਲਣ ਅਤੇ ਫਾਰਮ 'ਤੇ ਖਾਦ ਬਣਾਉਣ ਵਰਗੇ ਹੋਰ ਹਿੱਸਿਆਂ ਨੂੰ ਜੋੜਨਾ।

**(ਹ)** ਉਦਯੋਗਿਕ ਖੇਤੀ ਵਿਧੀਆਂ ਅਤੇ ਸਿੰਥੈਟਿਕ ਇਨਪੁਟਸ ਨਾਲੋਂ ਕੁਦਰਤ ਆਧਾਰਤ ਖੇਤੀ ਵਿਧੀਆਂ ਅਤੇ ਖਾਦਾਂ ਨੂੰ ਤਰਜੀਹ ਦੇਣਾ।

*ਜ਼ਮੀਨ ਢਕਣ ਵਾਲੀਆਂ ਫਸਲਾਂ ਰਾਹੀਂ ਸਾਲ ਭਰ ਮਿੱਟੀ ਵਿੱਚ ਪੌਦਿਆਂ ਦੀਆਂ ਜੜ੍ਹਾਂ ਨੂੰ ਬਣਾਈ ਰੱਖਣ ਨਾਲ ਮਿੱਟੀ ਦੇ ਜੈਵਿਕ ਪਦਾਰਥ ਵਧਦੇ ਹਨ, ਮਿੱਟੀ ਦੀ ਬਣਤਰ ਵਿੱਚ ਸੁਧਾਰ ਹੁੰਦਾ ਹੈ, ਪੌਸ਼ਟਿਕ ਤੱਤਾਂ ਦੀ ਉਪਲਬਧਤਾ ਵਧਦੀ ਹੈ ਅਤੇ ਜੈਵ ਵਿਭਿੰਨਤਾ ਦਾ ਸਮਰਥਨ ਹੁੰਦਾ ਹੈ।

*ਪਸ਼ੂਆਂ ਨੂੰ ਖੇਤੀਯੋਗ ਚੱਕਰਾਂ ਵਿੱਚ ਜੋੜਨ ਨਾਲ ਨਦੀਨਾਂ, ਕੀੜਿਆਂ ਦੀਆਂ ਬਿਮਾਰੀਆਂ ਅਤੇ ਰਸਾਇਣਕ ਖਾਦ ਦੀ ਖਪਤ ਨੂੰ ਘਟਾਇਆ ਜਾ ਸਕਦਾ ਹੈ।

ਪੁਨਰਜਨਮ ਖੇਤੀਬਾੜੀ ਦੀ ਸਫਲਤਾ ਲਈ ਸਾਰੇ ਪੰਜ ਸਿਧਾਂਤਾਂ ਦਾ ਸੰਪੂਰਨ ਦ੍ਰਿਸ਼ਟੀਕੋਣ ਬਹੁਤ ਮਹੱਤਵਪੂਰਨ ਹੈ, ਕਿਉਂਕਿ ਸਿਰਫ਼ ਇੱਕ ਜਾਂ ਦੋ ਤਕਨੀਕਾਂ ਆਪਣੇ ਆਪ ਵਿੱਚ ਕਾਫ਼ੀ ਨਹੀਂ ਹੋ ਸਕਦੀਆਂ।

ਪਰ ਮਹੱਤਵਪੂਰਨ ਇਹ ਹੈ ਕਿ ਇੱਕ ਪੂਰੇ ਸਿਸਟਮ ਰੋਟੇਸ਼ਨ ਦੁਆਰਾ ਦੱਬੇ ਹੋਏ ਮਹਿਸੂਸ ਕਰਨ ਦੀ ਬਜਾਏ, ਕਿਸਾਨਾਂ ਨੂੰ ਕਿਤੇ ਨਾ ਕਿਤੇ ਸ਼ੁਰੂਆਤ ਕਰਨੀ ਚਾਹੀਦੀ ਹੈ। ਸਾਡੇ ਮਾਹਰ, ਨੀਤੀ ਨਿਰਮਾਤਾ, ਕਾਰੋਬਾਰੀ ਅਤੇ ਕਿਸਾਨ ਰਵਾਇਤੀ ਖੇਤੀ ਤੋਂ ਪੁਨਰਜਨਮ ਖੇਤੀਬਾੜੀ ਤਬਦੀਲੀ ਵਿੱਚ ਵੱਡੀ ਭੂਮਿਕਾ ਨਿਭਾਅ ਸਕਦੇ ਹਨ।

***ਜੈਵਿਕ ਅਤੇ ਕੁਦਰਤੀ ਖੇਤੀ ਵਿੱਚ ਤਬਦੀਲੀ ਬਹੁਤ ਜ਼ਿਆਦਾ ਗਿਆਨ-ਆਧਾਰਤ ਹੈ***

ਸੰਸਥਾਗਤ ਸਹਾਇਤਾ ਤੋਂ ਇਲਾਵਾ ਨਵੇਂ ਸ਼ੁਰੂਆਤੀ ਕਿਸਾਨਾਂ ਅਤੇ ਉਨ੍ਹਾਂ ਲੋਕਾਂ, ਜੋ ਪਹਿਲਾਂ ਹੀ ਏਕੀਕ੍ਰਿਤ ਮਿਸ਼ਰਤ ਖੇਤੀ ਦੇ ਮਾਡਲ ਨੂੰ ਕਰ ਰਹੇ ਹਨ, ਵਿਚਕਾਰ ਗਿਆਨ ਦਾ ਆਦਾਨ-ਪ੍ਰਦਾਨ ਤਬਦੀਲੀ ਪ੍ਰਕਿਰਿਆ ਵਿੱਚ ਇੱਕ ਵੱਡੀ ਭੂਮਿਕਾ ਨਿਭਾਅ ਸਕਦਾ ਹੈ।

'ਸੀਮਤ, ਛੋਟੇ ਅਤੇ ਅਰਧ-ਦਰਮਿਆਨੇ ਕਿਸਾਨਾਂ ਦੇ ਸਮੂਹ ਨਾਲ ਸਬੰਧਤ 65% ਕਿਸਾਨਾਂ ਨੂੰ ਏਕੀਕ੍ਰਿਤ ਮਿਸ਼ਰਤ ਖੇਤੀ ਦੇ ਰੀਜਨਰੇਟਿਵ ਐਗਰੀਕਲਚਰ' ਮਾਡਲ ਵਿੱਚ ਤਬਦੀਲ ਹੋਣਾ ਚਾਹੀਦਾ ਹੈ, ਜਿਸ ਵਿੱਚ ਕਈ ਫਸਲਾਂ ਅਤੇ ਪਸ਼ੂਆਂ ਦੀਆਂ ਕਿਸਮਾਂ, ਖਾਦ, ਮਸ਼ਰੂਮ, ਡੇਅਰੀ ਜਾਨਵਰ, ਪੋਲਟਰੀ, ਸੂਰ, ਬੱਕਰੀਆਂ, ਭੇਡਾਂ, ਮੱਛੀ ਪਾਲਣ ਅਤੇ ਮਧੂ-ਮੱਖੀ ਪਾਲਣ ਆਦਿ ਸ਼ਾਮਲ ਹਨ। ਪੰਜਾਬ ਦੀਆਂ ਬਹੁਤ ਉਪਜਾਊ ਜ਼ਮੀਨਾਂ, ਜਿੱਥੇ ਭਰਪੂਰ ਸਿੰਚਾਈ ਹੈ, ਜੈਵਿਕ ਅਤੇ ਕੁਦਰਤੀ ਖੇਤੀ ਨੂੰ ਅਪਣਾਉਣ ਲਈ ਸਭ ਤੋਂ ਵਧੀਆ ਮੰਨੀਆਂ ਜਾਂਦੀਆਂ ਹਨ। ਸਾਡੇ ਪੇਂਡੂ ਖੇਤਰਾਂ ਵਿੱਚ ਲੋੜੀਂਦੀਆਂ ਮਜ਼ਦੂਰੀ ਦੀਆਂ ਤੀਬਰ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਕਾਫ਼ੀ ਰੁਜ਼ਗਾਰ ਯੋਗ ਖੇਤ ਮਜ਼ਦੂਰ ਵੀ ਹਨ। ਹਰੇਕ ਪਿੰਡ ਜਾਂ ਨੇੜਲੇ ਪਿੰਡ ਵਿੱਚ ਜੈਵਿਕ ਅਤੇ ਕੁਦਰਤੀ ਖੇਤੀ ਕਰਨ ਵਾਲੇ ਕਈ ਸਫਲ ਜਾਣਕਾਰ ਕਿਸਾਨ ਵੀ ਹਨ। ਅਜਿਹੇ ਕਿਸਾਨਾਂ ਨੂੰ ਰਾਜ ਦੇ ਖੇਤੀਬਾੜੀ ਵਿਭਾਗ ਦੁਆਰਾ ਜੈਵਿਕ ਅਤੇ ਕੁਦਰਤੀ ਖੇਤੀ ਦੀ ਸ਼ੁਰੂਆਤ ਕਰਨ ਵਾਲਿਆਂ ਨਾਲ ਆਪਣਾ ਗਿਆਨ ਸਾਂਝਾ ਕਰਨ ਲਈ ਵਰਤਿਆ ਜਾਣਾ ਚਾਹੀਦਾ ਹੈ।

***ਏਕੀਕ੍ਰਿਤ ਮਿਸ਼ਰਤ ਖੇਤੀ ਪ੍ਰਣਾਲੀ ਦੇ ਲਾਭ***

1. ਕਈ ਸਬਜ਼ੀਆਂ, ਫਲਾਂ, ਦੁੱਧ, ਆਂਡੇ, ਮੀਟ ਵਰਗੀਆਂ ਚੀਜ਼ਾਂ ਤੋਂ ਹਰ ਦਿਨ ਕੁਲ ਸਾਲ ਭਰ ਦੀ ਆਮਦਨ।
2. ਪਿੰਡ ਪੱਧਰ 'ਤੇ ਰੁਜ਼ਗਾਰ ਪੈਦਾ ਕਰਨਾ।
3. ਖੇਤੀਬਾੜੀ ਪਰਿਵਾਰ ਲਈ ਭੋਜਨ ਸੁਰੱਖਿਆ ਅਤੇ ਵਧੀਆ ਪੋਸ਼ਣ ਦੀ ਸਹੂਲਤ ਪੈਦਾ ਕਰਨਾ।
4. ਕੁਦਰਤੀ ਸਰੋਤਾਂ ਅਤੇ ਮਿੱਟੀ ਦੀ ਸਿਹਤ ਦੀ ਸੰਭਾਲ।

**ਚੌਲਾਂ ਦੀ ਕਾਸ਼ਤ ਨੂੰ 31.5 ਲੱਖ ਹੈਕਟੇਅਰ ਤੋਂ 19.0 ਲੱਖ ਹੈਕਟੇਅਰ ਤੱਕ 40% ਘਟਾਉਣਾ**

ਚੌਲਾਂ ਦੀ ਕਾਸ਼ਤ ਨੂੰ ਘਟਾਉਣ ਲਈ 12.53 ਲੱਖ ਹੈਕਟੇਅਰ ਜ਼ਮੀਨਾਂ ਦਾ ਇਹ ਪਰਿਵਰਤਨ ਪੰਜਾਬ ਰਾਜ ਦੇ ਸੀਮਤ+ਛੋਟੇ+ਅਰਧ ਦਰਮਿਆਨੇ ਖੇਤਰਾਂ ਦੀਆਂ ਸਮੂਹਿਕ ਫਸਲੀ ਜ਼ਮੀਨਾਂ ਦੇ ਬਰਾਬਰ ਹੈ **(ਸਾਰਣੀ #1 ਵੇਖੋ)**।

| Type Farmer | Numbers in Lakh | % ages of Total | Average Hectares | Total Lakh Hect | % age of Total |
|---|---|---|---|---|---|
| Marginal | 2.04 | 18.3% | 0.6 H | 1.26 LH | 3% |
| Small | 1.83 | 16.70% | 1.38 H | 2.52LH | 6% |
| Semi-Med | 3.25 | 30.16% | 2.70 H | 8.75 LH | 21% |
| Medium | 3.11 | 28.24% | 5.83 H | 18.13 LH | 43% |
| Large | 0.70 | 6.60% | 16.20 | 11.34 LH | 27% |
| 5. | 10.93 LH | 100% | — | 42.0 LH | 100% |

**ਇਸ ਨਾਲ ਪੰਜਾਬ ਰਾਜ ਅਤੇ 65% ਛੋਟੇ ਕਿਸਾਨ-ਸਮੂਹਾਂ ਨੂੰ ਕੀ ਪ੍ਰਾਪਤ ਹੋ ਸਕਦਾ ਹੈ?**

ਇਸ ਨਾਲ ਪਰਾਲੀ ਦੀ ਮਾਤਰਾ 40% ਘੱਟ ਜਾਵੇਗੀ ਅਤੇ ਪਰਾਲੀ ਸਾੜਨ ਦੀ ਸਮੱਸਿਆ ਨੂੰ ਹੱਲ ਕਰਨ ਵਿੱਚ ਮਦਦ ਮਿਲੇਗੀ।

ਚੌਲਾਂ ਦੀ ਕਾਸ਼ਤ ਵਿੱਚ 40% ਕਮੀ, 40% ਘੱਟ ਗ੍ਰੀਨ ਹਾਊਸ ਗੈਸਾਂ ਪੈਦਾ ਕਰੇਗੀ।

40% ਪਾਣੀ ਦੀ ਵਰਤੋਂ ਘਟੇਗੀ ਅਤੇ ਜ਼ਮੀਨੀ ਪਾਣੀ ਦੇ ਪੱਧਰ ਵਿੱਚ ਸੁਧਾਰ ਹੋਵੇਗਾ।

40% ਊਰਜਾ ਦੀ ਬੱਚਤ ਹੋਵੇਗੀ ਅਤੇ ਸੂਬੇ ਨੂੰ ਬਿਜਲੀ ਦੇ ਬਿੱਲਾਂ ਵਿੱਚ 4000 ਕਰੋੜ ਰੁਪਏ ਦੀ ਸਾਲਾਨਾ ਬੱਚਤ ਹੋਵੇਗੀ।

ਇੰਜ ਟੁੱਟੇ ਹੋਏ 'ਭੋਜਨ-ਪਾਣੀ-ਊਰਜਾ ਗਠਜੋੜ' ਨੂੰ ਠੀਕ ਕੀਤਾ ਜਾ ਸਕਦਾ ਹੈ ਅਤੇ ਪੰਜਾਬ ਰਾਜ ਦੇ ਵਾਤਾਵਰਣ ਵਿੱਚ ਸੁਧਾਰ ਹੋਵੇਗਾ।

ਜੈਵਿਕ ਅਤੇ ਕੁਦਰਤੀ ਖੇਤੀਬਾੜੀ ਅਰਥਵਿਵਸਥਾ ਦੇ ਤਿੰਨੋਂ ਇੰਜਣਾਂ ਨੂੰ ਸਸ਼ਕਤ ਬਣਾ ਕੇ ਛੋਟੇ ਕਿਸਾਨਾਂ ਦੀ ਆਮਦਨ ਵਧੇਗੀ; ਜਿਵੇਂ ਕਿ:

**1.** ਫਸਲ ਖੇਤਰ ਦੇ ਮੁੱਖ ਇੰਜਣ ਦੀ ਵਿਭਿੰਨਤਾ ਨੂੰ ਵਧਾਉਣਾ

**2.** ਪਸ਼ੂ ਉਤਪਾਦਨ ਦੇ ਦੂਜੇ ਇੰਜਣ ਨੂੰ ਉਤੇਜਿਤ ਕਰਨਾ

**3.** ਵਿਭਿੰਨ ਫਸਲਾਂ (ਫਲ ਤੇ ਸਬਜ਼ੀਆਂ) ਅਤੇ ਪਸ਼ੂ ਉਤਪਾਦਾਂ ਦੀ ਫੂਡ ਪ੍ਰੋਸੈਸਿੰਗ ਦੇ ਤੀਜੇ ਇੰਜਣ ਦੀ ਸਥਾਪਨਾ ਕਰਨਾ।

***ਪਰਿਵਰਤਨ ਲਈ ਫੰਡਿੰਗ***

ਜਦੋਂ ਵੀ ਫੰਡਾਂ ਦੀ ਗੱਲ ਆਉਂਦੀ ਹੈ, ਤਾਂ ਸਰਕਾਰ ਕੋਲ ਹਮੇਸ਼ਾ ਫੰਡ ਨਾ ਹੋਣ ਦਾ ਇੱਕ ਸਥਾਈ ਬਹਾਨਾ ਹੁੰਦਾ ਹੈ। ਫੰਡ ਉਪਲਬਧ ਕਰਵਾਏ ਜਾ ਸਕਦੇ ਹਨ, ਸਿਰਫ ਮੌਜੂਦਾ ਫੰਡਾਂ ਨੂੰ ਜੁਗਾੜੀ ਢੰਗ ਨਾਲ ਸ਼ਿਫਟ ਕਰਕੇ। ਉਦਾਹਰਣ ਵਜੋਂ:

**1.** ਇਸ ਤਬਦੀਲੀ ਵਿੱਚ ਮਨਰੇਗਾ ਮਜ਼ਦੂਰੀ ਦੀ ਵਰਤੋਂ ਕੀਤੀ ਜਾ ਸਕਦੀ ਹੈ ਅਤੇ ਮਨਰੇਗਾ ਫੰਡਾਂ ਵਿੱਚੋਂ ਉਨ੍ਹਾਂ ਦੀ ਤਨਖਾਹ ਦਾ ਭੁਗਤਾਨ ਕੀਤਾ ਜਾ ਸਕਦਾ ਹੈ।

**2.** ਰਾਜ, ਖੇਤੀ ਬਿਜਲੀ ਬਿੱਲ 'ਤੇ 40% ਬਚਾ ਸਕਦਾ ਹੈ, ਕਿਉਂਕਿ ਸਿੰਚਾਈ ਲਈ 40% ਘੱਟ ਝੋਨਾ ਹੈ।

**3.** ਰਾਜ ਖਾਦ ਅਤੇ ਕੀਟਨਾਸ਼ਕ ਸਬਸਿਡੀਆਂ ਤੋਂ 40% ਹੋਰ ਫੰਡ ਬਚਾ ਸਕਦਾ ਹੈ, ਕਿਉਂਕਿ ਛਿੜਕਾਅ ਅਤੇ ਕੀੜਿਆਂ ਤੋਂ ਬਚਾਅ ਲਈ 40% ਘੱਟ ਝੋਨਾ ਹੈ।

**4.** ਰੀਜਨਰੇਟਿਵ ਐਗਰੀਕਲਚਰ ਕਿਸੇ ਵੀ ਰਸਾਇਣਕ ਖਾਦ ਅਤੇ ਕੀਟਨਾਸ਼ਕਾਂ ਦੀ ਵਰਤੋਂ ਨਹੀਂ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

# ਲੋਹੜੀ: ਬਗਾਵਤ ਅਤੇ ਬਹਾਦਰੀ ਦੀ ਸਾਂਝੀ ਵਿਰਾਸਤ

## ਸਵੈਮਾਣ ਦੀ ਅੱਗ, ਜਿਸ ਨੂੰ ਵਕਤ ਦੇ ਤੂਫਾਨ ਵੀ ਬੁਝਾਅ ਨਹੀਂ ਸਕੇ

ਪੰਕਜ ਸ਼ਰਮਾ/ਸੁਸ਼ੀਲ ਕੁਮਾਰ

ਪੰਜਾਬ ਦਾ ਸਮਾਜੀ ਢਾਂਚਾ ਸਾਂਝੇ ਪਰਿਵਾਰਾਂ ਅਤੇ ਬਜ਼ੁਰਗਾਂ ਦੇ ਆਸ਼ੀਰਵਾਦ 'ਤੇ ਟਿਕਿਆ ਹੋਇਆ ਹੈ। ਲੋਹੜੀ ਦੇ ਮੌਕੇ ਘਰ ਦੀਆਂ ਨੂੰਹਾਂ ਸੱਸ-ਸਹੁਰੇ ਅਤੇ ਹੋਰ ਬਜ਼ੁਰਗਾਂ ਨੂੰ ਲੋਈ, ਸ਼ਾਲ ਜਾਂ ਗਰਮ ਕੱਪੜੇ ਭੇਟ ਕਰਦੀਆਂ ਹਨ। ਇਹ ਰੀਤ ਪੀੜ੍ਹੀਆਂ ਵਿਚਾਲੇ ਇੱਜ਼ਤ, ਸ਼ੁਕਰਾਨੇ ਅਤੇ ਪਿਆਰ ਦਾ ਪੁਲ ਹੈ। ਗੱਲ ਸਾਫ ਹੈ- ਜਿੱਥੇ ਬਜ਼ੁਰਗਾਂ ਦਾ ਮਾਣ ਹੁੰਦਾ ਹੈ, ਉੱਥੇ ਖੁਸ਼ਹਾਲੀ ਵੱਸਦੀ ਹੈ।

ਪੰਜਾਬ ਦੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਘਰ ਦੇ ਵਿਹੜੇ ਵਿੱਚ ਬਲਦੀ ਲੋਹੜੀ ਸਿਰਫ਼ ਲੱਕੜਾਂ ਦੀ ਅੱਗ ਨਹੀਂ ਹੈ। ਇਹ ਉਸ ਸਮਾਜਕ ਜਾਗਰੂਕਤਾ ਦਾ ਜੀਵੰਤ ਚਿੰਨ੍ਹ ਹੈ, ਜਿਸ ਵਿੱਚ ਬਹਾਦਰੀ, ਬਗ਼ਾਵਤ, ਕਿਸਾਨ ਦਾ ਸੰਘਰਸ਼ ਅਤੇ ਬਜ਼ੁਰਗਾਂ ਪ੍ਰਤੀ ਇੱਜ਼ਤ ਦੀ ਲੋਅ ਸਦੀਆਂ ਤੋਂ ਬਲਦੀ ਆ ਰਹੀ ਹੈ।

ਲੋਹੜੀ ਦੀ ਅੱਗ ਵਿੱਚ ਪੰਜਾਬ ਦਾ ਇਤਿਹਾਸ, ਲੋਕ-ਰੀਤਾਂ ਅਤੇ ਜੀਵਨ ਮੁੱਲ ਸਭ ਇਕੱਠੇ ਹੋ ਜਾਂਦੇ ਹਨ। ਇਸ ਲਈ ਇਹ ਤਿਉਹਾਰ ਸਿਰਫ਼ ਜਸ਼ਨ ਨਹੀਂ, ਸਗੋਂ ਸੰਸਕਾਰਾਂ ਦੀ ਵਿਰਾਸਤ ਬਣ ਗਿਆ ਹੈ।

ਲੋਹੜੀ ਦਾ ਤਿਉਹਾਰ ਲੋਕ ਗੀਤ 'ਸੁੰਦਰ-ਮੁੰਦਰੀਏ' ਤੋਂ ਬਿਨਾ ਅਧੂਰਾ ਹੈ। ਇਹ ਗੀਤ ਸਿਰਫ਼ ਇਕੱਠੇ ਗਾਉਣ ਵਾਲਾ ਨਹੀਂ, ਸਗੋਂ ਮੁਗਲ ਕਾਲ ਵਿੱਚ ਪੰਜਾਬ ਦੇ ਲੋਕ ਨਾਇਕ ਦੁੱਲਾ ਭੱਟੀ ਦੇ ਵਿਦਰੋਹ ਅਤੇ ਔਰਤਾਂ ਪ੍ਰਤੀ ਇੱਜ਼ਤ ਦੀ ਕਹਾਣੀ ਹੈ। ਉਸ ਵੇਲੇ ਜਦੋਂ ਗਰੀਬ ਘਰਾਂ ਦੀਆਂ ਧੀਆਂ ਨੂੰ ਜ਼ਬਰਦਸਤੀ ਗੁਲਾਮ ਬਣਾਇਆ ਜਾਂਦਾ ਸੀ, ਦੁੱਲਾ ਭੱਟੀ ਨੇ ਨਾ ਸਿਰਫ਼ ਉਨ੍ਹਾਂ ਨੂੰ ਆਜ਼ਾਦ ਕੀਤਾ, ਸਗੋਂ ਪਿਤਾ ਬਣ ਕੇ ਉਨ੍ਹਾਂ ਦਾ ਕੰਨਿਆਦਾਨ ਵੀ ਕੀਤਾ। ਇਸ ਲਈ ਲੋਕ ਗੀਤਾਂ ਵਿੱਚ ਅੱਜ ਵੀ ਉਨ੍ਹਾਂ ਦਾ ਨਾਂ ਇੱਜ਼ਤ ਨਾਲ ਲਿਆ ਜਾਂਦਾ ਹੈ। ਇਹ ਗੀਤ ਯਾਦ ਕਰਵਾਉਂਦਾ ਹੈ ਕਿ ਪੰਜਾਬ ਦੀ ਧਰਤੀ ਵਿੱਚ ਅਨਿਆਂ ਵਿਰੁੱਧ ਖੜ੍ਹੇ ਹੋਣ ਦਾ ਹੌਸਲਾ ਵੱਸਿਆ ਹੋਇਆ ਹੈ।

### ਬਦਲਦੀ ਸੋਚ: ਧੀਆਂ ਦੀ ਲੋਹੜੀ

ਪਹਿਲਾਂ ਲੋਹੜੀ ਨੂੰ ਸਿਰਫ਼ ਪੁੱਤਰ ਪ੍ਰਾਪਤੀ ਨਾਲ ਜੋੜ ਕੇ ਵੇਖਿਆ ਜਾਂਦਾ ਸੀ, ਪਰ ਵਕਤ ਦੇ ਨਾਲ ਸਮਾਜ ਦੀ ਸੋਚ ਵਿੱਚ ਬਦਲਾਅ ਆਇਆ ਹੈ। 'ਬੇਟੀ ਬਚਾਓ, ਬੇਟੀ ਪੜ੍ਹਾਓ' ਦੀ ਭਾਵਨਾ ਹੁਣ ਤਿਉਹਾਰਾਂ ਦੀਆਂ ਰੀਤਾਂ ਵਿੱਚ ਵੀ ਦਿਖਣ ਲੱਗ ਪਈ ਹੈ। ਅੱਜ ਬਹੁਤ ਸਾਰੇ ਘਰਾਂ ਵਿੱਚ ਧੀਆਂ ਦੀ ਲੋਹੜੀ ਵੀ ਪੂਰੇ ਉਤਸ਼ਾਹ ਨਾਲ ਮਨਾਈ ਜਾਂਦੀ ਹੈ। ਲੋਕ ਗੀਤਾਂ ਦੇ ਬੋਲਾਂ ਵਿੱਚ ਵੀ ਬਦਲਾਅ ਹੈ, ਹੁਣ ਮੁੰਡੇ ਨਾਲ ਧੀ ਦੀ ਵੀ ਲੰਮੀ ਉਮਰ ਅਤੇ ਚਮਕਦਾ ਭਵਿੱਖ ਮੰਗਿਆ ਜਾਂਦਾ ਹੈ। ਹਾਲਾਂਕਿ ਇਹ ਬਦਲਾਅ ਅਜੇ ਸਭ ਵਰਗਾਂ ਤੱਕ ਪੂਰਾ ਨਹੀਂ ਪਹੁੰਚਿਆ, ਪਰ ਇਹ ਸੰਕੇਤ ਹੈ ਕਿ ਸਮਾਜ ਅੱਗੇ ਵਧ ਰਿਹਾ ਹੈ।

### ਕਿਸਾਨ ਅਤੇ ਕੁਦਰਤ ਦਾ ਤਿਉਹਾਰ

ਲੋਹੜੀ ਦਾ ਸਿੱਧਾ ਰਿਸ਼ਤਾ ਕਿਸਾਨ ਅਤੇ ਉਸ ਦੀ ਫਸਲ ਨਾਲ ਹੈ। ਮਾਘੀ ਆਉਣ ਤੋਂ ਪਹਿਲਾਂ ਮਨਾਇਆ ਜਾਂਦਾ ਇਹ ਤਿਉਹਾਰ ਸਾਉਣੀ ਦੀ ਫਸਲ ਨਾਲ ਜੁੜਿਆ ਹੈ। ਅੱਗ ਵਿੱਚ ਤਿਲ, ਗੁੜ, ਰਿਉੜੀ ਅਤੇ ਮੂੰਗਫਲੀ ਪਾਉਂਦੇ ਹੋਏ ਕਿਸਾਨ ਕੁਦਰਤ ਪ੍ਰਤੀ ਧੰਨਵਾਦ ਕਰਦਾ ਹੈ। ਸਖ਼ਤ ਸਰਦੀ ਵਿੱਚ ਖੇਤਾਂ ਵਿੱਚ ਮਿਹਨਤ ਕਰਨ ਵਾਲੇ ਕਿਸਾਨ ਲਈ ਇਹ ਤਿਉਹਾਰ ਰਿਸ਼ਤੇ ਅਤੇ ਉਮੀਦ ਦਾ ਨਿਸ਼ਾਨ ਬਣ ਜਾਂਦਾ ਹੈ।

### ਸੱਭਿਆਚਾਰ ਦਾ ਸੁਨੇਹਾ

ਪੰਜਾਬ ਦੀਆਂ ਗਲੀਆਂ ਤੋਂ ਲੈ ਕੇ ਹਰ ਪਿੰਡ-ਸ਼ਹਿਰ ਤੱਕ ਗੂੰਜਦੇ ਲੋਹੜੀ ਦੇ ਗੀਤ ਆਪਣੀਆਂ ਜੜ੍ਹਾਂ ਵੱਲ ਵਾਪਸ ਆਉਣ ਦਾ ਸੁਨੇਹਾ ਦਿੰਦੇ ਹਨ। ਇਹ ਤਿਉਹਾਰ ਸਿਖਾਉਂਦਾ ਹੈ ਕਿ ਇਸ ਸੱਭਿਆਚਾਰ ਵਿੱਚ ਬਗਾਵਤ ਵੀ ਪੂਜਨੀਕ ਹੈ ਅਤੇ ਬਜ਼ੁਰਗਾਂ ਦੀ ਇੱਜ਼ਤ ਵੀ ਜ਼ਰੂਰੀ ਹੈ। ਬੱਸ ਸ਼ਰਤ ਇਹ ਹੈ ਕਿ ਇਰਾਦਾ ਨੇਕ ਹੋਵੇ ਅਤੇ ਸਮਾਜ ਹਿੱਤ ਸਭ ਤੋਂ ਉੱਪਰ ਹੋਵੇ।

### ਦੁੱਲਾ ਭੱਟੀ: ਪੰਜਾਬ ਦਾ ਰੌਬਿਨਹੁਡ

ਪੰਜਾਬ ਦੀ ਲੋਕ ਚੇਤਨਾ ਵਿੱਚ ਰਾਏ ਅਬਦੁੱਲਾ ਖ਼ਾਨ ਭੱਟੀ ਯਾਨੀ ਦੁੱਲਾ ਭੱਟੀ ਦਾ ਸਥਾਨ ਖਾਸ ਹੈ। ਸਾਂਦਲ ਬਾਰ (ਹੁਣ ਪਾਕਿਸਤਾਨ) ਵਿੱਚ ਜਨਮੇ ਦੁੱਲਾ ਭੱਟੀ ਦੇ ਪਿਤਾ



ਅਤੇ ਦਾਦਾ ਨੇ ਮੁਗਲ ਹਕੂਮਤ ਵਿਰੁੱਧ ਲੜਦੇ ਹੋਏ ਸ਼ਹੀਦੀ ਪਾਈ ਸੀ। ਅਕਬਰ ਦੇ ਰਾਜ ਵਿੱਚ ਜਦੋਂ ਕਿਸਾਨਾਂ 'ਤੇ ਭਾਰੀ ਟੈਕਸ ਲਗਾਇਆ ਗਿਆ ਤਾਂ ਦੁੱਲਾ ਭੱਟੀ ਨੇ ਵਿਦਰੋਹ ਸ਼ੁਰੂ ਕੀਤਾ। ਉਹ ਅਮੀਰਾਂ ਤੋਂ ਲੁੱਟੀ ਹੋਈ ਸੰਪਤੀ ਗਰੀਬਾਂ ਵਿੱਚ ਵੰਡਦੇ ਸਨ, ਇਸ ਲਈ ਉਨ੍ਹਾਂ ਨੂੰ ਪੰਜਾਬ ਦਾ ਰੌਬਿਨਹੁਡ ਕਿਹਾ ਜਾਂਦਾ ਹੈ।

ਉਨ੍ਹਾਂ ਦੀ ਸਭ ਤੋਂ ਵੱਡੀ ਪਛਾਣ ਔਰਤਾਂ ਦੇ ਸਨਮਾਨ ਦੇ ਰੱਖਿਅਕ ਵਜੋਂ ਹੈ। ਸੁੰਦਰੀ ਅਤੇ ਮੁੰਦਰੀ ਨਾਮ ਦੀਆਂ ਦੋ ਕੁੜੀਆਂ ਨੂੰ ਮੁਗਲ ਅਧਿਕਾਰੀਆਂ ਤੋਂ ਛੁਡਾ ਕੇ ਉਨ੍ਹਾਂ ਨੇ ਜੰਗਲ ਵਿੱਚ ਅੱਗ ਨੂੰ ਸਾਖਸ਼ੀ ਮੰਨ ਕੇ ਕੰਨਿਆਦਾਨ ਕੀਤਾ। ਇਹੀ ਘਟਨਾ 'ਸੁੰਦਰ-ਮੁੰਦਰੀਏ' ਲੋਕ ਗੀਤ ਦੀ ਰੂਹ ਹੈ। ਮੁਗਲ ਹਕੂਮਤ ਨੇ ਅੰਤ ਵਿੱਚ ਧੋਖੇ ਨਾਲ ਉਨ੍ਹਾਂ ਨੂੰ ਫੜ ਲਿਆ ਅਤੇ ਲਾਹੌਰ ਵਿੱਚ ਫਾਂਸੀ ਦੇ ਦਿੱਤੀ ਪਰ ਉਨ੍ਹਾਂ ਦੀ ਸ਼ਹਾਦਤ ਨੇ ਉਨ੍ਹਾਂ ਨੂੰ ਅਮਰ ਬਣਾ ਦਿੱਤਾ। ਅੱਜ ਵੀ ਲੋਹੜੀ ਦੀ ਅੱਗ ਦੇ ਚਾਰੇ ਪਾਸੇ ਗੂੰਜਦਾ ਉਨ੍ਹਾਂ ਦਾ ਨਾਂ ਪੰਜਾਬ ਦੇ ਸਵੈਮਾਣ ਅਤੇ ਹੌਸਲੇ ਦੀ ਨਿਸ਼ਾਨੀ ਹੈ। ਲੋਹੜੀ ਸਿਰਫ਼ ਤਿਉਹਾਰ ਨਹੀਂ ਸਗੋਂ ਪੰਜਾਬ ਦੀ ਆਤਮਾ ਦਾ ਜਸ਼ਨ ਹੈ, ਜਿੱਥੇ ਬਗਾਵਤ, ਬਹਾਦਰੀ ਅਤੇ ਸੰਸਕਾਰ ਇਕੱਠੇ ਹੁੰਦੇ ਹਨ।

### ਸਿਰਫ਼ ਜਸ਼ਨ ਨਹੀਂ, ਜੈਂਡਰ ਵਿਚਾਰ ਵੀ ਹੈ ਲੋਹੜੀ

ਪੰਜਾਬ ਦੀ ਲੋਕ ਸੰਸਕ੍ਰਿਤੀ ਦਾ ਮੁੱਖ ਤਿਉਹਾਰ ਲੋਹੜੀ ਹੁਣ ਸਿਰਫ਼ ਅੱਗ ਦੇ ਚਾਰੇ ਪਾਸੇ ਗਾਏ ਜਾਂਦੇ ਗੀਤਾਂ ਅਤੇ ਪੁਰਾਣੇ ਜਸ਼ਨ ਤੱਕ ਸੀਮਿਤ ਨਹੀਂ ਰਿਹਾ। ਸਮੇਂ ਨਾਲ ਇਹ ਤਿਉਹਾਰ ਸਮਾਜ ਵਿੱਚ ਆ ਰਹੇ ਵਿਚਾਰਕ ਬਦਲਾਅ ਅਤੇ ਲਿੰਗ ਸਮਾਨਤਾ ਦੀ ਗੱਲ ਨੂੰ ਉਭਾਰਨ ਵਾਲਾ ਪਲੈਟਫ਼ਾਰਮ ਵੀ ਬਣ ਰਿਹਾ ਹੈ। ਖਾਸ ਕਰ ਕੇ ਧੀਆਂ ਦੀ ਪਹਿਲੀ ਲੋਹੜੀ ਮਨਾਉਣ ਦਾ ਵਧਦਾ ਰੁਝਾਨ ਇਸ ਬਦਲਾਅ ਦੀ ਸਭ ਤੋਂ ਮਜਬੂਤ ਤਸਵੀਰ ਹੈ।

ਪੁਰਾਣੀ ਰੀਤ ਨਾਲ ਲੋਹੜੀ ਨੂੰ ਪੁੱਤਰ ਜਨਮ, ਵਿਆਹ ਜਾਂ ਪਰਿਵਾਰ ਵਿੱਚ ਨਵੀਂ ਸ਼ੁਰੂਆਤ ਨਾਲ ਜੋੜ ਕੇ ਵੇਖਿਆ ਜਾਂਦਾ ਰਿਹਾ ਹੈ। ਬੇਟੇ ਦੀ ਪਹਿਲੀ ਲੋਹੜੀ ਵੱਡੇ ਪੱਧਰ 'ਤੇ ਮਨਾਈ ਜਾਂਦੀ ਸੀ, ਰਿਸ਼ਤੇਦਾਰ ਆਉਂਦੇ ਅਤੇ ਖੁੱਲ੍ਹਾ ਉਤਸਵ ਹੁੰਦਾ ਸੀ। ਇਸ ਦੇ ਉਲਟ, ਧੀ ਦੇ ਜਨਮ 'ਤੇ ਇਹ ਤਿਉਹਾਰ ਜਾਂ ਤਾਂ ਨਹੀਂ ਮਨਾਇਆ ਜਾਂਦਾ ਸੀ ਜਾਂ ਛੋਟੇ ਪੱਧਰ 'ਤੇ; ਪਰ ਪਿਛਲੇ ਕੁਝ ਸਾਲਾਂ ਵਿੱਚ ਤਸਵੀਰ ਬਦਲ ਗਈ ਹੈ। ਸ਼ਹਿਰੀ ਖੇਤਰਾਂ ਨਾਲ ਨਾਲ ਹੁਣ ਬਹੁਤੇ ਪਿੰਡਾਂ ਵਿੱਚ ਵੀ ਧੀਆਂ ਦੀ ਪਹਿਲੀ ਲੋਹੜੀ ਉਸੇ ਉਤਸ਼ਾਹ ਨਾਲ ਮਨਾਈ ਜਾ ਰਹੀ ਹੈ, ਜਿਵੇਂ ਪਹਿਲਾਂ ਸਿਰਫ਼ ਬੇਟਿਆਂ ਲਈ ਹੁੰਦੀ ਸੀ।

ਧੀਆਂ ਦੀ ਲੋਹੜੀ ਮਨਾਉਣਾ ਸਿਰਫ਼ ਰਸਮ ਨਹੀਂ, ਸਗੋਂ ਇੱਕ ਸਮਾਜਕ ਸੰਦੇਸ਼ ਵੀ ਹੈ। ਇਹ ਦੱਸਦਾ ਹੈ ਕਿ ਬੇਟੇ-ਬੇਟੀ ਵਿੱਚ ਫ਼ਰਕ ਦੀ ਸੋਚ ਘੱਟ ਹੋ ਰਹੀ ਹੈ। ਬਹੁਤੇ ਪਰਿਵਾਰ ਇਸ ਮੌਕੇ ਨੂੰ ਨਿਸ਼ਾਨੀ ਵਜੋਂ ਵਰਤ ਰਹੇ ਹਨ। ਸਮਾਗਮਾਂ ਵਿੱਚ 'ਬੇਟੀ ਬਚਾਓ, ਬੇਟੀ ਪੜ੍ਹਾਓ' ਵਰਗੇ ਸੰਦੇਸ਼, ਪੋਸਟਰ ਅਤੇ ਲੋਕ ਗੀਤ ਸ਼ਾਮਲ ਕੀਤੇ ਜਾ ਰਹੇ ਹਨ, ਜੋ ਸੋਚ ਵਿੱਚ ਆਏ ਬਦਲਾਅ ਨੂੰ ਵਿਖਾਉਂਦੇ ਹਨ।

### ਬਦਲਾਅ ਨਾਲ ਨਾਲ ਹਨ ਸੀਮਾਵਾਂ ਵੀ

ਹਾਲਾਂਕਿ ਚੰਗੇ ਸੰਕੇਤਾਂ ਦੇ ਬਾਵਜੂਦ ਅਸਮਾਨਤਾ ਪੂਰੀ ਖ਼ਤਮ ਨਹੀਂ ਹੋਈ। ਬਹੁਤੇ ਘਰਾਂ ਵਿੱਚ ਧੀ ਦੀ ਲੋਹੜੀ ਮਨਾਈ ਜਾਂਦੀ ਹੈ, ਪਰ ਇਹ ਛੋਟੇ ਪੱਧਰ 'ਤੇ ਹੁੰਦੀ ਹੈ। ਜਿੱਥੇ ਬੇਟੇ ਦੀ ਲੋਹੜੀ ਵਿੱਚ ਵੱਡਾ ਖਰਚ ਅਤੇ ਭੀੜ ਹੁੰਦੀ ਹੈ, ਉੱਥੇ ਧੀਆਂ ਲਈ ਸਾਦਗੀ ਨੂੰ ਤਰਜੀਹ ਦਿੱਤੀ ਜਾਂਦੀ ਹੈ। ਕੁਝ ਮਾਮਲਿਆਂ ਵਿੱਚ ਇਹ ਤਿਉਹਾਰ ਸਮਾਨਤਾ ਤੋਂ ਜ਼ਿਆਦਾ ਰਸਮ ਨਿਭਾਉਣ ਤੱਕ ਸੀਮਿਤ ਰਹਿ ਜਾਂਦਾ ਹੈ।

ਤਿਉਹਾਰ ਸਮਾਜੀ ਸੋਚ ਬਦਲਣ ਦਾ ਮੌਕਾ ਦਿੰਦੇ ਹਨ, ਪਰ ਅਸਲ ਬਦਲਾਅ ਤਾਂ ਹੀ ਆਵੇਗਾ ਜਦੋਂ ਇਹ ਬਰਾਬਰੀ ਪੜ੍ਹਾਈ, ਜਾਇਦਾਦ ਦੇ ਹੱਕਾਂ ਅਤੇ ਪਰਿਵਾਰ ਦੇ ਨਿਰਣੇ ਵਿੱਚ ਵੀ ਦਿਖੇ। ਫਿਰ ਵੀ ਧੀਆਂ ਦੀ ਪਹਿਲੀ ਲੋਹੜੀ ਦਾ ਵਧਦਾ ਰੁਝਾਨ ਦੱਸਦਾ ਹੈ ਕਿ ਸਮਾਜ ਠੀਕ ਦਿਸ਼ਾ ਵਿੱਚ ਅੱਗੇ ਵਧ ਰਿਹਾ ਹੈ। ਲੋਹੜੀ ਦੀ ਅੱਗ ਵਿੱਚ ਹੁਣ ਸਿਰਫ਼ ਤਿਲ, ਰਿਉੜੀ ਅਤੇ ਮੂੰਗਫਲੀ ਨਹੀਂ, ਸਗੋਂ ਬਰਾਬਰੀ ਅਤੇ ਇੱਜ਼ਤ ਦੀਆਂ ਉਮੀਦਾਂ ਵੀ ਸੁਲਗਣ ਲੱਗ ਪਈਆਂ ਹਨ।

### ਅਰਥ ਵਿਵਸਥਾ ਦੀ ਧੜਕਣ, ਇੱਕ ਹਫ਼ਤੇ ਵਿੱਚ ਲੱਖਾਂ ਦਾ ਕਾਰੋਬਾਰ

ਲੋਹੜੀ ਪੰਜਾਬ ਵਿੱਚ ਸਿਰਫ਼ ਸੱਭਿਆਚਾਰਕ ਤਿਉਹਾਰ ਨਹੀਂ, ਸਗੋਂ ਇੱਕ ਮਜਬੂਤ ਮੌਸਮੀ ਅਰਥ ਵਿਵਸਥਾ ਵੀ ਖੜ੍ਹੀ ਕਰਦੀ ਹੈ।

ਜਨਵਰੀ ਦੇ ਪਹਿਲੇ ਅੱਧ ਵਿੱਚ ਮਨਾਇਆ ਜਾਂਦਾ ਇਹ ਤਿਉਹਾਰ ਮੂੰਗਫਲੀ, ਰਿਉੜੀ, ਗੱਜਕ, ਗੁੜ, ਤਿਲ, ਲੱਕੜ, ਢੋਲ, ਟੈਂਟ ਅਤੇ ਡੀ.ਜੇ. ਵਰਗੇ ਕਾਰੋਬਾਰਾਂ ਨੂੰ ਬਹੁਤ ਲਾਭ ਦਿੰਦਾ ਹੈ। ਅੰਦਾਜ਼ੇ ਮੁਤਾਬਕ ਲੋਹੜੀ ਤੋਂ ਪਹਿਲਾਂ ਅਤੇ ਬਾਅਦ ਦੇ ਲਗਭਗ ਇੱਕ ਹਫ਼ਤੇ ਵਿੱਚ ਹੀ ਸ਼ਹਿਰਾਂ ਅਤੇ ਕਸਬਿਆਂ ਵਿੱਚ ਲੱਖਾਂ ਰੁਪਏ ਦਾ ਕਾਰੋਬਾਰ ਹੁੰਦਾ ਹੈ।

ਬਾਜ਼ਾਰਾਂ ਵਿੱਚ ਮੂੰਗਫਲੀ ਅਤੇ ਰਿਉੜੀ ਦੀਆਂ ਅਸਥਾਈ ਰੇੜ੍ਹੀਆਂ ਤੋਂ ਲੈ ਕੇ ਥੋਕ ਦੁਕਾਨਾਂ ਤੱਕ ਭੀੜ ਉਮੜ ਪੈਂਦੀ ਹੈ। ਦੁਕਾਨਦਾਰਾਂ ਅਨੁਸਾਰ ਆਮ ਦਿਨਾਂ ਨਾਲੋਂ ਇਸ ਵੇਲੇ ਵਿਕਰੀ ਤਿੰਨ-ਚਾਰ ਗੁਣਾ ਵਧ ਜਾਂਦੀ ਹੈ। ਸਭ ਤੋਂ ਵੱਧ ਮੰਗ ਮੂੰਗਫਲੀ, ਰਿਉੜੀ, ਪੌਪਕੌਰਨ ਅਤੇ ਗੱਚਕ ਦੀ ਰਹਿੰਦੀ ਹੈ, ਜਦਕਿ ਤਿਲ ਅਤੇ ਗੁੜ ਨਾਲ ਬਣੀਆਂ ਚੀਜ਼ਾਂ ਵੀ ਖੂਬ ਵਿਕਦੀਆਂ ਹਨ। ਲੋਹੜੀ ਦੀ ਅੱਗ ਲਈ ਲੱਕੜ ਦੀ ਮੰਗ ਵੀ ਤੇਜ਼ ਹੋ ਜਾਂਦੀ ਹੈ। ਹਾਲਾਂਕਿ ਪ੍ਰਸ਼ਾਸਕੀ ਨਿਰਦੇਸ਼ਾਂ ਕਾਰਨ ਘੱਟ ਮਾਤਰਾ ਵਿੱਚ ਲੱਕੜ ਖਰੀਦੀ ਜਾਂਦੀ ਹੈ, ਪਰ ਕਾਰੋਬਾਰ ਆਮ ਦਿਨਾਂ ਨਾਲੋਂ ਲਗਭਗ ਦੁੱਗਣਾ ਹੋ ਜਾਂਦਾ ਹੈ।

ਢੋਲ ਵਾਜੇ, ਟੈਂਟ ਹਾਊਸ ਅਤੇ ਡੀ.ਜੇ. ਚਲਾਉਣ ਵਾਲਿਆਂ ਲਈ ਵੀ ਲੋਹੜੀ ਰਾਹਤ ਲਿਆਉਂਦੀ ਹੈ। ਵਿਆਹਾਂ ਦੇ ਆਫ਼-ਸੀਜ਼ਨ ਵਿੱਚ ਇਹ ਤਿਉਹਾਰ ਉਨ੍ਹਾਂ ਨੂੰ ਕੰਮ ਅਤੇ ਕਮਾਈ ਦਿੰਦਾ ਹੈ। ਛੋਟੇ ਦੁਕਾਨਦਾਰ ਕਹਿੰਦੇ ਹਨ ਕਿ ਮਹਿੰਗਾਈ ਅਤੇ ਮੰਦੀ ਵਿੱਚ ਲੋਹੜੀ ਦੇ ਇੱਕ ਹਫ਼ਤੇ ਦੀ ਕਮਾਈ ਸਾਲ ਦੀ ਸ਼ੁਰੂਆਤ ਨੂੰ ਸੰਭਾਲਣ ਵਿੱਚ ਮਦਦ ਕਰਦੀ ਹੈ। ਲੋਹੜੀ ਅੱਜ ਪੰਜਾਬ ਵਿੱਚ ਸਿਰਫ਼ ਰੀਤ ਨਹੀਂ, ਸਗੋਂ ਬਦਲਦੀ ਸੋਚ ਅਤੇ ਸਥਾਨਕ ਅਰਥ-ਵਿਵਸਥਾ ਦੋਵਾਂ ਦਾ ਨਿਸ਼ਾਨ ਬਣ ਚੁੱਕੀ ਹੈ। ਇੱਕ ਪਾਸੇ ਇਹ ਧੀਆਂ ਦੇ ਸਨਮਾਨ ਦਾ ਪਲੈਟਫਾਰਮ ਬਣ ਰਹੀ ਹੈ, ਦੂਜੇ ਪਾਸੇ ਹਜ਼ਾਰਾਂ ਘਰਾਂ ਦੀ ਰੋਜ਼ੀ-ਰੋਟੀ ਵਿੱਚ ਵੀ ਵੱਡਾ ਹਿੱਸਾ ਪਾਉਂਦੀ ਹੈ।

# ਪੰਜਾਬ ਦੇ ਛੋਟੇ ਕਿਸਾਨ-ਸਮੂਹਾਂ ਲਈ ਪੁਨਰਜਨਮ ਤੇ ਜੈਵਿਕ ਏਕੀਕ੍ਰਿਤ-ਮਿਸ਼ਰਤ ਖੇਤੀ ਦਾ ਦਾਇਰਾ

ਕਰੇਗਾ।

**5.** ਕੇਂਦਰ ਨੂੰ ਆਪਣੀ ਚੌਲ ਨਕਦ ਕ੍ਰੈਡਿਟ ਸੀਮਾ ਦਾ 40% ਘੱਟ ਖਰਚ ਕਰਨਾ ਪਵੇਗਾ, ਕਿਉਂਕਿ ਪੰਜਾਬ ਕੋਲ ਵੇਚਣ ਲਈ 40% ਘੱਟ ਚੌਲ ਹੋਣਗੇ। ਇਹ ਬੱਚਤ ਨਵੀਂਆਂ ਫਸਲਾਂ ਦੀ ਮਾਰਕਿਟਿੰਗ ਸਿਸਟਮ ਨੂੰ ਮਜਬੂਤ ਕਰਨ ਵਿੱਚ ਉਪਲਬਧ ਕੀਤੀ ਜਾ ਸਕਦੀ ਹੈ।

**6.** ਕਿਉਂਕਿ ਇਹ ਤਬਦੀਲੀ ਗਰੀਬ ਕਿਸਾਨਾਂ ਦੀ ਆਮਦਨ ਵਧਾਉਣ ਲਈ ਹੈ, ਇਸ ਲਈ ਕੇਂਦਰ ਸਰਕਾਰ ਪਰਿਵਾਰ ਭਲਾਈ ਸਕੀਮਾਂ ਤੋਂ ਫੰਡ ਮੁਹੱਈਆ ਵੀ ਕਰਵਾ ਸਕਦੀ ਹੈ।

**7.** ਕਿਉਂਕਿ ਇਹ ਤਬਦੀਲੀ ਵਾਤਾਵਰਣ 'ਤੇ ਘੱਟ ਕਾਰਬਨ ਫੁੱਟਪ੍ਰਿੰਟ ਵਾਲੀ ਪੁਨਰਜਨਮ, ਰੂੜੀਵਾਦੀ ਖੇਤੀਬਾੜੀ ਲਈ ਹੈ, ਇਸ ਲਈ ਕੇਂਦਰ ਸਰਕਾਰ ਜਲਵਾਯੂ ਘਟਾਉਣ ਦੀਆਂ ਸਕੀਮਾਂ ਤੋਂ ਫੰਡ ਮੁਹੱਈਆ ਕਰਵਾ ਸਕਦੀ ਹੈ।

**8.** ਫੂਡ ਪ੍ਰੋਸੈਸਿੰਗ, ਵੇਅਰਹਾਊਸਿੰਗ ਅਤੇ ਉਦਯੋਗ ਵਿਭਾਗ, ਕੋਲਡ ਸਟੋਰੇਜ ਅਤੇ ਫੂਡ ਪ੍ਰੋਸੈਸਿੰਗ ਸਥਾਪਤ ਕਰਨ ਲਈ ਫੰਡ ਦੇ ਸਕਦੇ ਹਨ।

ਇੰਜ ਇਕੱਠੇ ਕੀਤੇ ਫੰਡ ਤਬਦੀਲੀ ਨੂੰ ਲਾਗੂ ਕਰਨ ਲਈ ਕਾਫ਼ੀ ਹੋਣਗੇ।

***ਇਹ ਬਦਲਾਅ ਇੱਕ ਸਵਾਗਤਯੋਗ ਕਦਮ ਹੋ ਸਕਦਾ ਹੈ***

**1.** ਕਰੀਬ 7.13 ਲੱਖ ਗਰੀਬ ਕਿਸਾਨ ਪਰਿਵਾਰਾਂ ਦੀ ਆਮਦਨ ਵਿੱਚ ਸੁਧਾਰ ਕਰਨਾ, ਜੋ ਲਗਭਗ 42.78 ਲੱਖ ਪਰਿਵਾਰਕ ਮੈਂਬਰਾਂ ਦੇ ਨਿਰਵਾਹ ਦਾ ਸਮਰਥਨ ਕਰਦੇ ਹਨ।

**2.** ਪੰਜਾਬ ਦੀ ਖੇਤੀਬਾੜੀ ਦੀ ਸਥਿਰਤਾ ਵਿੱਚ ਸੁਧਾਰ ਕਰਨਾ ਅਤੇ ਇਸ ਤਰ੍ਹਾਂ ਇਸਦੇ ਵਾਤਾਵਰਣ ਨੂੰ ਹੋਣ ਵਾਲੇ ਨੁਕਸਾਨ ਨੂੰ ਘਟਾਉਣਾ।

**3.** ਪੰਜਾਬ ਰਾਜ 1960 ਦੇ ਦਹਾਕੇ ਵਿੱਚ ਹਰੀ ਕ੍ਰਾਂਤੀ ਲਈ ਰੋਲ ਮਾਡਲ ਬਣਿਆ ਸੀ। ਹੁਣ ਛੋਟੇ ਕਿਸਾਨਾਂ ਲਈ ਪੁਨਰਜਨਮ ਖੇਤੀਬਾੜੀ (ਜੈਵਿਕ ਜਾਂ ਕੁਦਰਤੀ) ਖੇਤੀ ਸ਼ੁਰੂ ਕਰਨ ਅਤੇ ਪ੍ਰਧਾਨ ਮੰਤਰੀ ਮੋਦੀ ਦੀ ਇੱਛਾ ਅਨੁਸਾਰ 'ਅੰਮ੍ਰਿਤਕਾਲ' ਯੋਜਨਾ ਦੀ ਸਫਲਤਾ ਦੇ ਸੁਪਨੇ ਨੂੰ ਪੂਰਾ ਕਰਨ ਲਈ ਪੰਜਾਬ ਦੁਬਾਰਾ ਇੱਕ ਰੋਲ ਮਾਡਲ ਦੀ ਭੂਮਿਕਾ ਨਿਭਾਅ ਸਕਦਾ ਹੈ। ਬਸ ਇਸ ਤਬਦੀਲੀ ਨੂੰ ਲਾਗੂ ਕਰਨ ਲਈ ਕਿਸਾਨਾਂ, ਮਾਹਿਰਾਂ, ਕਾਰੋਬਾਰੀਆਂ ਅਤੇ ਸਰਕਾਰ ਸਮੇਤ ਸਾਰੇ ਹਿੱਸੇਦਾਰਾਂ ਦੀ ਮਜਬੂਤ ਇੱਛਾ ਸ਼ਕਤੀ ਅਤੇ ਰਾਜ ਤੇ ਕੇਂਦਰ ਸਰਕਾਰਾਂ ਦੁਆਰਾ ਫੰਡਾਂ ਦੀ ਉਪਲਬਧੀ ਕਰਾਉਣ ਦੀ ਲੋੜ ਹੈ।

ਪੰਜਾਬ ਨੂੰ ਕਣਕ-ਝੋਨੇ ਦੀ ਇਕਹਿਰੀ ਖੇਤੀ ਤੋਂ ਇੱਕ ਵਿਭਿੰਨ, ਜਲਵਾਯੂ-ਸਮਾਰਟ ਖੇਤੀਬਾੜੀ ਪ੍ਰਣਾਲੀ ਵੱਲ ਜਾਣਾ ਚਾਹੀਦਾ ਹੈ। ਇਸ ਵਿੱਚ ਪਾਣੀ-ਸੰਬੰਧੀ ਚੌਲਾਂ ਨੂੰ ਮੱਕੀ, ਬਾਜਰਾ, ਦਾਲਾਂ, ਤੇਲ ਬੀਜਾਂ ਅਤੇ ਚਾਰੇ ਦੀਆਂ ਫਸਲਾਂ ਨਾਲ ਬਦਲਣਾ ਸ਼ਾਮਲ ਹੈ, ਜੋ ਕਿ ਯਕੀਨੀ ਖਰੀਦ ਅਤੇ ਕੀਮਤ ਪ੍ਰੋਤਸਾਹਨ ਦੁਆਰਾ ਸਮਰਥਤ ਹਨ। ਸੂਖਮ-ਸਿੰਚਾਈ, ਸੂਰਜੀ ਊਰਜਾ ਨਾਲ ਚੱਲਣ ਵਾਲੇ ਪੰਪਾਂ ਨੂੰ ਗਰਿੱਡ ਬਾਇ-ਬੈਕ ਅਤੇ ਭੂਮੀਗਤ ਬਜਟ ਨੂੰ ਅਪਣਾਉਣਾ ਜ਼ਰੂਰੀ ਹੈ। ਫਸਲੀ ਚੱਕਰ, ਜੈਵਿਕ ਸੋਧਾਂ ਅਤੇ ਘਟੇ ਹੋਏ ਰਸਾਇਣਕ ਇਨਪੁਟਸ ਦੁਆਰਾ ਮਿੱਟੀ ਦੀ ਸਿਹਤ ਨੂੰ ਬਹਾਲ ਕੀਤਾ ਜਾਣਾ ਚਾਹੀਦਾ ਹੈ। ਪਸ਼ੂਧਨ, ਖੇਤੀਬਾੜੀ ਜੰਗਲਾਤ ਅਤੇ ਵਿਕੇਂਦਰੀਕ੍ਰਿਤ ਨਵਿਆਉਣਯੋਗ ਊਰਜਾ ਨੂੰ ਜੋੜਨ ਨਾਲ ਕਿਸਾਨਾਂ ਦੀ ਰੋਜ਼ੀ-ਰੋਟੀ ਅਤੇ ਵਾਤਾਵਰਣ ਸਥਿਰਤਾ ਦੀ ਰੱਖਿਆ ਕਰਦੇ ਹੋਏ ਪਾਣੀ-ਭੋਜਨ-ਊਰਜਾ ਗਠਜੋੜ ਨੂੰ ਮੁੜ ਸੰਤੁਲਿਤ ਕੀਤਾ ਜਾਵੇਗਾ।

### ਗੁਰੂ ਨਾਨਕ ਦੇਵ ਜੀ ਦੇ ਫ਼ਲਸਫ਼ੇ ਰਾਹੀਂ ਪੰਜਾਬ ਦੇ ਜਲਵਾਯੂ ਅਤੇ ਵਾਤਾਵਰਣ ਸੰਕਟ ਨੂੰ ਸੰਬੋਧਿਤ ਕਰਨਾ

ਪੰਜਾਬ ਇੱਕ ਡੂੰਘੇ ਜਲਵਾਯੂ ਅਤੇ ਵਾਤਾਵਰਣ ਸੰਕਟ ਦਾ ਸਾਹਮਣਾ ਕਰ ਰਿਹਾ ਹੈ, ਜਿਸ ਵਿੱਚ ਭੂਮੀਗਤ ਪਾਣੀ ਦੀ ਗਿਰਾਵਟ, ਮਿੱਟੀ ਦੇ ਪਤਨ, ਪਰਾਲੀ ਸਾੜਨ ਤੋਂ ਹਵਾ ਪ੍ਰਦੂਸ਼ਣ ਅਤੇ ਵਧਦੀ ਜਲਵਾਯੂ ਪਰਿਵਰਤਨਸ਼ੀਲਤਾ ਸ਼ਾਮਲ ਹੈ। ਗੁਰੂ ਨਾਨਕ ਦੇਵ ਜੀ ਦਾ ਫ਼ਲਸਫ਼ਾ ਟਿਕਾਊ ਨੀਤੀ ਸੁਧਾਰਾਂ ਦੀ ਅਗਵਾਈ ਕਰਨ ਲਈ ਇੱਕ ਮੂਲ-ਆਧਾਰਤ ਸੋਚ-ਢਾਂਚਾ ਪੇਸ਼ ਕਰਦਾ ਹੈ। **ਉਨ੍ਹਾਂ ਦੀ ਸਿੱਖਿਆ- "ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ" -ਹਵਾ, ਪਾਣੀ ਤੇ ਧਰਤੀ ਨੂੰ ਪਵਿੱਤਰ ਸਰੋਤਾਂ ਵਜੋਂ ਸਥਾਪਿਤ ਕਰਦੀ ਹੈ; ਸ਼ੋਸ਼ਣਕਾਰੀ ਵਰਤੋਂ ਦੀ ਬਜਾਏ ਨੈਤਿਕ ਪ੍ਰਬੰਧਨ ਦੀ ਮੰਗ ਵੀ ਕਰਦੀ ਹੈ।**

**ਨੀਤੀਗਤ ਤਰਜੀਹਾਂ ਵਿੱਚ ਕੀ ਕੀ ਸ਼ਾਮਲ ਹੋਣਾ ਚਾਹੀਦਾ ਹੈ:**

**(1)** ਫਸਲੀ ਵਿਭਿੰਨਤਾ, ਪਾਣੀ ਦੀ ਕੀਮਤ ਅਤੇ ਸੂਖਮ-ਸਿੰਚਾਈ ਰਾਹੀਂ ਭੂਮੀਗਤ ਪਾਣੀ ਦੇ ਸੰਤੁਲਨ ਨੂੰ ਬਹਾਲ ਕਰਨਾ; **(2)** ਰਹਿੰਦ-ਖੂੰਹਦ ਪ੍ਰਬੰਧਨ ਅਤੇ ਸਾਫ਼ ਊਰਜਾ ਨੂੰ ਉਤਸ਼ਾਹਿਤ ਕਰਕੇ ਹਵਾ ਪ੍ਰਦੂਸ਼ਣ ਨੂੰ ਘਟਾਉਣਾ; **(3)** ਖੇਤੀਬਾੜੀ ਵਾਤਾਵਰਣ ਅਤੇ ਘਟੇ ਹੋਏ ਰਸਾਇਣਕ ਨਿਵੇਸ਼ਾਂ ਰਾਹੀਂ ਮਿੱਟੀ ਨੂੰ ਮੁੜ ਪੈਦਾ ਕਰਨਾ; ਤੇ **(4)** ਛੋਟੇ ਅਤੇ ਸੀਮਤ ਕਿਸਾਨਾਂ ਦੀ ਮਾਲੀ ਰੱਖਿਆ ਕਰਕੇ ਜਲਵਾਯੂ ਨਿਆਂ ਨੂੰ ਯਕੀਨੀ ਬਣਾਉਣਾ।

**ਹੁਕਮ (ਕੁਦਰਤੀ ਸੀਮਾਵਾਂ), ਸੰਤੋਖ (ਸੰਤੁਸ਼ਟੀ) ਅਤੇ ਘਾਲ ਖਾਏ (ਸਾਂਝੇਦਾਰੀ ਨਾਲ ਇਮਾਨਦਾਰ ਜੀਵਨ-ਜਾਚ) ਦੇ ਗੁਰੂ ਨਾਨਕ ਸਾਹਿਬ ਦੁਆਰਾ ਸੇਧਿਤ, ਪੰਜਾਬ ਦੀ ਜਲਵਾਯੂ ਰਣਨੀਤੀ ਅਤੇ ਆਰਥਿਕ ਸੁਰੱਖਿਆ ਨੂੰ ਵਾਤਾਵਰਣ ਸੰਤੁਲਨ ਨਾਲ ਜੋੜਨਾ ਚਾਹੀਦਾ ਹੈ। ਪੰਜਾਬ ਵਿੱਚ ਟਿਕਾਊ ਵਿਕਾਸ ਲਈ ਨਾ ਸਿਰਫ਼ ਤਕਨਾਲੋਜੀ ਅਤੇ ਵਿੱਤ ਦੀ ਲੋੜ ਹੈ, ਸਗੋਂ ਜ਼ਿੰਮੇਵਾਰੀ, ਸੰਜਮ ਅਤੇ ਅੰਤਰ-ਪੀੜ੍ਹੀ ਨਿਆਂ ਵਿੱਚ ਜੜ੍ਹਾਂ ਵਾਲੇ ਨੈਤਿਕ ਸ਼ਾਸਨ ਦੀ ਵੀ ਲੋੜ ਹੈ।**

ਜਾਣਕਾਰੀ

# ਨਰੇਗਾ ਦਾ ਪਿਛੋਕੜ ਅਤੇ ਉਪਯੋਗਤਾ

ਤਰਲੋਚਨ ਸਿੰਘ ਭੱਟੀ
ਸਾਬਕਾ ਪੀ.ਸੀ.ਐਸ. ਅਧਿਕਾਰੀ
ਫੋਨ:91-9876502607



ਕਿਹਾ ਜਾਂਦਾ ਹੈ ਕਿ ਨਾਮ ਵਿੱਚ ਕੀ ਰੱਖਿਆ ਹੈ? ਹੋ ਸਕਦਾ ਹੈ ਕਿ ਨਾਮ ਵਿੱਚ ਕੁਝ ਨਾ ਰੱਖਿਆ ਹੋਵੇ, ਪਰ ਸਮੇਂ ਦੀਆਂ ਸਰਕਾਰਾਂ ਵਾਸਤੇ ਨਾਮ ਵਿੱਚ ਬਹੁਤ ਕੁਝ ਰੱਖਿਆ ਪਿਆ ਹੈ। ਸ਼ਾਇਦ ਇਸੇ ਲਈ ਆਪਣੇ ਸਿਆਸੀ ਅਜੰਡੇ ਦੀ ਪੂਰਤੀ ਲਈ ਸਮੇਂ-ਸਮੇਂ ਨਾਮ ਬਦਲਦੇ ਰਹਿੰਦੇ ਹਨ। ਤਾਜ਼ਾ ਮਿਸਾਲ ਹੈ ਕਿ ਹੁਣੇ ਜਿਹੇ ਨਰੇਗਾ ਦਾ ਬਦਲਿਆ ਗਿਆ ਨਾਮ ਅਤੇ ਸਰੂਪ।

ਇਹ ਵੀ ਕਿਹਾ ਜਾਂਦਾ ਹੈ ਕਿ ਨਰੇਗਾ (ਰਾਸ਼ਟਰੀ ਪੇਂਡੂ ਰੋਜ਼ਗਾਰ ਗਾਰੰਟੀ ਐਕਟ 2005, ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੋਜ਼ਗਾਰ ਐਕਟ 2005 ਅਤੇ ਹੁਣੇ ਜਿਹੇ ਪਾਸ ਹੋਇਆ ਵਿਕਸਿਤ ਭਾਰਤ ਗਾਰੰਟੀ ਫਾਰ ਰੋਜ਼ਗਾਰ ਐਂਡ ਅਜੀਵੀਕਾ ਮਿਸ਼ਨ (ਗ੍ਰਾਮੀਣ, ਐਕਟ 2025) ਪੇਂਡੂ ਗਰੀਬ ਮਜ਼ਦੂਰਾਂ ਅਤੇ ਕਿਰਤੀਆਂ ਦੇ ਲੰਮੇ ਸੰਘਰਸ਼ ਵਿੱਚੋਂ ਨਿਕਲਿਆ ਇੱਕ ਮਹੱਤਵਪੂਰਨ ਕਾਨੂੰਨ ਹੈ, ਜਿਸ ਦੀਆਂ ਜੜ੍ਹਾਂ ਰਾਜਸਥਾਨ ਵਿੱਚ ਮਜਦੂਰ ਕਿਸਾਨ ਸ਼ਕਤੀ ਸੰਗਠਨ (ਐਮ.ਕੇ.ਐਸ.ਐਸ., ਜੋ ਪਹਿਲੀ ਮਈ 1990 ਨੂੰ ਦੇਵ ਡੂੰਗਰੀ ਪਿੰਡ ਵਿੱਚ ਸਥਾਪਿਤ ਕੀਤਾ ਗਿਆ) ਵਰਗੇ ਸਮਾਜਿਕ ਅੰਦੋਲਨਾਂ ਵਿੱਚ ਹਨ; ਜਿਸ ਨੇ 1990ਵਿਆਂ ਤੋਂ ਲੈ ਕੇ ਸੂਖੇ ਰਾਹਤ ਕਾਰਜਾਂ ਵਿੱਚ ਮਜਦੂਰਾਂ ਦੇ ਹੱਕਾਂ ਲਈ, ਭ੍ਰਿਸ਼ਟਾਚਾਰ ਵਿਰੁੱਧ ਅਤੇ ਰੋਜ਼ਗਾਰ ਦੀ ਮੰਗ ਲਈ ਸੰਘਰਸ਼ ਕੀਤਾ। ਅਰੁਣਾ ਰਾਏ, ਨਿਖਿਲ ਡੇ, ਸ਼ੰਕਰ ਸਿੰਘ ਅਤੇ ਜੀਨ ਡਰੇਜ਼ ਵਰਗੇ ਕਾਰਕੂਨਾਂ ਨੇ ਇਸ ਅੰਦੋਲਨ ਨੂੰ ਅੱਗੇ ਵਧਾਇਆ। ਇਹ ਸੰਗਠਨ ਸੂਚਨਾਂ ਦੇ ਅਧਿਕਾਰ (ਆਰ.ਟੀ.ਆਈ.) ਨਾਲ ਵੀ ਜੁੜਿਆ ਸੀ। ਜਿਸ ਨੇ ਭ੍ਰਿਸ਼ਟਾਚਾਰ ਨੂੰ ਬੇਪਰਦਾ ਕੀਤਾ ਤੇ ਰੋਜ਼ਗਾਰ ਦੀ ਗਾਰੰਟੀ ਨੂੰ ਮਜਬੂਤ ਕੀਤਾ, ਮਜ਼ਦੂਰ ਸੰਗਠਨਾਂ ਨੇ 'ਹਮਰਾ ਪੈਸਾ, ਹਮਰਾ ਹਿਸਾਬ' ਵਰਗੇ ਨਾਅਰੇ ਅਤੇ ਸੂਚਨਾ ਦੇ ਅਧਿਕਾਰ ਦੀ ਮੰਗ ਉਠੀ।

ਮਹਾਰਾਸ਼ਟਰ ਦੇ ਰੋਜ਼ਗਾਰ ਗਾਰੰਟੀ ਐਕਟ (1977) ਨੇ ਵੀ ਪ੍ਰੇਰਨਾ ਦਿੱਤੀ, ਜੋ ਖੁਦ 1970ਵਿਆ ਦੇ ਸੂਖੇ ਅਤੇ ਮਜ਼ਦੂਰ ਅੰਦਲੋਨਾਂ ਵਿੱਚੋਂ ਨਿਕਲਿਆ ਸੀ। ਇਨ੍ਹਾਂ ਸਮਾਜਿਕ ਅੰਦਲੋਨਾਂ ਦੇ ਦਬਾਅ ਕਾਰਨ ਡਾ. ਮਨਮੋਹਨ ਸਿੰਘ ਦੀ ਸਰਕਾਰ ਨੇ ਨਰੇਗਾ ਕਾਨੂੰਨ 2005 ਪਾਸ ਕੀਤਾ, ਜੋ ਪੇਂਡੂ ਘਰਾਂ ਵਿੱਚ ਸਾਲਾਨਾ 100 ਦਿਨਾਂ ਦੇ ਦਿੱਤੇ ਜਾਣ ਵਾਲੇ ਕੰਮਾਂ ਦਾ ਕਾਨੂੰਨੀ ਹੱਕ ਬਣਾਇਆ, ਨਾ ਕਿ ਸਿਰਫ ਸਰਕਾਰੀ ਸਕੀਮ।

ਨਰੇਗਾ ਨੇ ਪੇਂਡੂ ਗਰੀਬੀ, ਔਰਤਾਂ ਦੀ ਭਾਗੀਦਾਰੀ ਅਤੇ ਪੇਂਡੂ ਮਜ਼ਦੂਰਾਂ ਦੀ ਤਾਕਤ ਨੂੰ ਵਧਾਉਣ ਵਿੱਚ ਵੱਡੀ ਭੂਮਿਕਾ ਨਿਭਾਈ। ਹਾਲਾਂਕਿ 2025 ਵਿੱਚ ਇਸ ਨੂੰ ਨਵੇਂ ਕਾਨੂੰਨ ਵਿੱਚ ਬਦਲ ਦਿੱਤਾ ਗਿਆ, ਪਰ ਇਸਦੀ ਵਿਰਾਸਤ ਮਜ਼ਦੂਰ ਸੰਗਠਨਾਂ ਦੀ ਜਿੱਤ ਵਜੋਂ ਬਣੀ ਰਹੇਗੀ। ਮਿਨੀਮਮ/ਘੱਟੋ-ਘੱਟ ਦਿਹਾੜੀ ਦੇ ਸ਼ੰਘਰਸ਼ ਵਿੱਚੋਂ ਨਿਕਲ ਕੇ ਰੋਜ਼ਗਾਰ ਗਾਰੰਟੀ ਦੀ ਮੰਗ ਉੱਠੀ, ਜਿਸ ਕਾਰਨ ਭਾਰਤ ਦੀ ਸੰਸਦ ਵੱਲੋਂ 2005 ਵਿੱਚ ਰਾਸ਼ਟਰੀ ਪੇਂਡੂ ਰੋਜ਼ਗਾਰ ਗਾਰੰਟੀ ਐਕਟ ਪਾਸ ਹੋਇਆ, ਜਿਸ ਦੇ ਨਾਲ ਬਾਅਦ ਵਿੱਚ (2009) ਮਹਾਤਮਾ ਗਾਂਧੀ ਸ਼ਬਦ ਜੋੜਿਆ ਗਿਆ। ਇਸ ਤੋਂ ਬਾਅਦ ਖੁਰਾਕ ਦਾ ਅਧਿਕਾਰ ਪੈਨਸ਼ਨਾਂ, ਸ਼ੋਸ਼ਲ ਆਡਿਟ ਅਤੇ ਵਿਸਲ ਬਲੋਅਰ ਸੁਰੱਖਿਆ ਵਰਗੇ ਮੁੱਦਿਆਂ 'ਤੇ ਕੰਮ ਕੀਤਾ ਅਤੇ ਔਰਤਾਂ ਦੀ ਭਾਗੀਦਾਰੀ ਵਧਾਉਣ ਅਤੇ ਪੇਂਡੂ ਗਰੀਬੀ ਵਿਰੁੱਧ ਵੱਡੀ ਭੂਮਿਕਾ ਨਿਭਾਈ। ਇਨ੍ਹਾਂ ਸੰਘਰਸ਼ਾਂ ਵਿੱਚ ਜ਼ਮੀਨ ਦੀ ਵੰਡ - ਜਗੀਰਦਾਰੀ ਸਿਸਟਮ ਦਾ ਵਿਰੋਧ ਵੀ ਸ਼ਾਮਲ ਸੀ। ਵੇਖਿਆ ਜਾਵੇ ਤਾਂ ਸਾਲ 1994 ਤੋਂ 2000 ਦੌਰਾਨ ਪਹਿਲੀ ਜਨ ਸੁਣਵਾਈ (ਪਬਲਿਕ ਹੀਅਰਿੰਗ) ਕੀਤੀ ਗਈ, ਜਿੱਥੇ ਸਰਕਾਰੀ ਖਰਚੇ ਦੇ ਰਿਕਾਰਡ ਪਿੰਡ ਵਾਸੀਆਂ ਅੱਗੇ ਪੜ੍ਹ ਕੇ ਸੁਣਾਏ ਗਏ। ਇਸ ਨਾਲ ਭ੍ਰਿਸ਼ਟਾਚਾਰ ਬੇਪਰਦਾ ਹੋਇਆ- ਫਰਜ਼ੀ ਨਾਮ, ਫਰਜ਼ੀ ਕੰਮ ਅਤੇ ਚੋਰੀ ਹੋਈ ਰਕਮ ਆਦਿ ਦੀ ਜਾਣਕਾਰੀ ਲੋਕਾਂ ਸਾਹਮਣੇ ਆਈ। ਲੰਬੇ ਸੰਘਰਸ਼ ਤੋਂ ਬਾਅਦ ਰਾਜਸਥਾਨ ਵਿੱਚ ਸਾਲ 2000 ਵਿੱਚ ਆਰ.ਟੀ.ਆਈ. ਐਕਟ (ਰਾਈਟ ਟੂ ਇਨਫਾਰਮੇਸ਼ਨ - ਸੂਚਨਾ ਦਾ ਅਧਿਕਾਰ) ਕਾਨੂੰਨ ਪਾਸ ਹੋਇਆ, ਜਿਸਦਾ ਸਿਹਰਾ ਐਮ.ਕੇ.ਐਸ.ਐਸ. ਨੂੰ ਜਾਂਦਾ ਹੈ।

ਜ਼ਿਕਰਯੋਗ ਹੈ ਕਿ ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੋਜ਼ਗਾਰ ਐਕਟ 2005 ਭਾਰਤ ਵਿੱਚ ਪੇਂਡੂ ਵਿਕਾਸ ਨੂੰ ਉਤਸ਼ਾਹਿਤ ਕਰਨ ਵਾਲਾ ਇੱਕ ਮਹੱਤਵਪੂਰਨ ਕਾਨੂੰਨ ਹੈ, ਜਿਸ ਦੀ ਸ਼ੁਰੂਆਤ ਮਹਾਰਾਸ਼ਟਰ ਰਾਜ ਇੰਪਲਾਇਮੈਂਟ ਗਾਰੰਟੀ ਸਕੀਮ 1972 ਤੋਂ ਪ੍ਰਰਿਤ ਹੈ, ਜੋ ਪਹਿਲੀ ਵਾਰ ਕੰਮ ਦੇ ਅਧਿਕਾਰ ਨੂੰ ਮਾਨਤਾ ਦਿੰਦੀ ਹੈ। ਨਰੇਗਾ 2 ਫਰਵਰੀ 2006 ਨੂੰ 200 ਜ਼ਿਲ੍ਹਿਆਂ ਵਿੱਚ ਲਾਗੂ ਕੀਤਾ ਗਿਆ ਅਤੇ 2007 ਵਿੱਚ ਇਸਨੂੰ ਹੋਰ 130 ਜ਼ਿਲ੍ਹਿਆਂ ਵਿੱਚ ਵਧਾਇਆ ਗਿਆ। ਨਰਿੰਦਰ ਮੋਦੀ ਸਰਕਾਰ ਵੱਲੋਂ 2025 ਵਿੱਚ ਇਸ ਕਾਨੂੰਨ ਦਾ ਨਾਮ ਵੀ.ਬੀ.-ਜੀ.ਆਰ.ਏ.ਐਮ.ਜੀ. (ਵਿਕਸਿਤ ਭਾਰਤ ਗਾਰੰਟੀ ਫ਼ਾਰ ਰੋਜ਼ਗਾਰ ਐਂਡ ਅਜੀਵੀਕਾ ਮਿਸ਼ਨ-ਗ੍ਰਾਮੀਣ) ਐਕਟ 2025 ਬਦਲਣ ਦੇ ਨਾਲ ਨਾਲ ਇਸ ਦੇ ਪ੍ਰਬੰਧਨ ਵਿੱਚ ਵੀ ਤਬਦਲੀਆਂ ਕੀਤੀਆਂ ਗਈਆਂ, ਜਿਸ ਅਧੀਨ ਰੋਜ਼ਗਾਰ ਦੇ ਸਾਲ ਵਿੱਚ 100 ਦਿਨ ਵਧਾ ਕੇ 125 ਦਿਨ ਕੀਤੇ ਗਏ ਅਤੇ ਔਰਤਾਂ ਲਈ 1/3 ਹਿੱਸਾ ਰਾਖਵਾਂ ਕੀਤਾ ਗਿਆ। ਨਾਲ ਹੀ ਇਕੱਲੀਆਂ ਔਰਤਾਂ (ਵਿਧਵਾ, ਅਣਵਿਆਹੀਆਂ ਆਦਿ) ਨੂੰ ਤਰਜੀਹ ਦਿੱਤੀ ਗਈ ਹੈ ਅਤੇ ਫੰਡਿਗ ਅਨੁਪਾਤ 60:40 (ਕੇਂਦਰ:ਰਾਜ) ਕੀਤਾ ਗਿਆ।

ਨਰੇਗਾ ਦੇ 20 ਸਾਲਾਂ ਦੇ ਇਤਿਹਾਸ ਵਿੱਚ ਇਸ ਕਾਨੂੰਨ ਅਧੀਨ ਹੋਈ ਕਾਰਗੁਜ਼ਾਰੀ ਵਿੱਚ ਕਈ ਉਤਰਾਅ ਚੜਾਅ ਆਏ। ਨਰੇਗਾ ਦੁਨੀਆਂ ਦਾ ਸਭ ਤੋਂ ਵੱਡਾ ਰੋਜ਼ਗਾਰ ਪੈਦਾ ਕਰਨ ਵਾਲਾ ਕਾਨੂੰਨ ਬਣਿਆ। ਸਾਲ 2023-24 ਵਿੱਚ ਇਸ ਨੇ 309 ਕਰੋੜ ਵਿਅਕਤੀ-ਦਿਨਾਂ ਦਾ ਰੋਜ਼ਗਾਰ ਪੈਦਾ ਕੀਤਾ। 2014-15 ਵਿੱਚ ਰੋਜ਼ਗਾਰ 'ਚ ਗਿਰਾਵਟ ਆਈ ਸੀ। 2009-10 ਵਿੱਚ ਵਿਸ਼ਵ ਵਿੱਤੀ ਸਕੰਟ ਅਤੇ 2020-22 ਦੇ ਕੋਵਿੰਡ-19 ਦੀ ਮਹਾਮਾਰੀ ਦੌਰਾਨ ਨਿਰੇਗਾ ਨੇ ਲੋਕਾਂ ਨੂੰ ਰੋਜ਼ਗਾਰ ਉਪਲੰਬ ਕਰਵਾਇਆ। ਇਸ ਕਾਨੂੰਨ ਦੀ ਉਪਯੋਗਿਤਾ ਪੇਂਡੂ ਖੇਤਰਾਂ ਵਿੱਚ ਬਹੁਤ ਵੱਡੀ ਹੈ। ਔਰਤਾਂ ਨੂੰ ਰੋਜ਼ਗਾਰ ਖੇਤਰਾਂ ਵਿੱਚ 50% ਵਧੇਰੇ ਭਾਗੀਦਾਰੀ ਨਾਲ ਔਰਤਾਂ ਨੂੰ ਆਰਥਿਕ ਪੱਖੋਂ ਮਜਬੂਤ ਬਣਾਇਆ ਹੈ। ਕਾਨੂੰਨ ਨੇ ਗਰੀਬੀ ਨੂੰ ਹਟਾਇਆ, ਦਿਹਾੜੀ/ਵੇਜ ਨੂੰ ਵਧਾਇਆ ਅਤੇ ਵਿਦਿਆਰਥੀਆਂ ਦੀ ਸਿੱਖਿਆ ਵਿੱਚ ਸੁਧਾਰ ਕੀਤਾ, ਪਰ ਇਹ ਵੀ ਇੱਕ ਸੱਚਾਈ ਹੈ ਕਿ ਦਿਹਾੜੀ/ਵੇਜ ਪੇਮੈਂਟ ਵਿੱਚ ਦੇਰੀ, ਫੰਡਾਂ ਦੀ ਘਾਟ ਅਤੇ ਵੱਖ-ਵੱਖ ਰਾਜਾਂ ਵਿੱਚ ਇਸ ਦੀ ਉਪਯੋਗਿਤਾ ਵੱਖ ਵੱਖ ਰਹੀ।

ਜ਼ਿਕਰਯੋਗ ਹੈ ਕਿ ਨਵਾਂ ਕਾਨੂੰਨ- ਵਿਕਸਿਤ ਭਾਰਤ ਗਾਰੰਟੀ ਫਾਰ ਰੋਜ਼ਗਾਰ ਐਂਡ ਅਜੀਵੀਕਾ ਮਿਸ਼ਨ (ਗ੍ਰਾਮੀਣ, ਐਕਟ 2025) ਕਾਨੂੰਨ ਰਾਹੀਂ ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੋਜ਼ਗਾਰ ਐਕਟ 2005 ਨੂੰ ਬਦਲਿਆ ਗਿਆ ਅਤੇ ਇਸਨੂੰ ਵਿਕਸਿਤ ਭਾਰਤ 2047 ਦੇ ਵਿਜ਼ਨ ਨਾਲ ਜੋੜਨ ਦਾ ਯਤਨ ਕੀਤਾ ਗਿਆ। ਵਿਕਸਿਤ ਭਾਰਤ 2047 ਭਾਰਤ ਸਰਕਾਰ ਦਾ ਇੱਕ ਅਹਿਮ ਵਿਜ਼ਨ ਹੈ, ਜਿਸ ਦਾ ਉਦੇਸ਼ 2047 ਤੱਕ (ਸੁਤੰਤਰਤਾ ਦੀ ਸੌਵੀਂ ਵਰ੍ਹੇਗੰਢ 'ਤੇ) ਭਾਰਤ ਨੂੰ ਇੱਕ ਪੂਰਨ ਵਿਕਸਿਤ ਰਾਸ਼ਟਰ ਬਣਾਉਣਾ ਹੈ। ਇਹ ਵਿਜ਼ਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਪੇਸ਼ ਕੀਤਾ ਗਿਆ ਹੈ ਅਤੇ ਇਸਨੂੰ "ਸਬਕਾ ਸਾਥ, ਸਬਕਾ ਵਿਕਾਸ, ਸਬਕਾ ਵਿਸ਼ਵਾਸ ਅਤੇ ਸਬਕਾ ਪ੍ਰਯਾਸ" ਦੇ ਮੰਤਰ ਨਾਲ ਜੋੜਿਆ ਗਿਆ ਹੈ। ਨੀਤੀ ਆਯੋਗ ਇਸ ਵਿਜ਼ਨ ਨੂੰ ਤਿਆਰ ਕਰਨ ਅਤੇ ਲਾਗੂ ਕਰਨ ਵਿੱਚ ਮੁੱਖ ਭੂਮਿਕਾ ਨਿਭਾਅ ਰਿਹਾ ਹੈ। ਇਸ ਨਵੇਂ ਕਾਨੂੰਨ ਦੀ ਸਫਲਤਾ ਇਸ ਗੱਲ ਉੱਤੇ ਨਿਰਭਰ ਹੋਵੇਗੀ ਕਿ ਇਸ ਨੂੰ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਕਿਵੇਂ ਲਾਗੂ ਕਰਦੀਆਂ ਹਨ? ਕਿਉਂਕਿ ਪਹਿਲੇ ਕਾਨੂੰਨ ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੋਜ਼ਗਾਰ ਐਕਟ 2005 ਅਨੁਸਾਰ ਇਸ ਦਾ ਸਾਰਾ ਵਿੱਤੀ ਪ੍ਰਬੰਧ ਕੇਂਦਰ ਸਰਕਾਰ ਵੱਲੋਂ ਕੀਤਾ ਜਾਂਦਾ ਰਿਹਾ ਹੈ, ਪਰ ਹੁਣ ਨਵੇਂ ਕਾਨੂੰਨ ਅਨੁਸਾਰ ਵਿੱਤੀ ਅਨੁਪਾਤ 60:40 ਹੋਣ ਕਾਰਨ ਹੁਣ ਰਾਜ ਸਰਕਾਰਾਂ ਨੂੰ ਇਸ ਦਾ 40 ਫੀਸਦੀ ਵਿੱਤੀ ਹਿੱਸਾ ਪੇਂਡੂ ਖੇਤਰ ਵਿੱਚ ਰੋਜ਼ਗਾਰ ਸਥਾਪਿਤ ਕਰਨ ਵਿੱਚ ਲਗਾਉਣਾ ਜਰੂਰੀ ਹੋਵੇਗਾ। ਜਿਸ ਦਾ ਵਿੱਤੀ ਪ੍ਰਬੰਧ ਰਾਜ ਸਰਕਾਰਾਂ ਨੂੰ ਕਰਨਾ ਪਵੇਗਾ। ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੋਜ਼ਗਾਰ ਐਕਟ 2005 ਨੂੰ ਨਰੇਗਾ ਨੇ 20 ਸਾਲਾਂ ਵਿੱਚ ਪੇਂਡੂ ਰੋਜ਼ਗਾਰ ਅਤੇ ਆਮਦਨ ਸੁਰੱਖਿਆ ਵਿੱਚ ਵੱਡਾ ਯੋਗਦਾਨ ਪਾਇਆ ਹੈ। ਪਰ ਕਈ ਸਮੱਸਿਆਵਾਂ ਵੀ ਸਾਹਮਣੇ ਆਈਆਂ ਹਨ- ਜਿਵੇਂ ਫੰਡਾਂ ਦੀ ਦੁਰਵਰਤੋਂ, ਫਰਜੀ ਮਸਟਰੋਲ ਤਿਆਰ ਕਰਨੇ, ਮਸ਼ੀਨਾਂ ਰਾਹੀਂ ਕੰਮ ਕਰਵਾਉਣਾ, ਕੰਮਾਂ ਨੂੰ ਸਮੇਂ ਸਿਰ ਮੁਕੰਮਲ ਨਾ ਕਰਨਾ ਅਤੇ ਕੰਮਾਂ ਵਿੱਚ ਗੁਣਵੱਤਾ ਦੀ ਘਾਟ ਆਦਿ। ਇਸ ਨਵੇਂ ਕਾਨੂੰਨ ਦੀ ਸਫਲਤਾ ਇਸ ਗੱਲ ਉੱਤੇ ਨਿਰਭਰ ਹੋਵੇਗੀ ਕਿ ਇਸ ਨੂੰ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਕਿਵੇਂ ਲਾਗੂ ਕਰਦਿਆਂ ਹਨ? ਪੇਂਡੂ ਰੋਜ਼ਗਾਰ ਗਾਰੰਟੀ ਐਕਟ ਮਜ਼ਦੂਰਾਂ ਅਤੇ ਕਿਰਤੀ ਕਿਸਾਨਾਂ ਦੇ ਲੰਮੇ ਸੰਘਰਸ਼ ਵਿੱਚੋਂ ਨਿਕਲਿਆ ਕਾਨੂੰਨ ਹੈ, ਜਿਸਦੀ ਪੇਂਡੂ ਰੋਜ਼ਗਾਰ ਅਤੇ ਵਿਕਾਸ ਖੇਤਰਾਂ ਵਿੱਚ ਉਪਯੋਗਤਾ ਸਦਾ ਹੀ ਬਣੀ ਰਹੇਗੀ।

# ਸ਼ੋਰ, ਖ਼ਲਾਅ ਅਤੇ ਭਟਕਣ ਤੋਂ ਸਕੂਨ ਦੀ ਤਲਾਸ਼ ਤੱਕ

ਅਧਿਆਤਮਕ


ਡਾ. ਅਰਵਿੰਦਰ ਸਿੰਘ ਭੱਲਾ*
ਫੋਨ: +91-9463062603



ਸ਼ਿਸ਼ ਨੇ ਆਪਣੇ ਗੁਰੂਦੇਵ ਅੱਗੇ ਆਪਣੀ ਮਨੋ ਅਵਸਥਾ ਨੂੰ ਬਿਆਨ ਕਰਦਿਆਂ ਕਿਹਾ ਕਿ ਹੁਣ ਜਦੋਂ ਉਹ ਲੋਕਾਂ ਨੂੰ ਗਿਰਗਿਟ ਦੀ ਤਰ੍ਹਾਂ ਰੰਗ ਬਦਲਦਿਆਂ ਦੇਖਦਾ ਹੈ ਤਾਂ ਉਸ ਨੂੰ ਕੋਈ ਹੈਰਤ ਨਹੀਂ ਹੁੰਦੀ ਹੈ, ਉਸ ਨੂੰ ਰੋਜ਼ਮੱਰ੍ਹਾ ਦੇ ਜੀਵਨ ਵਿੱਚ ਰਿਸ਼ਤਿਆਂ ਦੀ ਹੁੰਦੀ ਬੇਹੁਰਮਤੀ ਵੀ ਅਚੰਭਿਤ ਨਹੀਂ ਕਰਦੀ ਹੈ ਅਤੇ ਆਪਣੇ ਜੀਵਨ ਵਿੱਚ ਹਰ ਪੜਾਅ ਉਤੇ ਲੋਕਾਂ ਵਲੋਂ ਅਪਣਾਏ ਜਾਂਦੇ ਦੋਹਰੇ ਮਾਪਦੰਡ ਦੇਖ ਕੇ ਵੀ ਉਸ ਨੂੰ ਕੋਈ ਹੈਰਾਨੀ ਨਹੀਂ ਹੁੰਦੀ ਹੈ। ਹਰ ਰੋਜ਼ ਲੋਕਾਂ ਦੀਆਂ ਆਪਹੁਦਰੀਆਂ ਅਤੇ ਜੱਗੋਂ ਤੇਰ੍ਹਵੀਆਂ ਦੇਖ ਕੇ ਵੀ ਹੁਣ ਉਸ ਨੇ ਚਕ੍ਰਿਤ ਹੋਣਾ ਛੱਡ ਦਿੱਤਾ ਹੈ। ਉਸ ਨੇ ਕਿਹਾ, ਉਹ ਦੇਖਦਾ ਹੈ ਕਿ ਕਿਵੇਂ ਲੋਕ ਅਕਸਰ ਆਪਣਾ ਸਕੂਨ ਅਤੇ ਸਹਿਜ ਗਵਾ ਕੇ ਸਫ਼ਲਤਾ ਦੀਆਂ ਪਉੜੀਆਂ ਚੜ੍ਹਨ ਵਿੱਚ ਫ਼ਖ਼ਰ ਮਹਿਸੂਸ ਕਰਦੇ ਹਨ। ਰੂਹਾਨੀ ਅਤੇ ਦੁਨਿਆਵੀ ਪੱਧਰ ਉੱਪਰ ਉਹ ਸੁਰਖ਼ੁਰੂ ਹੋਣ ਦੀ ਬਜਾਏ ਮਹਿਜ਼ ਫੋਕੀ ਸ਼ੋਹਰਤ ਹਾਸਲ ਕਰਨ ਲਈ ਕਿੰਨਾ ਛਟਪਟਾਉਂਦੇ ਹਨ। ਰਿਸ਼ਤਿਆਂ ਦੇ ਨਿੱਘ ਨੂੰ ਮਾਣਨ ਦੀ ਬਜਾਏ ਉਹ ਕਿਵੇਂ ਕਾਮਯਾਬੀ ਦੇ ਸਿਖ਼ਰ ਉੱਪਰ ਇਕੱਲ ਦਾ ਸੰਤਾਪ ਭੋਗਣ ਨੂੰ ਤਰਜੀਹ ਦਿੰਦੇ ਹਨ। ਉਹ ਇਹ ਵੀ ਅਕਸਰ ਦੇਖਦਾ ਹੈ ਕਿ ਲੋਕ ਸਰਲ ਤੇ ਸੁਖਾਲਾ ਜੀਵਨ ਗੁਜ਼ਾਰਨ ਦੀ ਬਜਾਏ ਆਪਣੇ ਹੱਥੀਂ ਖੁਦ ਆਪਣੇ ਲਈ ਬੇਇੰਤਹਾ ਦੁਸ਼ਵਾਰੀਆਂ ਪੈਦਾ ਕਰਕੇ ਕਿੰਨੀ ਆਸਾਨੀ ਨਾਲ ਬੇਝਿਜਕ ਹੋ ਕੇ ਉਹ ਦੂਸਰਿਆਂ ਦੇ ਸਿਰ ਦੋਸ਼ ਮੜ੍ਹ ਦਿੰਦੇ ਹਨ।

ਸ਼ਿਸ਼ ਨੇ ਇਹ ਵੀ ਕਿਹਾ, ਉਸ ਨੂੰ ਹੁਣ ਕਈ ਵਾਰ ਇਉਂ ਵੀ ਜਾਪਦਾ ਹੈ ਕਿ ਕਿਸੇ ਹਨੇਰ-ਘੁੱਪ ਬੰਦ ਗਲੀ ਵੱਲ ਸਭ ਨੂੰ ਪਛਾੜ ਕੇ ਅੱਗੇ ਵਧਣ ਦੀ ਅੰਨ੍ਹੀ ਦੌੜ ਵਿੱਚ ਸ਼ਾਮਿਲ ਲੋਕ ਜਿਵੇਂ ਸਿਰਿਉਂ ਹੀ ਇਸ ਸੱਚ ਤੋਂ ਨਾਵਾਕਿਫ ਹਨ। ਜਿਹੜੇ ਲੋਕ ਉਨ੍ਹਾਂ ਤੋਂ ਪਹਿਲਾਂ ਹੀ ਇਸ ਬੰਦ ਗਲੀ ਦੇ ਦੂਸਰੇ ਸਿਰੇ ਉਤੇ ਖੜ੍ਹੇ ਹਨ, ਉਹ ਵੀ ਆਪਣੇ ਨਸੀਬਾਂ ਅਤੇ ਅਮਲਾਂ ਨੂੰ ਕੋਸ ਰਹੇ ਹਨ। ਸ਼ਿਸ਼ ਨੇ ਕਿਹਾ ਕਿ ਜਦੋਂ ਜ਼ਹਾਲਤ, ਗਰੂਰ ਅਤੇ ਲਾਲਚ ਇਨਸਾਨ ਦੇ ਸਿਰ ਚੜ੍ਹ ਬੋਲਦਾ ਹੈ ਤਾਂ ਫਿਰ ਇਨਸਾਨ ਨੂੰ ਨਾ ਤਾਂ ਆਪਣੇ ਜ਼ਮੀਰ ਦੀ ਆਵਾਜ਼ ਸੁਣਾਈ ਦਿੰਦੀ ਹੈ ਅਤੇ ਨਾ ਉਸ ਕੋਲ ਠੀਕ-ਗਲਤ ਵਿੱਚ ਅੰਤਰ ਕਰਨ ਦੀ ਕੋਈ ਸਲਾਹੀਅਤ ਹੁੰਦੀ ਹੈ। ਸ਼ਿਸ਼ ਨੇ ਗੁਰੂਦੇਵ ਅੱਗੇ ਇਹ ਵੀ ਅਰਜ਼ੋਈ ਕੀਤੀ ਕਿ ਉਹ ਉਸ ਦੀ ਜ਼ਿੰਦਗੀ ਵਿੱਚ ਆਸਾਨੀਆਂ ਪੈਦਾ ਕਰਨ ਦੇ ਨਾਲ-ਨਾਲ ਜ਼ਿੰਦਗੀ ਦੀਆਂ ਇਨ੍ਹਾਂ ਪੇਚੀਦਗੀਆਂ ਨੂੰ ਸਮਝਣ ਵਿੱਚ ਮਦਦ ਕਰਨ ਦੀ ਕਿਰਪਾਲਤਾ ਕਰਨ।

ਗੁਰੂਦੇਵ ਨੇ ਆਪਣੇ ਸ਼ਿਸ਼ ਦੀ ਮਨੋਦਸ਼ਾ ਨੂੰ ਸਮਝਦਿਆਂ ਫ਼ੁਰਮਾਇਆ ਕਿ ਦਰਅਸਲ ਮਨੁੱਖ ਆਪਣੇ ਛੋਟੇ ਜਿਹੇ ਜੀਵਨ ਕਾਲ ਵਿੱਚ ਜਿਵੇਂ-ਕਿਵੇਂ ਉਹ ਸਭ ਕੁਝ ਹਾਸਲ ਕਰਨ ਦੀ ਕੋਸ਼ਿਸ਼ ਕਰ ਰਿਹਾ ਹੁੰਦਾ ਹੈ, ਜਿਸ ਦੀ




ਤਮੰਨਾ ਉਸ ਨੇ ਕਿਸੇ ਸਮੇਂ ਕੀਤੀ ਹੁੰਦੀ ਹੈ ਜਾਂ ਜਿਸ ਦੀ ਕਸ਼ਿਸ਼ ਉਸ ਨੂੰ ਬੇਆਰਾਮ ਕਰੀ ਰੱਖਦੀ ਹੈ। ਦਰਅਸਲ ਸਧਾਰਨ ਮਨੁੱਖ ਦੇ ਆਮ ਤੌਰ ਉੱਪਰ ਸਤਹੀ ਪੱਧਰ ਦੇ ਸਰੋਕਾਰ ਹੁੰਦੇ ਹਨ। ਉਹ ਆਮ ਤੌਰ ਉੱਪਰ ਦੂਰ ਅੰਦੇਸ਼ ਨਹੀਂ ਹੁੰਦਾ ਹੈ। ਉਹ ਆਪਣੇ ਅਮਲਾਂ ਦੇ ਫ਼ਲਸਰੂਪ ਸੰਭਾਵਿਤ ਨਕਾਰਾਤਮਕ ਸਿੱਟਿਆਂ ਬਾਰੇ ਸੋਚਣ ਦੀ ਬਜਾਏ ਆਪਣੇ ਲਈ ਸਮੇਂ ਤੋਂ ਪਹਿਲਾਂ ਅਤੇ ਆਪਣੀ ਔਕਾਤ ਤੋਂ ਬਹੁਤ ਜ਼ਿਆਦਾ ਪ੍ਰਾਪਤ ਕਰਨ ਦੀ ਖਾਹਿਸ਼ ਰੱਖਦਾ ਹੈ। ਉਹ ਵਕਤੀ ਜਿਹੇ ਲਾਭ ਹਾਸਲ ਕਰਨ, ਆਪਣੇ ਸੌੜੇ ਹਿੱਤਾਂ ਦੀ ਰਾਖੀ ਕਰਨ ਅਤੇ ਹਰ ਹੀਲੇ ਮੁਕਾਬਲੇ ਦੀ ਦੌੜ ਵਿੱਚ ਦੂਸਰਿਆਂ ਨੂੰ ਪਛਾੜਨ ਦੀ ਲਾਲਸਾ ਤਹਿਤ ਅਣ-ਉਚਿਤ ਤੌਰ-ਤਰੀਕਿਆਂ ਦੇ ਇਸਤੇਮਾਲ ਕਰਨ ਵਿੱਚ ਰੰਚਕ ਮਾਤਰ ਵੀ ਗੁਰੇਜ਼ ਨਹੀਂ ਕਰਦਾ ਹੈ।

ਸਿੱਟੇ ਵਜੋਂ ਉਸ ਅੰਦਰ ਇੱਕ ਅਜ਼ੀਬ ਜਿਹੀ ਕਿਸਮ ਦੀ ਭਟਕਣ ਅਤੇ ਖ਼ਲਾਅ ਪੈਦਾ ਹੁੰਦਾ ਹੈ, ਉਹ ਰਫਤਾ-ਰਫਤਾ ਆਪਣੇ ਅਧੂਰੇਪਣ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਦੇ ਹੋਏ ਹਰ ਬੀਤਦੇ ਪਲ ਨਾਲ ਹੋਰ ਵਧੇਰੇ ਵਿਆਕੁਲ, ਅਸ਼ਾਂਤ ਅਤੇ ਲੋਭੀ ਹੋ ਜਾਂਦਾ ਹੈ। ਜਿੰਨਾ ਜ਼ਿਆਦਾ ਉਹ ਦੁਨਿਆਵੀ ਵਸਤਾਂ ਦੀ ਖਾਹਿਸ਼ ਰੱਖਦਾ ਹੈ, ਜਿੰਨਾ ਜ਼ਿਆਦਾ ਉਹ ਛਿਣ ਭਰ ਦੀਆਂ ਖੁਸ਼ੀਆਂ ਨੂੰ ਮਾਨਣਾ ਚਾਹੁੰਦਾ ਹੈ, ਜਿੰਨਾ ਜ਼ਿਆਦਾ ਉਹ ਝੂਠੇ ਰੰਗ-ਤਮਾਸ਼ਿਆਂ, ਦੌਲਤ, ਸ਼ੋਹਰਤ ਅਤੇ ਤਾਕਤ ਦਾ ਸੁੱਖ ਭੋਗਣ ਦੀ ਪ੍ਰਵਿਰਤੀ ਰੱਖਦਾ ਹੈ, ਉਨਾ ਹੀ ਜ਼ਿਆਦਾ ਉਹ ਆਪਣੀ ਦੇਹ ਅਤੇ ਰੂਹ ਨੂੰ ਤਕਲੀਫ਼ ਪਹੁੰਚਾਉਂਦਾ ਹੈ। ਇੱਕ ਪੜਾਅ ਉਤੇ ਪਹੁੰਚ ਕੇ ਉਸ ਦੀਆਂ ਖਾਹਿਸ਼ਾਂ ਹੀ ਉਸ ਦੇ ਪੈਰਾਂ ਦੀਆਂ ਬੇੜੀਆਂ ਬਣ ਜਾਂਦੀਆਂ ਹਨ, ਉਸ ਦੀਆਂ ਬੇਲਗਾਮ ਲਾਲਸਾਵਾਂ ਉਸ ਲਈ ਸਿਰ ਦਰਦ ਬਣ ਜਾਂਦੀਆਂ ਹਨ ਅਤੇ ਉਚੇ ਅਹੁਦਿਆਂ ਤੇ ਰੁਤਬਿਆਂ ਨੂੰ ਹਾਸਲ ਕਰਨ ਅਤੇ ਆਪਣੀ ਤਾਕਤ ਦੇ ਘੇਰੇ ਨੂੰ ਵਸੀਹ ਕਰਨ ਦਾ ਉਸ ਦਾ ਜਨੂੰਨ ਅੰਤ ਵਿੱਚ ਉਸ ਦੇ ਨਿਘਾਰ ਦਾ ਕਾਰਨ ਬਣਦਾ ਹੈ।

ਗੁਰੂਦੇਵ ਨੇ ਇਹ ਵੀ ਫ਼ੁਰਮਾਇਆ ਕਿ ਸਾਨੂੰ ਇਸ ਗੱਲ ਦਾ ਹਮੇਸ਼ਾ ਅਹਿਸਾਸ ਹੋਣਾ ਚਾਹੀਦਾ ਹੈ ਕਿ ਮਾਨਵੀ ਕਦਰਾਂ-ਕੀਮਤਾਂ ਹੀ ਸਾਡੇ ਸਮਾਜ ਅਤੇ ਮਨੁੱਖੀ ਰਿਸ਼ਤਿਆਂ ਦੀ ਬੁਨਿਆਦ ਹਨ। ਅਜੋਕੇ ਸਮੇਂ ਵਿੱਚ ਆਪਸੀ ਪਿਆਰ, ਸਤਿਕਾਰ, ਸਹਿਣਸ਼ੀਲਤਾ, ਸ਼ਿਸ਼ਟਾਚਾਰ, ਸਹਿਚਾਰ, ਪਰਸਪਰ ਸਹਿਯੋਗ, ਭਾਈਚਾਰਕ ਸਾਂਝ, ਸ਼ਰਮ-ਲਿਹਾਜ਼, ਸੰਜਮ, ਇੱਕ ਦੂਸਰੇ ਦਾ ਏਹਤਰਾਮ, ਗੁਫ਼ਤਗੂ ਵਿੱਚ ਨਫਾਸਤ ਆਦਿ ਹੁਣ ਮਨੁੱਖ ਦੀ ਜੀਵਨ ਸ਼ੈਲੀ ਵਿੱਚੋਂ ਮਨਫ਼ੀ ਹੁੰਦੀ ਜਾ ਰਹੀ ਹੈ। ਇਸ ਸਭ ਦੇ ਨਤੀਜੇ ਵਜੋਂ ਝੂਠ, ਛਲ-ਫ਼ਰੇਬ, ਈਰਖਾ, ਵੈਰ-ਵਿਰੋਧ, ਮੁਨਾਫਕਤ, ਨਫ਼ਰਤ, ਲਾਲਚ, ਅਸਹਿਣਸ਼ੀਲਤਾ ਆਦਿ ਨੇ ਸਾਡੇ ਅੰਦਰ ਬੇਹਿਸਾਬ ਸ਼ੋਰ, ਸ਼ੰਕੇ, ਦੁਬਿਧਾਵਾਂ, ਬੇਚੈਨੀ, ਫਤੂਰ ਅਤੇ ਮਾਨਸਿਕ ਤਣਾਓ ਪੈਦਾ ਕੀਤਾ ਹੈ। ਇਨਸਾਨ ਆਪਣੀ ਤਰਜ਼-ਏ-ਜ਼ਿੰਦਗੀ ਅਤੇ ਨੁਕਤਾ-ਏ-ਨਿਗਾਹ ਉੱਪਰ ਗੌਰ ਕਰਨ ਦੀ ਬਜਾਏ ਆਪਣੇ ਹੀ ਜ਼ਾਵੀਏ ਨੂੰ ਦਰੁਸਤ ਠਹਿਰਾਉਣ ਦੀ ਕੋਸ਼ਿਸ਼ ਵਿੱਚ ਇੱਕ ਤੋਂ ਬਾਅਦ ਇੱਕ ਗਲਤੀ ਕਰਦਾ ਰਹਿੰਦਾ ਹੈ। ਉਹ ਚਿੰਤਨ ਘੱਟ ਅਤੇ ਚਿੰਤਾ ਵਧੇਰੇ ਕਰਨ ਦੀ ਆਪਣੀ ਆਦਤ ਦੇ ਹੱਥੋਂ ਮਜਬੂਰ ਜਿਉਂਦੇ ਜੀਅ ਜੰਨਤ ਦੇ ਸੁਪਨੇ ਦੇਖਦਾ ਹੋਇਆ ਹਰ ਪਲ ਦੋਜ਼ਖ਼ ਦੀ ਅੱਗ ਵਿੱਚ ਖੁਦ ਨੂੰ ਸਾੜਦਾ ਰਹਿੰਦਾ ਹੈ।

ਗੁਰੂਦੇਵ ਨੇ ਆਪਣੇ ਸ਼ਿਸ਼ ਨੂੰ ਹਦਾਇਤ ਕਰਦਿਆਂ ਫ਼ੁਰਮਾਇਆ ਕਿ ਹੋ ਸਕੇ ਤਾਂ ਪਹਿਲਾਂ ਆਪਣੇ ਆਪ ਉੱਤੇ ਰਹਿਮ ਕਰੋ, ਖੁਦ ਨੂੰ ਇਖ਼ਲਾਕ ਦੇ ਪੈਮਾਨਿਆਂ ਤੋਂ ਇੰਨਾ ਨਾ ਡਿੱਗਣ ਦਿਉ ਕਿ ਤੁਸੀਂ ਆਪਣੀਆਂ ਨਜ਼ਰਾਂ ਤੋਂ ਹੀ ਸਦਾ ਲਈ ਨਾ ਗਿਰ ਜਾਵੋ, ਦੂਸਰਿਆਂ ਦੇ ਐਬ ਗਿਣਨ ਦੀ ਆਦਤ ਨੂੰ ਛੱਡ ਕੇ ਪਹਿਲਾਂ ਆਪਣੀ ਪੀੜ੍ਹੀ ਹੇਠ ਸੋਟਾ ਫੇਰਨਾ ਸਿੱਖੋ, ਮਰਿਆਦਾਵਾਂ ਦਾ ਸਤਿਕਾਰ ਕਰੋ, ਆਪਣੇ ਔਗੁਣਾਂ ਦੀ ਨਿਸ਼ਾਨਦੇਹੀ ਕਰਕੇ ਉਨ੍ਹਾਂ ਨੂੰ ਦੂਰ ਕਰੋ, ਸਰਲ, ਸਾਦਾ ਅਤੇ ਸਹਿਜ ਭਰਪੂਰ ਜੀਵਨ ਜਿਊਣ ਦੀ ਕਲਾ ਨੂੰ ਸਿੱਖਣ ਵਿੱਚ ਮੁਹਾਰਤ ਹਾਸਲ ਕਰੋ। ਗੁਰੂਦੇਵ ਨੇ ਅਖ਼ੀਰ ਵਿੱਚ ਫ਼ੁਰਮਾਇਆ ਕਿ ਪੁਰਸਕੂਨ ਅਤੇ ਸਿਹਤਮੰਦ ਜੀਵਨ ਹੀ ਪਰਮਾਤਮਾ ਦੀ ਸਭ ਤੋਂ ਵੱਡੀ ਬਖਸ਼ਿਸ਼ ਹੈ। ਇਸ ਬਖਸ਼ਿਸ਼ ਨੂੰ ਆਪਣੀ ਝੋਲੀ ਵਿੱਚ ਪਵਾਉਣ ਲਈ ਸਰਲ, ਸਾਦਾ, ਸਹਿਜ ਭਰਪੂਰ ਅਤੇ ਨਿਰਛਲ ਜੀਵਨ ਗੁਜ਼ਾਰਨ ਦਾ ਹੁਨਰ ਸਿੱਖੋ।

*(*ਪ੍ਰਿੰਸੀਪਲ, ਗੁਰੂ ਨਾਨਕ ਖਾਲਸਾ ਕਾਲਜ, ਯਮੁਨਾ ਨਗਰ, ਹਰਿਆਣਾ)*

# ਪੰਚਮ ਪਾਤਸ਼ਾਹ ਦਾ ਸ਼ਹੀਦੀ ਅਸਥਾਨ, ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਅਤੇ ਲਾਹੌਰ ਮਿਊਜ਼ੀਅਮ ਦੇਖਦਿਆਂ...

*ਜਾਣੇ-ਪਛਾਣੇ ਸ਼ਾਇਰ ਅਤੇ ਲੇਖਕ ਰਵਿੰਦਰ ਸਹਿਰਾਅ ਵੱਲੋਂ ਪਾਕਿਸਤਾਨ ਦੀਆਂ ਦੋ ਯਾਤਰਾਵਾਂ 'ਤੇ ਆਧਾਰਤ 'ਲਾਹੌਰ ਨਾ਼ਲ ਗੱਲਾਂ' ਸਫਰਨਾਮਾ ਸਾਨੂੰ ਸਾਂਝੇ ਲਾਹੌਰ ਭਾਵ ਏਧਰਲੇ ਤੇ ਓਧਰਲੇ ਪੰਜਾਬ ਨਾ਼ਲ ਜੋੜਦਾ ਹੈ। ਲਾਹੌਰ ਨਾਲ ਸਿੱਖ/ਪੰਜਾਬੀ ਭਾਈਚਾਰੇ ਦੀ ਸਾਂਝ ਜੁੜੀ ਹੋਈ ਹੈ। ਇਹ ਸਫ਼ਰਨਾਮਾ ਇਤਿਹਾਸਕ ਪਿਛੋਕੜ ਦੇ ਵੇਰਵਿਆਂ ਨਾਲ ਵੀ ਭਰਪੂਰ ਹੈ ਅਤੇ ਪਾਠਕ ਦੀਆਂ ਬਾਹਵਾਂ ਦਾ ਮੁਹੱਬਤੀ ਕਲਾਵਾ ਮੋਕਲਾ ਕਰਦਾ ਹੈ। ਪੇਸ਼ ਹੈ ਸੱਤਵੀਂ ਕਿਸ਼ਤ, ਜਿਸ ਵਿੱਚ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਅਸਥਾਨ, ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਅਤੇ ਲਾਹੌਰ ਮਿਊਜ਼ੀਅਮ ਦਾ ਸੰਖੇਪ ਵੇਰਵਾ ਦਰਜ ਹੈ...*



**ਰਵਿੰਦਰ ਸਹਿਰਾਅ**
ਫੋਨ: 219-900-1115

29 ਨਵੰਬਰ 2022 ਅਸੀਂ ਲਾਹੌਰ ਲਈ ਰੱਖਿਆ ਹੋਇਆ ਸੀ। ਅਸੀਂ ਦੋ-ਤਿੰਨ ਥਾਵਾਂ ਦੇਖਣੀਆਂ ਸਨ, ਜਿਨ੍ਹਾਂ ਵਿੱਚ ਸ਼ਾਹੀ ਕਿਲ੍ਹਾ, ਮਿਊਜ਼ੀਅਮ, ਸ਼ਾਦਮਾਨ ਚੌਕ ਅਤੇ ਗੁਰੂਘਰ ਡੇਰਾ ਸਾਹਿਬ ਸ਼ਾਮਿਲ ਸਨ। ਦੇਖਣ ਵਾਲੀਆਂ ਤਾਂ ਹੋਰ ਵੀ ਬਹੁਤ ਥਾਵਾਂ ਹਨ, ਪਰ ਇੱਕ ਦਿਨ ਵਿੱਚ ਏਨਾ ਦੇਖਣਾ ਵੀ ਹਿੰਮਤ ਵਾਲਾ ਕੰਮ ਹੀ ਕਿਹਾ ਜਾ ਸਕਦਾ ਹੈ। ਇਕੱਲੇ ਸ਼ਾਹੀ ਕਿਲ੍ਹੇ ਨੂੰ ਹੀ ਪੂਰਾ ਇੱਕ ਦਿਨ ਤਾਂ ਜ਼ਰੂਰ ਚਾਹੀਦਾ। ਮਹਾਰਾਜਾ ਰਣਜੀਤ ਸਿੰਘ ਦੀ ਸਮਾਧੀ ਅਤੇ ਗੁਰਦੁਆਰਾ ਡੇਰਾ ਸਾਹਿਬ ਤਾਂ ਬਿਲਕੁਲ ਆਹਮਣੇ-ਸਾਹਮਣੇ ਹਨ। ਸੋ, ਅਸੀਂ ਬਿਨਾਂ ਕਿਸੇ ਨੂੰ ਨਾ਼ਲ ਲਿਆਂ, ਡਰਾਇਵਰ ਅਜਾਜ ਨੂੰ ਕਿਹਾ- ਚਲੋ, ਪਹਿਲਾਂ ਸ਼ਹੀਦੀ ਅਸਥਾਨ ਚੱਲਦੇ ਆਂ। ਕਹਿੰਦਾ, ਜੀ ਨਾ਼ਲ ਈ ਬਾਦਸ਼ਾਹੀ ਮਸਜਿਦ ਵੀ ਹੈ। ਮੈਂ ਕਿਹਾ, ਜ਼ਰੂਰ ਦੇਖਾਂਗੇ ਪਰ ਇੱਕ ਦਿਨ ਵਿੱਚ ਤਾਂ ਇਹ ਮੁਸ਼ਕਿਲ ਹੈ। ਅਜਾਜ ਇੱਕ ਸਿੱਧਾ ਸਾਦਾ ਜਿਹਾ ਬੰਦਾ ਪਿੰਡ 'ਚੋਂ ਉੱਠ ਕੇ ਨੌਕਰੀ ਕਰਨ ਲਾਹੌਰ ਆਇਆ ਹੋਇਆ ਹੈ। ਆਪਣੇ ਮਾਲਕ ਤੋਂ ਬਹੁਤ ਤੰਗ ਹੈ, ਪਰ ਮਜਬੂਰੀ ਕਰਕੇ ਉਹਨੂੰ ਛੱਡ ਵੀ ਨਹੀਂ ਸਕਦਾ। ਅਸੀਂ ਯੂਨੀਅਨ ਵਿੱਚ ਕੰਮ ਕੀਤਾ ਹੋਣ ਕਾਰਨ ਅਜਿਹੇ ਬੰਦਿਆਂ ਦੀ ਮਾਨਸਿਕਤਾ ਨੂੰ ਸਮਝਦੇ ਹਾਂ। ਉਸ ਨਾ਼ਲ ਬੰਦਿਆਂ ਵਾਂਗ (ਪਰਿਵਾਰ) ਬੋਲਦੇ ਚਾਲਦੇ ਤੇ ਖਾਂਦੇ-ਪੀਂਦੇ ਹਾਂ। ਉਹ ਦੱਸਦਾ ਹੈ ਕਿ ਏਦਾਂ ਦਾ ਵਿਹਾਰ ਤਾਂ ਅੱਜ ਤਕ ਕਿਸੇ ਬਾਹਰਲੇ ਨੇ ਤਾਂ ਕੀ ਕਿਸੇ ਸਾਡੇ ਮੁਸਲਿਮ ਭਾਈਚਾਰੇ ਨੇ ਵੀ ਨਹੀਂ ਕੀਤਾ। ਕਦੀ-ਕਦੀ ਸਾਡੇ ਨਾ਼ਲ ਬਹਿ ਕੇ ਖਾਂਦਿਆਂ ਉਹਦੀਆਂ ਅੱਖਾਂ ਛਲਕਦੀਆਂ ਦੇਖੀਆਂ।

ਖ਼ੈਰ... ਅਸੀਂ ਸ਼ਹੀਦੀ ਅਸਥਾਨ 'ਤੇ ਪਹੁੰਚੇ। ਗੁਰਦੁਆਰੇ 'ਚ ਟੁੱਟ-ਭੱਜ ਦਾ ਕੰਮ (ਰੈਨੋਵੇਸ਼ਨ) ਚੱਲ ਰਿਹਾ ਸੀ। ਅਸੀਂ ਉੱਥੋਂ ਦੇ ਸੇਵਾਦਾਰ ਨਾ਼ਲ ਗੱਲ ਕੀਤੀ ਤਾਂ ਉਹਨੇ ਦੱਸਿਆ ਕਿ ਪੁਰਾਣੀ ਇਮਾਰਤ ਉਸੇ ਤਰ੍ਹਾਂ ਸਾਂਭ ਕੇ ਰੱਖੀ ਜਾ ਰਹੀ ਹੈ। ਇੱਕ ਵੱਡੇ ਹਾਲ ਦੀ ਉਸਾਰੀ ਚੱਲ ਰਹੀ ਹੋਣ ਕਰਕੇ ਥੋੜ੍ਹੀ ਜਿਹੀ ਦਿੱਕਤ ਦਾ ਸਾਹਮਣਾ ਕੀਤਾ ਜਾ ਸਕਦਾ। ਮੈਂ ਕਹਿੰਦਾ ਹਾਂ, ਜੀ ਫ਼ਿਕਰ ਨਾ ਕਰੋ, ਅਸੀਂ ਤਾਂ ਇਸ ਮਹਾਨ ਅਸਥਾਨ ਦੇ ਦੀਦਾਰੇ ਹੀ ਕਰਨੇ ਹਨ।

ਥੋੜ੍ਹਾ ਜਿਹਾ ਇਹਦੇ ਇਤਿਹਾਸ ਵਿੱਚੋਂ ਵੀ ਗੁਜ਼ਰ ਲਈਏ। ਗੁਰੂ ਅਰਜਨ ਦੇਵ ਜੀ ਸਿੱਖਾਂ ਦੇ ਪੰਜਵੇਂ ਗੁਰੂ ਹੋਏ ਹਨ। ਉਨ੍ਹਾਂ ਦਾ ਜੀਵਨ ਕਾਲ 1563-1606 ਈ. ਦਾ ਮੰਨਿਆ ਗਿਆ ਹੈ। ਉਨ੍ਹਾਂ ਸਿੱਖ ਇਤਿਹਾਸ ਵਿੱਚ ਕਈ ਇਨਕਲਾਬੀ ਤਬਦੀਲੀਆਂ ਲਿਆਂਦੀਆਂ। ਸਾਈਂ ਮੀਆਂ ਮੀਰ (ਜਿਨ੍ਹਾਂ ਦਾ ਜੀਵਨ ਕਾਲ 1550 ਤੋਂ 11 ਅਗਸਤ 1635 ਦਾ ਦੱਸਿਆ ਗਿਆ ਹੈ) ਨਾ਼ਲ ਉਨ੍ਹਾਂ ਦਾ ਬਹੁਤ ਪਿਆਰ ਸੀ। ਸਾਈਂ ਜੀ ਉਸ ਸਮੇਂ ਦੇ ਉੱਚ ਕੋਟੀ ਦੇ ਦਰਵੇਸ਼ ਫ਼ਕੀਰ ਸਨ। ਗੁਰੂ ਜੀ ਨੇ ਜਦ 3 ਜਨਵਰੀ 1588 ਨੂੰ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਉਸਾਰੀ ਕਰਨੀ ਸੀ ਤਾਂ ਉਨ੍ਹਾਂ ਨੇ ਉਸ ਦੀ ਨੀਂਹ ਸਾਈਂ ਮੀਆਂ ਮੀਰ ਜੀ ਤੋਂ ਰਖਵਾਈ। ਇਹ ਇੱਕ ਬਹੁਤ ਹੀ ਦੂਰ ਦ੍ਰਿਸ਼ਟੀ ਵਾਲਾ ਕਦਮ ਸੀ। ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਸਮੇਂ ਦੂਰ-ਦੁਰਾਡੇ ਰਹਿੰਦੇ ਭਗਤਾਂ ਦੀ ਬਾਣੀ/ਰਚਨਾ ਇਕੱਠੀ ਕਰਕੇ ਇਸ ਵਿੱਚ ਸ਼ਾਮਲ ਕੀਤੀ। ਹਰਿਮੰਦਰ ਸਾਹਿਬ ਦੇ ਨਾ਼ਲ ਉਨ੍ਹਾਂ ਨੇ ਤਰਨਤਾਰਨ ਸਾਹਿਬ ਦੀ ਵੀ ਉਸਾਰੀ ਕੀਤੀ ਦੱਸੀ ਜਾਂਦੀ ਹੈ।

ਉਨ੍ਹਾਂ ਨੂੰ ਸ਼ਹੀਦ ਕਰਨ ਦੇ ਇਤਿਹਾਸਕਾਰ ਕਈ ਕਾਰਨ ਦੱਸਦੇ ਹਨ। ਵੱਡਾ ਭਰਾ ਪ੍ਰਿਥੀ ਚੰਦ ਦੁਨਿਆਵੀ ਤੌਰ 'ਤੇ ਬਹੁਤ ਸਿਆਣਾ ਤੇ ਚਲਾਕ ਸੀ। ਉਹ ਚਾਹੁੰਦਾ ਸੀ ਕਿ ਗੱਦੀ ਉਸ ਕੋਲ ਰਵ੍ਹੇ; ਪਰ ਗੁਰੂ ਰਾਮਦਾਸ ਜੀ ਨੂੰ ਉਸਦੇ ਹੰਕਾਰ ਦਾ ਗਿਆਨ ਸੀ। ਇੱਕ ਹੋਰ ਨਾਮ ਆਉਂਦਾ ਹੈ, ਚੰਦੂ ਸ਼ਾਹ। ਉਹ ਆਪਣੀ ਲੜਕੀ ਦਾ ਰਿਸ਼ਤਾ ਗੁਰੂ ਜੀ ਦੇ ਲੜਕੇ ਗੁਰੂ ਹਰਿਗੋਬਿੰਦ ਜੀ ਨਾ਼ਲ ਕਰਨਾ ਚਾਹੁੰਦਾ ਸੀ। ਸਿੱਖ ਇਸ ਰਿਸ਼ਤੇ ਦੇ ਵਿਰੁੱਧ ਸਨ; ਕਿਉਂਕਿ ਚੰਦੂ ਸ਼ਾਹ ਮਹਾਂ ਲਾਲਚੀ ਅਤੇ ਮੱਕਾਰ ਸੀ। ਇਸ ਕਰਕੇ ਉਹ ਵੀ ਗੁਰੂ ਜੀ ਦੇ ਖ਼ਿਲਾਫ਼ ਸੀ। ਪਰ ਸਭ ਤੋਂ ਵੱਡਾ ਕਾਰਨ ਬਾਦਸ਼ਾਹ ਜਹਾਂਗੀਰ ਦੇ ਪੁੱਤਰ ਖੁਸਰੋ ਦਾ ਉਸ ਤੋਂ ਬਾਗ਼ੀ ਹੋ ਕੇ ਦਿੱਲੀ ਤੋਂ ਭੱਜ ਨਿਕਲਣਾ ਸੀ। ਪ੍ਰਿਥੀ ਚੰਦ ਅਤੇ ਚੰਦੂ ਸ਼ਾਹ ਬਾਦਸ਼ਾਹ ਕੋਲ ਸ਼ਿਕਾਇਤਾਂ ਤਾਂ ਪਹਿਲਾਂ ਹੀ ਪਹੁੰਚਾ ਰਹੇ ਸਨ ਕਿ



ਲਾਲ ਖੂਹੀ

ਇੱਕ ਸਿੱਖ ਲੋਕਾਂ ਨੂੰ ਤੁਹਾਡੇ ਖ਼ਿਲਾਫ਼ ਭੜਕਾ ਰਿਹਾ ਹੈ, ਪਰ ਜਦੋਂ ਖੁਸਰੋ ਬਾਗ਼ੀ ਹੋ ਕੇ ਲਾਹੌਰ ਵੱਲ ਭੱਜ ਨਿਕਲਿਆ ਤਾਂ ਉਨ੍ਹਾਂ ਨੂੰ ਵਧੀਆ ਮੌਕਾ ਹੱਥ ਆ ਗਿਆ। ਉਨ੍ਹਾਂ ਸ਼ਿਕਾਇਤ ਕੀਤੀ ਕਿ ਗੁਰੂ ਅਰਜਨ ਨੇ ਖੁਸਰੋ ਨੂੰ ਪਨਾਹ ਦਿੱਤੀ ਹੈ। ਬਾਦਸ਼ਾਹ ਭੜਕ ਪਿਆ। ਗੁਰੂ ਜੀ ਨੂੰ ਦਰਬਾਰ ਵਿੱਚ ਸੱਦਿਆ ਗਿਆ। ਗੁਰੂ ਜੀ ਨੂੰ ਸਜ਼ਾ ਸੁਣਾਈ ਗਈ। ਤੁਜ਼ਕੇ ਜਹਾਂਗੀਰੀ ਵਿੱਚ ਦਰਜ ਹੈ ਕਿ ਉਸਨੇ 'ਬਸ਼ਿਯਾਸਤ-ਵ-ਬ-ਯਾਸਾ' ਤਹਿਤ ਦੰਡ ਦਿੱਤਾ। ਇਤਿਹਾਸਕਾਰ ਦੱਸਦੇ ਹਨ ਕਿ 'ਯਾਸਾ' ਤਹਿਤ ਦੰਡ ਕਿਸੇ ਸਿਆਸੀ ਵਿਰੋਧੀ ਨੂੰ ਹੀ ਦਿੱਤਾ ਜਾ ਸਕਦਾ ਸੀ।

ਇਤਿਹਾਸ ਦੱਸਦਾ ਹੈ ਕਿ ਗੁਰੂ ਜੀ ਨੂੰ ਛੇ ਦਿਨ ਭੁੱਖੇ-ਪਿਆਸੇ ਰੱਖਣ ਤੋਂ ਬਾਅਦ (ਲਾਲ ਖੂਹੀ ਵਿੱਚ) ਤੱਤੀ ਤਵੀ ਉਪਰ ਬਿਠਾ ਕੇ ਸਿਰ ਉੱਪਰ ਤੱਤੀ ਰੇਤ ਪਾਈ ਗਈ। ਇੱਥੇ ਇਹ ਵੀ ਦੱਸ ਦੇਈਏ ਕਿ ਲਾਲ ਖੂਹੀ ਵਿੱਚ (ਜੋ ਕਿ ਬਾਦਸ਼ਾਹੀ ਮਸਜਦ ਦੇ ਨਜ਼ਦੀਕ ਹੀ ਹੈ) ਕੈਦ ਸਮੇਂ ਸਾਈਂ ਮੀਆਂ ਮੀਰ ਜੀ ਗੁਰੂ ਜੀ ਨੂੰ ਚੋਰੀ-ਚੋਰੀ ਕੁਝ ਮਿਠਾਈ ਵਰਗੀ ਸ਼ੈਅ (ਕਹਿੰਦੇ ਤਾਂ ਬਰਫ਼ੀ ਹਨ) ਪਹੁੰਚਾਣ ਦਾ ਵੀ ਯਤਨ ਕਰਦੇ ਰਹੇ ਸਨ। ਕਿਉਂਕਿ ਉਨ੍ਹਾਂ ਦਾ ਰੁਤਬਾ ਬਹੁਤ ਉੱਚਾ ਸੀ ਤੇ ਸਿਪਾਹੀ ਸ਼ੱਕ ਵੀ ਨਹੀਂ ਸਨ ਕਰਦੇ। ਦੱਸਿਆ ਜਾਂਦਾ ਹੈ ਕਿ ਜਦੋਂ ਉਨ੍ਹਾਂ ਦਾ ਸਰੀਰ ਛਾਲਿਆਂ ਨਾ਼ਲ ਭਰ ਗਿਆ ਅਤੇ ਉਹ ਬੇਹੋਸ਼ ਹੋ ਗਏ ਤਾਂ ਉਨ੍ਹਾਂ ਨੂੰ ਦਰਿਆ ਰਾਵੀ ਵਿੱਚ ਰੋੜ੍ਹ ਦਿੱਤਾ ਗਿਆ ਤੇ ਉਹ ਮੁੜ ਕਦੀ ਨਹੀਂ ਦੇਖੇ ਗਏ। ਦਰਿਆ ਰਾਵੀ ਉਦੋਂ ਲਾਹੌਰ ਦੀਆਂ ਕੰਧਾਂ ਨਾ਼ਲ ਖਹਿ ਕੇ ਵਗਦਾ ਸੀ। ਇਹ ਗੁਰਦੁਆਰਾ ਸਾਹਿਬ ਮਹਾਰਾਜਾ ਰਣਜੀਤ ਸਿੰਘ ਨੇ ਬਣਵਾਇਆ। ਉਨ੍ਹਾਂ ਬੰਨ੍ਹ ਲਾ ਕੇ ਰਾਵੀ ਦਾ ਮੁਹਾਣ ਵੀ ਪਰ੍ਹਾਂ ਦੀ ਮੋੜ ਦਿੱਤਾ ਤਾਂ ਕਿ ਗੁਰੂ ਜੀ ਦੇ ਸ਼ਹਾਦਤ ਵਾਲੀ ਥਾਂ ਨੂੰ ਨੁਕਸਾਨ ਨਾ ਪਹੁੰਚ ਸਕੇ। ਸੰਤ ਰਾਮ ਉਦਾਸੀ ਨੇ ਉਨ੍ਹਾਂ ਦੀ ਲਾਸਾਨੀ ਸ਼ਹਾਦਤ ਬਾਰੇ ਤਾਹੀਉਂ ਲਿਖਿਆ ਸੀ:

ਤੱਤੀ ਤਵੀ ਤੱਤੀ ਰੇਤ, ਤੱਤੀਉ ਸੀ ਵਗਦੀ ਹਵਾ
ਦੁਨੀਆਂ ਦਾ ਸੇਕ ਸਾਰਾ ਤੱਤੀਏ ਹਕੂਮਤੇ ਨੀ
ਇੱਕੋ ਦੇ ਨਾਂਅ ਲਿਖ ਧਰਿਆ।

## ਮਹਾਰਾਜਾ ਰਣਜੀਤ ਸਿੰਘ ਦੀ ਸਮਾਧ

ਗੁਰਦੁਆਰਾ ਸ਼ਹੀਦੀ ਅਸਥਾਨ ਡੇਰਾ ਸਾਹਿਬ ਦੇ ਸਾਹਮਣੇ ਹੀ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਹੈ। ਰਣਜੀਤ ਸਿੰਘ (1780-1839) ਦਾ ਕਾਲ ਸੁਨਹਿਰੀ ਕਾਲ ਵਜੋਂ ਜਾਣਿਆ ਜਾਂਦਾ ਹੈ। ਉਸਦੀ ਸਮਾਧ ਦੀ ਤਾਮੀਰ ਉਸਦੇ ਪੁੱਤਰ ਖੜਕ ਸਿੰਘ ਨੇ ਕਰਵਾਈ। ਇਸਨੂੰ ਪੂਰੇ ਹੁੰਦਿਆਂ ਨੌਂ ਸਾਲ ਲੱਗੇ ਦੱਸੇ ਜਾਂਦੇ ਹਨ।

ਔਰੰਗਜ਼ੇਬ ਦੇ ਮਗਰੋਂ ਮੁਗ਼ਲ ਕਾਲ ਦਾ ਪਤਨ ਸ਼ੁਰੂ ਹੋਣਾ ਹੋ ਗਿਆ ਤਾਂ ਸਿੱਖ ਮਿਸਲਾਂ ਦੇ ਸਰਦਾਰ ਆਜ਼ਾਦਾਨਾ ਤੌਰ 'ਤੇ ਰਾਜ ਕਰਨ ਲੱਗ ਪਏ ਸਨ। ਇਹ ਸਮਾਂ 1762 ਤੋਂ 1799 ਦਾ ਦੱਸਿਆ ਜਾਂਦਾ ਹੈ। ਅਫ਼ਗਾਨ ਸ਼ਾਸਕ ਸ਼ਾਹ ਦੁੱਰਾਨੀ ਨਾ਼ਲ ਯੁੱਧ ਕਰਕੇ ਉਸਨੂੰ ਪੰਜਾਬੋਂ ਬਾਹਰ ਕੱਢਣ ਨਾ਼ਲ ਰਣਜੀਤ ਸਿੰਘ ਦੀ ਤਾਕਤ ਦਾ ਪਤਾ ਚੱਲਦਾ ਹੈ। ਛੋਟੀਆਂ-ਛੋਟੀਆਂ ਮਿਸਲਾਂ ਦੇ ਰਾਜਿਆਂ ਨੂੰ ਕਿਤੇ ਪਿਆਰ ਨਾ਼ਲ, ਕਿਤੇ ਧੱਕੇ ਨਾ਼ਲ ਅਤੇ ਕਿਤੇ ਰਿਸ਼ਤੇਦਾਰੀ ਰਾਹੀਂ ਇਕੱਠੇ ਕਰਨਾ ਰਣਜੀਤ ਸਿੰਘ ਦੀ ਦੂਰ-ਅੰਦੇਸ਼ੀ ਕਹੀ ਜਾਂਦੀ ਹੈ। ਆਖ਼ਰ 12 ਅਪ੍ਰੈਲ 1801 ਨੂੰ ਰਣਜੀਤ ਸਿੰਘ ਨੂੰ ਪੰਜਾਬ ਦਾ ਮਹਾਰਾਜਾ ਐਲਾਨ ਦਿੱਤਾ ਗਿਆ।

ਕਈ ਲੋਕ ਅੱਜ ਵੀ ਰਾਜੇ ਨੂੰ ਅੱਯਾਸ਼ ਮੰਨਦੇ ਹਨ। ਉਸਨੇ ਕਿੰਨੇ ਹੀ ਵਿਆਹ ਕਰਵਾਏ। ਸਾਰੇ ਇਤਿਹਾਸਕਾਰਾਂ ਦੀ ਵੱਖ-ਵੱਖ ਰਾਇ ਹੈ। ਉਸਦਾ ਪਹਿਲਾ ਵਿਆਹ ਪੰਦਰਾਂ ਸਾਲ ਦੀ ਉਮਰ ਵਿੱਚ ਮਹਿਤਾਬ ਕੌਰ ਨਾ਼ਲ ਹੋਇਆ ਦੱਸਿਆ ਜਾਂਦਾ ਹੈ। ਜਿਹਦੀ ਮੌਤ 1813 ਵਿੱਚ ਹੋਈ। ਦੂਜੇ ਵਿਆਹ, ਜੋ ਦਾਤਾਰ ਕੌਰ ਨਾ਼ਲ ਹੋਇਆ, ਵਿੱਚੋਂ 1801 ਨੂੰ ਖੜਕ ਸਿੰਘ ਨੇ ਜਨਮ ਲਿਆ। ਆਖ਼ਰੀ ਵਿਆਹ ਜਿੰਦ ਕੌਰ ਨਾ਼ਲ ਦੱਸਿਆ ਜਾਂਦਾ ਹੈ। ਮਹਾਰਾਣੀ ਜਿੰਦ ਕੌਰ ਦੀ ਕੁੱਖੋਂ ਆਖ਼ਿਰ 1838 ਨੂੰ ਦਲੀਪ ਸਿੰਘ ਨੇ ਜਨਮ ਲਿਆ, ਜੋ ਸਿੱਖ ਸਾਮਰਾਜ ਦਾ ਅਖ਼ੀਰਲਾ ਮਹਾਰਾਜਾ ਬਣਿਆ।

ਆਖ਼ਰ 27 ਜੂਨ 1839 ਨੂੰ ਸਿੱਖ ਸਾਮਰਾਜ ਦੇ ਮਹਾਰਾਜੇ ਦੀ ਮੌਤ ਹੋ ਗਈ। ਖੜਕ ਸਿੰਘ ਦੀ ਮੌਤ ਤੋਂ ਬਾਅਦ ਉਸਦੀ ਸਮਾਧ ਦਲੀਪ ਸਿੰਘ ਵੱਲੋਂ ਪੂਰੀ ਕੀਤੀ ਜਾਂਦੀ ਹੈ।

## ਲਾਹੌਰ ਮਿਊਜ਼ੀਅਮ

ਲਾਹੌਰ ਮਿਊਜ਼ੀਅਮ ਦੇ ਗੇਟ ਸਾਹਮਣੇ ਉਤਰੇ ਤਾਂ ਉੱਥੇ ਕਾਫ਼ੀ ਚਹਿਲ-ਪਹਿਲ ਸੀ। ਜਿਵੇਂ ਕਿ ਆਮ ਅਜਾਇਬਘਰਾਂ ਦੇ ਅੰਦਰ-ਬਾਹਰ ਹਰ ਥਾਂ ਦੇਖਣ ਨੂੰ ਆਮ ਮਿਲਦੀ ਹੈ। ਅਜਾਜ ਗੱਡੀ ਪਾਰਕ ਕਰਨ ਚਲਾ ਗਿਆ। ਸਿਕਿਉਰਿਟੀ ਵਾਲੇ ਸਾਨੂੰ ਟਿਕਟਾਂ ਵਾਲੇ ਕਾਊਂਟਰ ਵੱਲ ਨੂੰ ਇਸ਼ਾਰਾ ਕਰਨ ਲੱਗੇ (ਇੱਥੇ ਇਸ਼ਾਰਾ ਟ੍ਰੈਫ਼ਿਕ ਲਾਈਟਾਂ ਨੂੰ ਕਿਹਾ ਜਾਂਦਾ ਹੈ); ਪਰ ਸਾਡਾ ਇਸ਼ਾਰੇ ਦਾ ਮਤਲਬ ਉਂਗਲ ਦੇ ਉਸ ਇਸ਼ਾਰੇ ਵੱਲ ਹੈ, ਜੋ ਸਾਨੂੰ ਟਿਕਟਾਂ ਖ਼ਰੀਦਣ ਵੱਲ ਭੇਜ ਰਿਹਾ ਸੀ। ਅਸੀਂ ਟਿਕਟ ਖਿੜਕੀ ਦੇ ਸਾਹਮਣੇ ਪੁੱਜੇ। ਵਿਦੇਸ਼ੀਆਂ ਵਾਸਤੇ ਟਿਕਟ ਦੀ ਕੀਮਤ ਹਜ਼ਾਰ ਰੁਪਏ ਹੈ। ਅਸੀਂ ਅੰਦਰ ਗਏ, ਪਰ ਹਰ ਥਾਂ ਦਰਵਾਜ਼ੇ ਉੱਪਰ ਖੜ੍ਹੇ ਮੁਲਾਜ਼ਮ ਸਾਡੇ ਵੱਲ ਹੈਰਤ ਭਰੀਆਂ ਨਜ਼ਰਾਂ ਨਾ਼ਲ ਦੇਖਦੇ ਸਨ। ਕਈ ਪੁੱਛਦੇ ਸਨ ਕਿ ਕਿਹੜੇ ਮੁਲਕ 'ਚੋਂ ਆਏ ਹੋ? ਕਿਤੇ ਅਸੀਂ ਇੰਡੀਆ ਤੋਂ ਅਤੇ ਕਿਤੇ ਅਮੈਰਿਕਾ ਤੋਂ ਕਹਿ ਦਿੱਤਾ।

ਇਹ ਮਿਊਜ਼ੀਅਮ ਪਹਿਲੀ ਵੇਰ 1865 ਵਿੱਚ ਖੋਲ੍ਹਿਆ ਗਿਆ ਸੀ, ਛੋਟਾ ਸੀ ਤੇ ਫੇਰ 1894 ਵਿੱਚ ਖੋਲ੍ਹਿਆ ਗਿਆ। ਹਰ ਗੈਲਰੀ ਹੈ ਈ ਬੜੀ ਖ਼ੂਬਸੂਰਤ। 'ਕੱਲੀ-'ਕੱਲੀ ਚੀਜ਼ ਦੇਖਣ ਲੱਗਦੇ ਤਾਂ ਦੋ ਦਿਨ ਚਾਹੀਦੇ ਸਨ। ਸਿੱਖ ਸਾਮਰਾਜ ਦੇ ਕਾਲ ਦੀਆਂ, ਗੁਰੂਆਂ ਦੇ ਕਾਲ ਦੀਆਂ, ਅੰਗਰੇਜ਼ੀ ਸਾਮਰਾਜ ਦੀਆਂ ਅਤੇ ਮੌਡਰਨ ਹਿਸਟਰੀ ਦੀਆਂ ਅਨੇਕਾਂ ਗੈਲਰੀਆਂ ਹਨ। ਨੀਰੂ ਥੱਕ ਗਈ ਸੀ ਤੇ ਉਪਰਲੀ ਮੰਜ਼ਿਲ ਵੱਲ ਨਹੀਂ ਸੀ ਜਾਣਾ ਚਾਹੁੰਦੀ। ਮੈਂ ਇਕੱਲਾ ਹੀ ਉੱਪਰ ਗਿਆ। ਅਚਾਨਕ ਪਹਿਲਾਂ ਨਿੱਕੀਆਂ ਸਕੂਲੀ ਬੱਚੀਆਂ ਅਤੇ ਫਿਰ ਨਿੱਕੇ ਬੱਚਿਆਂ ਦਾ ਗਰੁੱਪ ਮੇਰੇ ਦੁਆ਼ਲੇ ਇਕੱਠਾ ਹੋ ਗਿਆ ਤੇ ਫ਼ੋਟੋ ਖਿਚਵਾਉਣ ਦੀ ਮੰਗ ਕਰਨ ਲੱਗਾ। ਮੈਂ ਹਾਂ ਕਰ ਪੁੱਛਿਆ, ਤੁਹਾਨੂੰ ਪਤੈ ਕਿ ਮੈਂ ਕੌਣ ਹਾਂ? ਸਾਰੇ ਇੱਕ ਆਵਾਜ਼ ਵਿੱਚ ਬੋਲਦੇ ਹਨ, ਯੈਸ ਸਰ ਤੁਸੀਂ ਸਿੱਖ ਹੋ? ਮੈਂ ਮਨ ਹੀ ਮਨ ਹੱਸਦਾ ਹਾਂ ਕਿ ਸਿੱਖ ਤਾਂ ਪਤਾ ਨਹੀਂ ਮੈਂ ਕਿੰਨਾ ਕੁ ਹਾਂ, ਪਰ ਸਿਰ ਉੱਪਰ ਪੱਗ ਕਰਕੇ ਸਰਦਾਰ ਜ਼ਰੂਰ ਹਾਂ। ਭੋਲੇ ਬੱਚਿਉ, ਤੁਸੀਂ ਨਹੀਂ ਸਮਝ ਸਕਦੇ ਕਿ ਸਿੱਖੀ ਕਿੰਨੀ ਔਖੀ ਹੈ। ਅਸੀਂ ਮਜ਼ਹਬਾਂ ਜਾਂ ਧਰਮਾਂ ਨੂੰ ਪੌਸ਼ਾਕਾਂ ਵਿੱਚ ਵੰਡ ਲਿਆ ਹੈ। ਚੜ੍ਹਦੇ ਪੰਜਾਬ ਵਿੱਚ ਚੱਲੇ ਕਾਲੇ ਦੌਰ ਸਮੇਂ ਕਿੰਨੇ ਹੀ ਇਨਸਾਨ ਏਸੇ ਲਈ ਮਾਰ ਦਿੱਤੇ ਗਏ ਕਿ ਜਾਂ ਤਾਂ ਉਨ੍ਹਾਂ ਦੇ ਸਿਰ ਉੱਪਰ ਪੱਗ ਸੀ ਤੇ ਜਾਂ ਉਨ੍ਹਾਂ ਦੇ ਵਾਲ ਕੱਟੇ ਹੋਏ ਸਨ।

ਤ੍ਰਿਸ਼ੂਲ ਤੇ ਕਿਰਪਾਨ ਚੱਲਦੀ ਬੱਸ ਸ਼ਕਲ ਨੂੰ ਦੇਖ ਕੇ
ਕਾਤਲਾਂ ਦੀ ਚੋਣ ਦਾ ਇਹ ਢੰਗ ਕੇਹਾ ਆ ਗਿਆ।

ਅਚਾਨਕ ਮੇਰੀ ਸੁਰਤੀ, ਮੁੜ ਬੱਚਿਆਂ ਵੱਲ ਮੁੜੀ। ਮੈਂ ਖ਼ੁਸ਼, ਬੱਚੇ ਖ਼ੁਸ਼ ਤੇ ਉਨ੍ਹਾਂ ਆਏ ਅਧਿਆਪਕਾਂ ਨੂੰ ਵੀ ਕੋਈ ਇਤਰਾਜ਼ ਨਹੀਂ ਸੀ, ਇਸ ਗੱਲ ਦੀ ਹੋਰ ਵੀ ਜ਼ਿਆਦਾ ਖ਼ੁਸ਼ੀ ਸੀ। ਅਜਾਇਬ ਘਰ ਦੀ ਹਰ ਵਸਤ ਨਾ਼ਲੋਂ ਸੈਂਕੜੇ ਗੁਣਾਂ ਮਹਿੰਗੇ ਇਹ ਬੱਚੇ ਤੇ ਉਨ੍ਹਾਂ ਦੀ ਮੁਸਕਾਨ ਲੱਗੀ।

ਹੇਠਾਂ ਪੌੜੀਆਂ ਉਤਰਨ 'ਤੇ ਸੁਰੱਖਿਆ ਮੁਲਾਜ਼ਮ ਦੋ ਵੀਹ-ਪੱਝੀ ਸਾਲ ਦੀਆਂ ਬੀਬੀਆਂ ਮੇਰੇ ਵੱਲ ਇਉਂ ਦੇਖ ਰਹੀਆਂ ਸਨ ਜਿਵੇਂ ਕੁਝ ਕਹਿਣਾ ਚਾਹੁੰਦੀਆਂ ਹੋਣ। ਮੈਂ ਨੀਰੂ ਨੂੰ ਲੱਭਣ ਦੀ ਕੋਸ਼ਿਸ਼ ਕੀਤੀ ਕਿ ਏਥੇ ਈ ਕਿਤੇ ਨੇੜੇ-ਤੇੜੇ ਹੋਵੇਗੀ। ਇੱਕ ਬੀਬੀ ਕਹਿੰਦੀ, "ਸਰ ਫ਼ੋਟੋ ਕਰਵਾਣਾ ਚਾਹੁੰਦੀਆਂ।" ਜ਼ਰੂਰ, ਮੈਂ ਕਿਹਾ ਪਰ ਮੇਰੀ ਵਾਈਫ਼ ਨੂੰ ਆ ਲੈਣ ਦਿਉ। ਦੂਜੀ ਝੱਟ ਜਾ ਕੇ ਲੈ ਆਉਂਦੀ ਹੈ। ਉਹਨੂੰ ਪਤਾ ਸੀ ਕਿ ਉਹ ਕਿੱਥੇ ਖੜ੍ਹੀ ਹੈ। ਕਹਿੰਦੀਆਂ, "ਬਹੁਤ ਘੱਟ ਲੋਕ (ਸਰਦਾਰ) ਹਨ, ਜੋ ਐਹੋ ਜਿਹੀਆਂ ਥਾਵਾਂ 'ਤੇ ਆਉਂਦੇ ਹਨ।" ਮੈਂ ਉਨ੍ਹਾਂ ਦਾ ਇਸ਼ਾਰਾ ਸਮਝ ਗਿਆ ਕਿ ਸਾਡੇ ਬਹੁਤੇ ਲੋਕ ਤਾਂ ਗੁਰੂਘਰਾਂ ਵਿੱਚ ਮੱਥਾ ਟੇਕਣ ਜਾਂ ਖ਼ਰੀਦੋ-ਫ਼ਰੋਖ਼ਤ ਕਰਨ ਹੀ ਆਉਂਦੇ ਹਨ। ਉਨ੍ਹਾਂ ਤੋਂ ਵਿਦਾਅ ਹੋਏ ਤੇ ਅੱਗੇ ਇੱਕ ਮੌਲ ਵਿੱਚੋਂ ਕੁਝ ਨਿੱਕੀਆਂ-ਨਿੱਕੀਆਂ ਚੀਜ਼ਾਂ ਲੈਣ ਲਈ ਰੁਕੇ। ਇਹ ਗੁੱਲਬਰਗ ਦਾ ਇਕ ਮੌਲ ਹੈ। ਦੋ ਮੰਜ਼ਿਲਾ, ਐਲੀਵੇਟਰ ਲੱਗੇ ਹੋਏ ਹਨ, ਸਾਫ਼ ਸੁਥਰਾ, ਅਮੈਰਿਕਾ ਦਾ ਭੁਲੇਖਾ ਪਾ ਰਿਹਾ। ਚੈਕ ਆਊਟ (ਪੈਸੇ ਦੇਣ ਲਈ) ਕੋਲ ਜਾਂਦੇ ਹਾਂ ਤਾਂ ਨੌਜਵਾਨ ਮੈਨੇਜਰ ਤੇ ਉਹਦੇ ਦੋ-ਤਿੰਨ ਹੋਰ ਮੁਲਾਜ਼ਮ ਸਾਡੇ ਮੋਹਰੇ ਖੜ੍ਹ ਜਾਂਦੇ ਹਨ। ਹੱਥਾਂ ਵਿੱਚ ਕੁਝ ਫੜਿਆ ਹੋਇਆ ਹੈ। 'ਸਾਸਰੀਕਾਲ ਸਰਦਾਰ ਜੀ!' ਅਸੀਂ ਕਹਿੰਦੇ ਆਂ, 'ਅਸਲਾਮਾ ਲੇਕਮ ਜੀ!' 'ਜੀ ਪਲੀਜ਼ ਆਹ ਡਰਿੰਕ ਜ਼ਰੂਰ ਪੀਵੋ ਤੇ ਅਸੀਂ ਤੁਹਾਥੋਂ ਕੋਈ ਪੈਸਾ ਨਹੀਂ ਲੈਣਾ।' ਮੇਰੀਆਂ ਅੱਖਾਂ ਨਮ ਹੋ ਗਈਆਂ, ਸ਼ੁਕਰੀਆ ਵੀ ਨਾ ਬੋਲਿਆ ਗਿਆ।



ਲਾਹੌਰ ਮਿਊਜ਼ੀਅਮ ਵਿਖੇ ਲੇਖਕ ਬੱਚਿਆਂ ਨਾਲ ਤਸਵੀਰ ਖਿਚਵਾਉਂਦਿਆਂ...

# ਸਾਂਝੀ ਮਾਂ

**ਕਹਾਣੀ**

**ਗੁਲਜ਼ਾਰ ਸਿੰਘ ਸੰਧੂ**

ਕਸ਼ਮੀਰ ਦੀ ਲੜਾਈ, ਪੰਜਾਬ ਕੌਰ ਲਈ ਚਾਂਦਮਾਰੀ ਤੋਂ ਵਧੇਰੇ ਵਿਸ਼ੇਸ਼ਤਾ ਨਹੀਂ ਸੀ ਰਖਦੀ। ਉਥੋਂ ਦੀ ਗੋਲਾਬਾਰੀ, ਤੋਪਾਂ ਦੇ ਫਾਇਰ ਤੇ ਟੈਂਕਾਂ ਦੀ ਗਰਜ ਪੰਜਾਬ ਕੌਰ ਦੇ ਨਿਤਪ੍ਰਤੀ ਜੀਵਨ ਵਿੱਚ ਕੋਈ ਵਿਘਨ ਨਾ ਪਾ ਸਕੇ। ਉਹ ਘਰ ਵਿੱਚ ਰੋਜ਼ ਵਾਂਗ ਸਵੇਰੇ ਉਠ ਕੇ ਇਸ਼ਨਾਨ ਕਰਦੀ, ਚਾਹ ਬਣਾਉਂਦੀ, ਆਟਾ ਗੁੰਨ੍ਹਦੀ, ਰੋਟੀਆਂ ਲਾਹੁੰਦੀ ਤੇ ਹਾਲੀਆਂ ਨੂੰ ਕੰਮ ਲਈ ਤੋਰ ਦਿੰਦੀ। ਰੇਡੀਓ ਉਤੇ ਖਬਰ ਆਉਂਦੀ ਕਿ ਭਾਰਤੀ ਸੈਨਾ ਯੋਜਨਾ ਪੂਰਵਕ ਵਧ ਰਹੀ ਹੈ, ਪੰਜਾਬ ਕੌਰ ਸੁਣ ਛਡਦੀ।

ਅਸਲ ਵਿੱਚ ਜੰਗ ਨੂੰ ਪੰਜਾਬ ਕੌਰ ਅਭਿਆਸ ਤੋਂ ਵਧੇਰੇ ਵਿਸ਼ੇਸ਼ਤਾ ਨਹੀਂ ਸੀ ਦਿੰਦੀ। ਅਭਿਆਸ ਦਾ ਹਰਜ ਵੀ ਕੀ ਹੈ? ਸਾਰੇ ਖਿਡਾਰੀ ਖੇਡਣ ਤੋਂ ਪਹਿਲਾਂ ਅਭਿਆਸ ਕਰਦੇ ਹਨ। ਦੌੜਨ ਵਾਲੇ ਦੌੜਦੇ ਹਨ, ਘੁਲਣ ਵਾਲੇ ਘੁਲਦੇ ਹਨ। ਸਾਗਰਾਂ ਦੇ ਤਾਰੂ, ਰੇਸ ਦੇ ਘੋੜੇ, ਸਾਰੇ ਲੜਨ ਲਈ ਤਿਆਰ ਰੱਖੇ ਜਾਂਦੇ ਹਨ। ਸਾਰੇ ਖੇਡ ਅਭਿਆਸ ਨਾਲ ਹੀ ਜਿੱਤੇ ਜਾਂਦੇ ਹਨ, ਪੰਜਾਬ ਕੌਰ ਸੋਚਦੀ।

ਪਰ ਹੌਲੀ ਹੌਲੀ ਕਸ਼ਮੀਰ ਦੀ ਸਰਹੱਦ ਵਾਲਾ ਅਭਿਆਸ ਜੰਮੂ ਦੀ ਧਰਤੀ ਵਿੱਚ ਆ ਗਿਆ। ਤੋਪਾਂ ਦੀ ਆਵਾਜ਼ ਹੋਰ ਤੇਜ਼, ਹੋਰ ਨੇੜੇ ਸੁਣਾਈ ਦੇਣ ਲੱਗੀ। ਪਰ ਪੰਜਾਬ ਕੌਰ ਨੇ ਉੱਕੀ ਪਰਵਾਹ ਨਾ ਕੀਤੀ। ਉਹ ਤੋਪਾਂ ਦੀ ਆਵਾਜ਼ ਦਾ ਤਾਨ ਟੋਕੇ ਵਾਲੀ ਮਸ਼ੀਨ ਦੀ ਆਵਾਜ਼ ਨਾਲ ਜੋੜ ਲੈਂਦੀ ਤੇ ਇਨ੍ਹਾਂ ਦੇ ਨਾਲ ਹੀ ਆਪਣੇ ਚਰਖੇ ਦੀ ਘੂਕਰ ਜਾਂ ਆਟੇ ਵਿੱਚ ਦਿੱਤੀਆਂ ਮੁੱਕੀਆਂ ਦੀ ਆਵਾਜ਼ ਜਾਂ ਤਵੀ ਉਤੇ ਪਾਉਣ ਲਈ ਤਿਆਰ ਕੀਤੇ ਜਾ ਰਹੇ ਫੁਲਕੇ ਦੀ ਲੈਅ। ਗੋਲੀਆਂ ਦੀ ਆਵਾਜ਼ ਨਾਲ ਆਪਣੇ ਕੰਨਾਂ ਦੀ ਤਾਨ ਮੇਲ ਕੇ ਉਸ ਨੂੰ ਬੜਾ ਸਵਾਦ ਆਉਂਦਾ। ਮਾਝੇ ਦੀ ਇਸ ਜੱਟੀ ਨੂੰ ਕਿਸੇ ਪ੍ਰਕਾਰ ਦਾ ਕੋਈ ਭੈਅ ਨਹੀਂ ਸੀ। ਨੇੜੇ ਨੂੰ ਆ ਰਹੇ ਗੋਲਿਆਂ ਦੀ ਆਵਾਜ਼ ਵਿੱਚ ਵੀ ਉਹ ਪੂਰੀ ਨੀਂਦਰ ਸੌਂਦੀ।

ਰੇਡੀਓ ਖਬਰ ਦਿੰਦਾ ਕਿ ਭਾਰਤੀ ਫੌਜਾਂ ਯੋਜਨਾ ਪੂਰਵਕ ਦੁਸ਼ਮਣ ਦਾ ਟਾਕਰਾ ਕਰ ਰਹੀਆਂ ਹਨ। ਪੰਜਾਬ ਕੌਰ ਸਵਾਦ ਲੈ ਕੇ ਸ਼ਾਂਤ ਹੋ ਜਾਂਦੀ। ਇੱਥੋਂ ਤਕ ਕਿ ਉਸਨੂੰ ਕੰਮ ਕਰਨ ਵਿੱਚ ਬੜਾ ਸਵਾਦ ਆਉਂਦਾ। ਉਸਨੇ ਆਪਣੇ ਕੰਮ ਦੀ ਰਫਤਾਰ ਗੋਲਾਬਾਰੀ ਦੀ ਰਫਤਾਰ ਨਾਲ ਤੇਜ਼ ਕਰ ਲਈ ਸੀ।

ਤੇ ਫੇਰ ਹੌਲੀ ਹੌਲੀ ਤੋਪਾਂ ਦੇ ਗੋਲਿਆਂ ਦੀ ਆਵਾਜ਼ ਉਸਦੇ ਬਹੁਤ ਨੇੜੇ ਆ ਗਈ। ਇੱਕ ਸਵੇਰ ਰਾਈਫਲਾਂ ਦੇ ਫਾਇਰ, ਮਸ਼ੀਨ ਗੰਨਾਂ ਦੀ ਤੜ ਤੜ, ਤੋਪਾਂ ਦੇ ਗੋਲੇ ਅਤੇ ਬੰਬਾਂ ਦੇ ਧਮਾਕੇ ਉਸਦੇ ਕੰਨਾਂ ਵਿੱਚ ਵੱਜਣ ਲੱਗੇ। ਉਸ ਨੂੰ ਜਾਪਿਆ ਜਿਵੇਂ ਉਸਦੇ ਸੁੱਤਿਆਂ ਸੁੱਤਿਆਂ ਤੋਪਾਂ ਉਸਦੇ ਸਿਰ ਉੱਤੇ ਬੀਤੀਆਂ ਗਈਆਂ ਸਨ। ਤੜਕੇ ਉਸਨੂੰ ਇਹ ਸਭ ਕੁਝ ਸੁਪਨੇ ਵਾਂਗ ਲਗ ਰਿਹਾ ਸੀ-ਇੱਕ ਡਰਾਉਣੇ ਸੁਪਨੇ ਵਾਂਗ। ਉਸਨੂੰ ਜਾਪਿਆ ਜਿਵੇਂ ਪਾਕਿਸਤਾਨੀ ਦੁਸ਼ਮਣ ਵਾਗ੍ਹੋਂ ਕੋਲੋਂ ਦੀ ਲੰਘ ਕੇ ਛੇਹਰਟੇ ਦਾ ਆ ਵੜਿਆ ਹੋਵੇ। ਉਸਦਾ ਆਪਣਾ ਘਰ ਛੇਹਰਟੇ ਦੇ ਨੇੜੇ ਸੀ। ਉਸਦੀ ਬਿਸਤਰੇ ਵਿੱਚੋਂ ਨਿਕਲਣ ਦੀ ਹਿੰਮਤ ਨਾ ਪਈ। ਉਸਨੇ ਉੱਠ ਕੇ ਕੀ ਲੈਣਾ ਸੀ? ਜੇ ਸੁੱਤਿਆਂ ਮਰਨਾ ਸੀ ਤਾਂ ਉਠਿਆਂ ਵੀ ਕਿਸੇ ਨੇ ਜੀਉਂਦਿਆਂ ਨਹੀਂ ਸੀ ਛੱਡਣਾ।

ਉਸਨੂੰ ਸਮਝ ਨਹੀਂ ਆਉਂਦੀ ਸੀ ਕਿ ਕੌਣ ਕਿਧਰ ਨੂੰ ਵਧ ਰਿਹਾ ਸੀ। ਪਰ ਇਹ ਸਭ ਕੁਝ ਉਸਦੇ ਏਨਾ ਨੇੜੇ ਵਾਪਰ ਰਿਹਾ ਸੀ ਕਿ ਉਸਨੂੰ ਆਪਣੀਆਂ ਫੌਜਾਂ ਦਾ ਲਾਹੌਰ ਵੱਲ ਨੂੰ ਵਧਣਾ ਵੀ ਕੋਈ ਖੁਸ਼ੀ ਨਹੀਂ ਸੀ ਦੇ ਸਕਦਾ। ਸੈਨਿਕਾਂ ਦੇ ਅਭਿਆਸ ਲਈ ਰੱਬ ਨੇ ਪਹਾੜ ਬਣਾਏ ਸਨ ਤੇ ਇਨ੍ਹਾਂ ਨੂੰ ਉਥੇ ਜਾ ਕੇ ਅਭਿਆਸ ਕਰਨਾ ਚਾਹੀਦਾ ਸੀ। ਇਹ ਮੈਦਾਨਾਂ ਦੇ ਘੁੱਗ ਵਸਦੇ ਜੀਵਨ ਵਿੱਚ ਕਿਉਂ ਦਖਲ ਦੇ ਰਹੇ ਸਨ? ਉਹ ਹੈਰਾਨ ਸੀ।

ਖਬਰਾਂ ਆਈਆਂ, ਸਰਹੱਦ ਦੇ ਉਸ ਪਾਰ ਘਮਸਾਣ ਦੀ ਲੜਾਈ ਹੋ ਰਹੀ ਹੈ। ਫੌਜਾਂ ਦੇ ਸਰਹੱਦ ਤੋਂ ਪਾਰ ਹੋਣ ਦਾ ਬੜਾ ਨਸ਼ਾ ਸੀ, ਪਰ ਯੁੱਧ ਦੇ ਘਮਸਾਣੀ ਹੋਣ ਦਾ ਬੜਾ ਭੈਅ ਸੀ। ਪੰਜਾਬ ਕੌਰ ਨੂੰ ਜਾਪਿਆ ਜਿਵੇਂ ਲੜਾਈ ਦੀ ਖਬਰ ਨੇ ਉਸਦੇ ਦਿਲ ਦਾ ਕਰਾਰ ਖੋਹ ਲਿਆ ਹੋਵੇ। ਉਸਨੇ ਘਮਸਾਣ ਦੇ ਯੁੱਧ ਬਾਰੇ ਕਿੱਸੇ ਪੜ੍ਹੇ ਸਨ। ਘਮਸਾਣ ਦੇ ਯੁੱਧ ਵਿਚ ਗੁਰੂ ਗੋਬਿੰਦ ਸਿੰਘ ਦੇ ਵੱਡੇ ਸਾਹਿਬਜ਼ਾਦੇ ਚਮਕੌਰ ਵਿੱਚ ਸ਼ਹੀਦ ਹੋਏ ਸਨ। ਇੱਕ ਹੋਰ ਯੁੱਧ ਵਿੱਚ ਬੰਦਾ ਬੈਰਾਗੀ ਨੇ ਸਰਹੰਦ ਦੀ ਇੱਟ ਨਾਲ ਇੱਟ ਵਜਾ ਦਿੱਤੀ ਸੀ। ਉਸਦੇ ਗਵਾਂਢੀ ਸ਼ਹਿਰ ਅਟਾਰੀ ਵਾਲੇ ਸਰਦਾਰ ਸ਼ਾਮ ਸਿੰਘ ਨੇ ਫਿਰੋਜ਼ਪੁਰ ਪੱਤਣ ਨੂੰ ਗੋਰਿਆਂ ਦੀ ਲਾਲ ਰੱਤ ਨਾਲ ਰੰਗ ਦਿੱਤਾ ਸੀ। ਪੰਜਾਬ ਦੀ ਧਰਤੀ ਖੂਨੋ ਖੂਨ ਹੋ ਗਈ ਸੀ।

ਪੰਜਾਬ ਕੌਰ ਘਮਸਾਣ ਦੀ ਲੜਾਈ ਦਾ ਚਿਤ੍ਰ ਆਪਣੇ ਨੈਣਾਂ ਅੱਗੇ ਚਿਤਰ ਸਕਦੀ ਸੀ।



ਸਰਹਦ ਦੇ ਉਸ ਪਾਰ ਭਾਰਤੀ ਜਵਾਨ ਪਾਕਿਸਤਾਨੀ ਸਿਪਾਹੀਆਂ ਨਾਲ ਗੁਥਮ ਗੁੱਥਾ ਹੋ ਚੁੱਕੇ ਸਨ। ਫੌਜਾਂ ਇੱਕ ਦੂਜੀ ਵਿੱਚ ਇੰਝ ਜਾ ਘੁਸੀਆਂ ਸਨ, ਜਿਵੇਂ ਮੋਟਰ ਨੂੰ ਪਹਿਲੇ ਗੀਅਰ ਵਿੱਚ ਪਾਇਆਂ ਛੋਟੀਆਂ ਗਰਾਰੀਆਂ ਦੇ ਦੰਦੇ। ਜਵਾਨਾਂ ਵਿੱਚ ਜਵਾਨ ਟਕਰਾਅ ਰਹੇ ਸਨ, ਜੀਪਾਂ ਵਿੱਚ ਜੀਪਾਂ ਤੇ ਟੈਂਕਾਂ ਵਿੱਚ ਟੈਂਕ। ਕੀ ਹੁੰਦੇ ਨੇ ਝੋਟਿਆਂ ਜਾਂ ਹਾਥੀਆਂ ਦੇ ਭੇੜ? ਘਮਸਾਣ ਦਾ ਰੂਪ ਕੁਝ ਇਹੋ ਜਿਹਾ ਸੀ।

ਘਮਸਾਣ ਦੇ ਯੁੱਧ ਦੀ ਖਬਰ ਨੇ ਸਾਰੇ ਸ਼ਹਿਰੀਆਂ ਨੂੰ ਇੱਕ ਮੁਠ ਕਰ ਦਿੱਤਾ ਸੀ। ਹਰ ਕੋਈ ਇੱਕੋ ਤਰ੍ਹਾਂ ਸੋਚਦਾ ਸੀ, ਇੱਕੋ ਤਰ੍ਹਾਂ ਤੁਰਦਾ ਸੀ। ਬੰਦੇ ਮਸ਼ੀਨਾਂ ਦੇ ਪੁਰਜ਼ੇ ਬਣ ਗਏ ਸਨ। ਉਨ੍ਹਾਂ ਦੇ ਜੋਸ਼ ਮਸ਼ੀਨੀ ਸਨ, ਉਨ੍ਹਾਂ ਦੇ ਸਹਿਮ ਵੀ ਮਸ਼ੀਨੀ।

ਰੇਡੀਓ ਤੋਂ ਖਬਰ ਆਈ ਰਾਤ ਨੂੰ ਅੰਮ੍ਰਿਤਸਰ ਸ਼ਹਿਰ ਉਤੇ ਹਵਾਈ ਜਹਾਜ਼ਾਂ ਦੀ ਬੰਬਾਰੀ ਦਾ ਡਰ ਹੈ। ਦੁਸ਼ਮਣ ਨੇ ਬਿਆਸ ਦੇ ਪੁਲ ਅਤੇ ਆਦਮਪੁਰ ਦੇ ਹਵਾਈ ਅੱਡੇ ਉਤੇ ਪਾਕਿਸਤਾਨੀ ਛਾਤਾ ਬਰਦਾਰ ਉਤਾਰ ਦਿੱਤੇ ਹਨ। ਦਿਨ ਵੇਲੇ ਛਾਤਾਂ ਬਰਦਾਰਾਂ ਤੋਂ ਬਚੋ, ਰਾਤ ਨੂੰ ਹਵਾਈ ਬੰਬਾਰੀ ਤੋਂ। ਸ਼ਹਿਰ ਵਿੱਚ ਪੂਰਨ ਬਲੈਕ ਆਊਟ ਰੱਖੋ, ਘਰ ਵਿੱਚ ਰੋਸ਼ਨੀ ਦੀ ਸਜ਼ਾ ਮੌਤ ਹੈ। ਕੱਚ ਦੇ ਸ਼ੀਸ਼ਿਆਂ ਅੱਗੇ ਕਾਗਜ਼ ਲਾ ਲਏ ਜਾਣ, ਕੰਨਾਂ ਵਿੱਚ ਰੂੰ ਰੱਖੀ ਜਾਵੇ। ਹੋ ਸਕੇ ਤਾਂ ਬਾਹਰ ਟੋਇਆਂ ਵਿੱਚ ਸੁੱਤਾ ਜਾਵੇ। ਇਹ ਤੇ ਏਦਾਂ ਦੀਆਂ ਹੋਰ ਅਨੇਕਾਂ ਸੂਚਨਾਵਾਂ।

ਪੰਜਾਬ ਕੌਰ ਘਬਰਾ ਗਈ। ਉਹ ਬਾਰ ਬਾਰ ਰੇਡੀਓ ਸੁਣਦੀ। ਉਸ ਨੂੰ ਸੂਚਨਾਵਾਂ ਦੀ ਸਮਝ ਨਾ ਪੈਂਦੀ, ਰੂੰ ਕਿਹੜੇ ਕੰਨ ਵਿੱਚ ਕਿੰਨੀ ਕੁ ਦੇਣੀ ਹੈ। ਖਤਰੇ ਦਾ ਘੁੱਗੂ ਵੱਜਣ ਉਤੇ ਬੰਬ ਦੀ ਮੌਤੇ ਮਰਨ ਲਈ ਕਿਵੇਂ ਤਿਆਰ ਹੋਣਾ ਹੈ। ਪੰਜਾਬ ਕੌਰ ਦੇ ਵਿਹੜਿਆਂ ਵਿਹੜਿਆਂ ਭਾਰਤੀ ਤੋਪਚੀਆਂ ਨੇ ਉਸ ਦੇ ਦਰਾਂ ਅੱਗੇ ਜਹਾਜ਼ਾਂ ਨੂੰ ਸੁੱਟਣ ਵਾਲੀ ਤੋਪ ਗੱਡ ਲਈ ਸੀ। ਇਹ ਕੀ ਹੋ ਰਿਹਾ ਸੀ?

ਸ਼ਹਿਰ ਦੇ ਨੇੜੇ ਦੇ ਖੇਤਾਂ ਵਿੱਚ ਬੰਬ ਗਿਰਨੇ ਸ਼ੁਰੂ ਹੋ ਗਏ। ਕੁਝ ਫਟ ਜਾਂਦੇ ਤੇ ਕੁਝ ਨਾ ਹੀ ਫਟਦੇ। ਨਾ ਫਟਣ ਵਾਲਿਆਂ ਦਾ ਭੈ ਫਟ ਚੁੱਕਿਆਂ ਨਾਲੋਂ ਵਧੇਰੇ ਸੀ। ਪਤਾ ਨਹੀਂ ਕਦੋਂ ਫਟ ਜਾਏ। ਪਤਾ ਨਹੀਂ ਕੀ ਕਰ ਦੇਵੇ। ਇੱਕ ਜ਼ਹਿਰੀਲੀ ਗੈਸ ਦਾ ਬੰਬ ਪੰਜਾਬ ਕੌਰ ਦੇ ਦਰਾਂ ਅੱਗੇ ਆਣ ਡਿੱਗਿਆ ਸੀ। ਉਸ ਨੇ ਵੇਖਿਆ ਕਿ ਹਰਿਆਈ ਇਸ ਦੇ ਸੇਕ ਨਾਲ ਹੀ ਫੂਸ ਬਣ ਗਈ ਸੀ। ਮਿੱਟੀ ਦੇ ਢੇਲਿਆਂ ਦੇ ਕੋਲੇ ਬਣ ਗਏ ਸਨ-ਨਿੱਕੇ ਵੱਡੇ।

ਸ਼ਾਮ ਤੱਕ ਪੰਜਾਬ ਕੌਰ ਦਾ ਸਾਰਾ ਗਵਾਂਢ ਖਾਲੀ ਹੋ ਗਿਆ। ਜਿਹੜੇ ਪਿਛੇ ਰਹਿ ਗਏ ਸਨ, ਉਹ ਵੀ ਜੀਉਂਦੇ ਨਹੀਂ ਸਨ ਜਾਪਦੇ। ਉਸ ਨੂੰ ਜਾਪਿਆ ਕਿ ਸਾਰੀ ਧਰਤੀ ਕਬਰਸਤਾਨ ਬਣ ਗਈ ਹੈ। ਪੰਜਾਬ ਕੌਰ ਦੇ ਜੇ ਕੋਈ ਸਾਥੀ ਸਨ ਤਾਂ ਨਾਲ ਦੇ ਖੇਤ ਵਿੱਚ ਲੱਗੀ ਤੋਪ ਵਾਲੇ ਤੋਪਚੀ। ਉਹ ਵੇਲੇ-ਕੁਵੇਲੇ ਪੰਜਾਬ ਕੌਰ ਕੋਲ ਆ ਕੇ ਬੈਠਦੇ, ਜੰਗ ਦੀਆਂ ਖਬਰਾਂ ਦਿੰਦੇ, ਜਿੱਤ ਦਾ ਅਹਿਸਾਸ ਕਰਾਉਂਦੇ ਤੇ ਧਰਵਾਸ ਦੇ ਕੇ ਚਲੇ ਜਾਂਦੇ। ਉਹ ਵੀ ਤੋਪਚੀਆਂ ਨੂੰ ਚਾਹ ਪਿਲਾਉਂਦੀ, ਪਿਆਰ ਦਿੰਦੀ ਤੇ ਸ਼ੇਰ ਬੱਚੇ ਆਖ ਕੇ ਪੁਕਾਰਦੀ- ਜਿਵੇਂ ਉਹ ਉਸਦੀ ਆਪਣੀ ਕੁਖ ਦੇ ਜਾਏ ਹੋਣ। ਉਹ ਆਪਣੇ ਇਨ੍ਹਾਂ ਪੁੱਤਰਾਂ ਦੇ ਬਲਿਹਾਰ ਜਾਂਦੀ ਜਿਹੜੇ ਤਾੜ ਕਰ ਕੇ ਵੈਰੀ ਦੇ ਜਹਾਜ਼ ਨੂੰ ਢੂੰਡ ਦਿੰਦੇ ਸਨ।

ਖਤਰੇ ਦਾ ਘੁਗੂ ਵਜਣ 'ਤੇ ਚਾਰ ਚੁਫੇਰਾ ਸਾਂ ਸਾਂ ਕਰਨ ਲੱਗ ਪਿਆ। ਬੱਤੀਆਂ ਬੁਝ ਗਈਆਂ, ਨਿਆਣੇ ਮੰਜੀਆਂ ਤੋਂ ਉਤਰ ਕੇ ਧਰਤੀ ਉਤੇ ਮੂਧੇ ਪੈ ਗਏ। ਖੇਤਾਂ ਦੇ ਚੂਹੇ ਤੱਕ ਵੀ ਡਰ ਦੇ ਮਾਰੇ ਘਰੀਂ ਆ ਵੜੇ। ਉਹ ਮੂਧੇ ਪਏ ਨਿਆਣਿਆਂ ਦੀਆਂ ਪਿੱਠਾਂ ਉੱਤੇ ਦਗੜ ਦਗੜ ਦੌੜਨ ਲੱਗੇ। ਬੰਬ ਦਾ ਧਮਾਕਾ ਪਿਆ ਤਾਂ ਮਕਾਨ ਦੇ ਦਰਵਾਜ਼ੇ ਖਿੜਕੀਆਂ ਖਾੜ ਖਾੜ ਖੜਕਣ ਲੱਗੇ। ਬੱਚਿਆਂ ਦੇ ਜਿਸਮਾਂ 'ਤੇ ਚੂਹਿਆਂ ਦੀ ਦੌੜ ਹੋਰ ਵੀ ਤੇਜ਼ ਹੋ ਗਈ, ਬੱਚੇ ਚੂੰ ਤੱਕ ਨਾ ਕਰਦੇ। ਉਨ੍ਹਾਂ ਵੱਲੋਂ ਉਨ੍ਹਾਂ ਦੇ ਜਿਸਮਾਂ ਉਤੇ ਭਾਵੇਂ ਸੱਪ ਮੇਲ੍ਹਦੇ ਰਹਿੰਦੇ।

ਪਰ ਦਰਾਂ ਅੱਗੇ ਫਟੇ ਜ਼ਹਿਰੀ ਬੰਬ ਦਾ ਡਰ ਉਸ ਦੇ ਮਨੋਂ ਨਾ ਲੱਥਾ। ਇਸ ਦੀ ਭਾਫ ਬੜੀ ਜ਼ਹਿਰੀਲੀ ਹੁੰਦੀ ਹੈ, ਉਸ ਨੇ ਸੁਣਿਆਂ ਸੀ। ਇਸ ਵਿੱਚ ਠੋਸ ਪਦਾਰਥ ਇੰਝ ਭੁੱਜ ਜਾਂਦੇ ਸਨ ਜਿਵੇਂ ਉਬਲਦੇ ਤੇਲ ਵਿੱਚ ਮੱਛੀ। ਉਹ ਆਪਣੇ ਬੱਚਿਆਂ ਨੂੰ ਕਿਵੇਂ ਮੱਛੀ ਵਾਂਗ ਭੁਨੀਂਦੇ ਦੇਖ ਸਕਦੀ ਸੀ। ਉਸ ਦੀ ਆਪਣੀ ਅਉਧ ਬੀਤ ਚੁਕੀ ਸੀ, ਉਸ ਨੂੰ ਬੱਚਿਆਂ ਦੀ ਅਉਧ ਖਰਾਬ ਕਰਨ ਦਾ ਕੀ ਹੱਕ ਸੀ।

ਪੰਜਾਬ ਕੌਰ ਨੇ ਘਰ ਛੱਡਣ ਦਾ ਫੈਸਲਾ ਕਰ ਲਿਆ।

"ਲੈ ਬੱਚਾ ਮੈਂ ਤਾਂ ਚੱਲੀ, ਹੋ ਸਕੇ ਤਾਂ ਘਰ ਦਾ ਖਿਆਲ ਰੱਖਣਾ, ਉਸ ਨੇ ਭਰੇ ਦਿਲ ਨਾਲ ਤੋਪਚੀ ਸਿਪਾਹੀਆਂ ਨੂੰ ਕਿਹਾ। ਮੈਥੋਂ ਬੱਚਿਆਂ ਦਾ ਉਣੀਂਦਰਾ ਨਹੀਂ ਸਹਿ ਹੁੰਦਾ, ਮੈਥੋਂ ਇਨ੍ਹਾਂ ਦੇ ਲਹੂਰ ਨਹੀਂ ਵੇਖੇ ਜਾਂਦੇ।" ਉਸ ਨੂੰ ਬੋਲਦੀ ਬੋਲਦੀ ਨੂੰ ਗੱਚ ਆ ਗਿਆ। ਉਹ ਆਪਣਾ ਘਰ ਨਹੀਂ ਸੀ ਛੱਡਣਾ ਚਾਹੁੰਦੀ।

ਤੋਪਚੀ ਪੰਜਾਬ ਕੌਰ ਨੂੰ ਕੁਝ ਨਹੀਂ ਸੀ ਕਹਿ ਸਕਦੇ। ਉਹ ਸਮਾਨ ਬਨ੍ਹਾਉਣ ਵਿੱਚ ਉਸ ਦੀ ਮਦਦ ਕਰਨ ਲੱਗੇ। ਜੇ ਕੋਈ ਤਲਵਾਰ ਦੀ ਧਾਰ ਤੋਂ ਜ਼ਰਾ ਪਰੇ ਬੈਠ ਸਕਦਾ ਸੀ ਤਾਂ ਕਿਉਂ ਨਾ ਬੈਠੇ! ਭਾਵੇਂ ਸ਼ਹਿਰੀ ਵਸੋਂ ਦੀ ਇਹ ਮੁਠ ਭਰ ਟੱਬਰੀ ਦਾ ਤੋਪਚੀਆਂ ਨੂੰ ਬੜਾ ਆਸਰਾ ਸੀ, ਪਰ ਉਹ ਉਨ੍ਹਾਂ ਨੂੰ ਮਜਬੂਰ ਕਰ ਕੇ ਨਹੀਂ ਸਨ ਰੱਖਣਾ ਚਾਹੁੰਦੇ। ਦੂਰ ਦਿੱਲੀ ਦੱਖਣ ਤੋਂ ਆ ਕੇ ਉਨ੍ਹਾਂ ਨੂੰ ਏਥੇ ਵੀ ਇੱਕ ਮਾਂ ਮਿਲ ਗਈ ਸੀ। ਜਿਹੜੀ ਖਤਰੇ ਵਿੱਚ ਏਨੀ ਨੇੜੇ ਹੋਣ ਕਾਰਨ ਆਪਣੀ ਅਸਲ ਮਾਂ ਨਾਲੋਂ ਵੀ ਕਿਤੇ ਵਡੇਰੀ ਮਾਂ ਸੀ ਤੇ ਉਹ ਹੁਣ ਛੱਡ ਕੇ ਜਾ ਰਹੀ ਸੀ। ਉਹ ਮਜਬੂਰ ਸੀ। ਸਾਮਾਨ ਬੰਨ੍ਹਿਆ ਗਿਆ ਸੀ। ਦੋਵੇਂ ਧਿਰਾਂ ਇੱਕ ਦੂਜੀ ਤੋਂ ਆਗਿਆ ਲੈਣ ਲਈ ਉਠ ਖਲੋਤੀਆਂ। 'ਚੰਗਾ ਫੇਰ! ਨਮਸਤੇ' ਕਹਿਣ ਦੀ ਢਿਲ ਸੀ ਕਿ ਦੋਹਾਂ ਧਿਰਾਂ ਨੇ ਇਕ ਦੂਜੇ ਦੀਆਂ ਅੱਖਾਂ ਤੋਂ ਉਹਲੇ ਹੋ ਜਾਣਾ ਸੀ।

ਤੋਪਚੀਆਂ ਦੇ ਸਰਦਾਰ ਦਾ ਦਿਲ ਭਰ ਆਇਆ, "ਮੈਂ ਕਹਿਣਾ ਤਾਂ ਨਹੀਂ ਚਾਹੁੰਦਾ। ਪਰ ਮਾਤਾ ਜੀ ਜਦੋਂ ਤੱਕ ਅਸੀਂ ਜੀਉਂਦੇ ਹਾਂ ਤੁਹਾਡੀ ਵਾ ਵਲ ਵੀ ਕੋਈ ਨਹੀਂ ਤੱਕ ਸਕਦਾ। ਜੇ ਅਸੀਂ ਹੀ ਮਰ ਗਏ ਤਾਂ ਰੱਬ ਰਾਖਾ।"

ਤੋਪਚੀ ਦੇ ਬੋਲ ਵਿੱਚ ਭਾਵੇਂ ਪੂਰਾ ਕਰਾਰ ਸੀ, ਪਰ ਜਿਸ ਵੇਲੇ ਤੇ ਜਿਸ ਸਥਿਤੀ ਵਿੱਚ ਉਸ ਨੇ ਇਹ ਵਾਕ ਕਿਹਾ ਉਸ ਨਾਲ ਸਾਰੇ ਗਲੇ ਗੱਚ ਨਾਲ ਭਰ ਆਏ। ਪੰਜਾਬ ਕੌਰ ਨੂੰ ਜਾਪਿਆ ਜਿਵੇਂ ਉਹ ਆਪਣੇ ਅੱਧੇ ਪਰਿਵਾਰ ਨੂੰ ਬਚਾਅ ਕੇ ਲੈ ਚੱਲੀ ਹੋਵੇ ਤੇ ਅੱਧੇ ਨੂੰ ਮੌਤ ਦੇ ਮੂੰਹ ਵਿੱਚ ਹੀ ਛੱਡ ਰਹੀ ਹੋਵੇ।

ਪੰਜਾਬ ਕੌਰ ਨੇ ਉਪਰ ਨੂੰ ਤੱਕਿਆ, ਉਸ ਦੇ ਦੋਵੇਂ ਪਰਿਵਾਰ ਇੱਕ-ਦੂਜੇ ਦੀ ਬਾਂਹ ਬਣੀ ਖਲੋਤੇ ਸਨ। ਇੱਕ ਪਰਿਵਾਰ ਦੀ ਇਹ ਆਪਣੀ ਜਨਮ ਭੋਂ ਸੀ, ਦੂਜਾ ਪਰਿਵਾਰ ਸੈਂਕੜੇ ਮੀਲਾਂ ਦਾ ਪੈਂਡਾ ਕਰ ਕੇ ਇਸ ਦੀ ਰੱਖਿਆ ਲਈ ਆਇਆ ਹੋਇਆ ਸੀ। ਆਪਣੀ ਭੋਂ ਨੂੰ ਇਸ ਪ੍ਰਕਾਰ ਛੱਡ ਕੇ ਤੁਰ ਜਾਣਾ ਕਿੰਨੀ ਬੁਜ਼ਦਿਲੀ ਸੀ- ਖਾਸ ਕਰ ਕੇ ਓਦੋਂ, ਜਦ ਉਸ ਕੋਲ ਗੋਲੀਆਂ ਵਰਗੇ ਤੋਪਚੀ ਪੁੱਤਰ ਸਨ। ਉਸ ਨੇ ਤੱਕਿਆ, ਉਨ੍ਹਾਂ ਦੇ ਚਿਹਰਿਆਂ ਉਤੇ ਭੋਰਾ ਜਿੰਨਾ ਵੀ ਭੈਅ ਨਹੀਂ ਸੀ। "ਖੋਲ੍ਹ ਪੁਤਰ ਬਿਸਤਰੇ" ਉਸ ਨੇ ਆਪਣੀ ਵੱਡੀ ਧੀ ਨੂੰ ਕਿਹਾ, "ਅਸੀਂ ਇਸੇ ਧਰਤੀ ਵਿੱਚ ਪਲੇ ਹਾਂ, ਇੱਥੇ ਹੀ ਮਰਾਂਗੇ।"

# ਨਵਾਂ ਸਾਲ

**ਵਿਅੰਗ**

**ਹਰੀਸ਼ੰਕਰ ਪਰਸਾਈ**
**(ਅਨੁਵਾਦ: ਮਹਿੰਦਰ ਬੇਦੀ ਜੈਤੋ)**

ਸਾਧੋ, ਪਿਛਲਾ ਸਾਲ ਗੁਜ਼ਰ ਗਿਆ ਹੈ ਤੇ ਨਵਾਂ ਸਾਲ ਸ਼ੁਰੂ ਹੋ ਰਿਹਾ ਹੈ। ਨਵੇਂ ਸਾਲ ਦੇ ਸ਼ੁਰੂ ਵਿੱਚ ਸ਼ੁਭਕਾਮਨਾਵਾਂ ਦੇਣ ਦਾ ਰਿਵਾਜ਼ ਹੈ...ਪਰ, ਮੈਂ ਤੁਹਾਨੂੰ ਸ਼ੁਭਕਾਮਨਾਵਾਂ ਦੇਣ ਤੋਂ ਝਿਜਕ ਰਿਹਾ ਹਾਂ। ਗੱਲ ਇਹ ਹੈ ਸਾਧੋ ਕਿ ਕੋਈ ਸ਼ੁਭਕਾਮਨਾ ਹੁਣ ਕਾਰਗਰ ਨਹੀਂ ਹੁੰਦੀ। ਮੰਨ ਲਓ, ਮੈਂ ਆਖਾਂ ਕਿ ਈਸ਼ਵਰ ਨਵਾਂ ਸਾਲ ਤੁਹਾਡੇ ਲਈ ਸੁਖਦਾਈ ਕਰੇ, ਤਾਂ ਤੁਹਾਨੂੰ ਦੁੱਖ ਦੇਣ ਵਾਲੇ ਈਸ਼ਵਰ ਨਾਲ ਹੀ ਭਿੜ ਜਾਣਗੇ। ਇਹ ਕਹਿਣਗੇ, 'ਦੇਖਦੇ ਹਾਂ, ਈਸ਼ਵਰ ਤੈਨੂੰ ਕਿਵੇਂ ਸੁਖ ਦੇਂਦਾ ਹੈ...!' ਸਾਧੋ, ਕੁਛ ਲੋਕ ਈਸ਼ਵਰ ਨਾਲੋਂ ਵੀ ਵੱਡੇ ਹੋ ਗਏ ਨੇ। ਈਸ਼ਵਰ ਤੁਹਾਨੂੰ ਸੁਖ ਦੇਣ ਦੀ ਯੋਜਨਾ ਅਜੇ ਉਲੀਕ ਹੀ ਰਿਹਾ ਹੁੰਦਾ ਹੈ ਕਿ ਇਹ ਲੋਕ ਉਸਨੂੰ ਪਾੜ-ਪੂੜ ਕੇ ਦੁੱਖ ਦੇਣ ਦੀਆਂ ਯੋਜਨਾਵਾਂ ਬਣਾ ਲੈਂਦੇ ਨੇ।

ਸਾਧੋ, ਮੈਂ ਆਖਾਂ ਕਿ ਇਹ ਵਰ੍ਹਾ ਤੁਹਾਡੇ ਲਈ ਸੁਖਦਾਈ ਹੋਵੇ... ਸੁਖ ਦੇਣ ਵਾਲਾ ਨਾ ਵਰ੍ਹਾ ਹੈ, ਨਾ ਮੈਂ ਹਾਂ, ਨਾ ਈਸ਼ਵਰ। ਸੁਖ ਤੇ ਦੁਖ ਦੇਣ ਵਾਲੇ ਹੋਰ ਹੀ ਨੇ। ਮੈਂ ਕਹਾਂ ਕਿ ਤੁਹਾਨੂੰ ਸੁਖ ਮਿਲੇ, ਈਸ਼ਵਰ ਵੀ ਮੇਰੀ ਗੱਲ ਮੰਨ ਕੇ ਚੰਗੀ ਫਸਲ ਕਰ ਦੇਵੇ। ਪਰ ਫਸਲ ਆਉਂਦਿਆਂ ਹੀ ਵਪਾਰੀ ਅਨਾਜ ਨੱਪ ਲੈਣ ਤੇ ਕੀਮਤਾਂ ਵਧਾਅ ਦੇਣ ਤਾਂ ਤੁਹਾਨੂੰ ਸੁਖ ਕਿੰਜ ਮਿਲੇਗਾ? ਇਸ ਲਈ ਤੁਹਾਡੇ ਲਈ ਸੁਖ ਦੀ ਕਾਮਨਾ ਵਿਅਰਥ ਹੈ।

ਸਾਧੋ, ਤੁਹਾਨੂੰ ਚੇਤਾ ਹੋਵੇਗਾ ਕਿ ਨਵੇਂ ਸਾਲ ਦੇ ਸ਼ੁਰੂ ਵਿੱਚ ਮੈਂ ਤੁਹਾਨੂੰ ਸ਼ੁਭਕਾਮਨਾ ਦਿੱਤੀ ਸੀ। ਪਰ ਪੂਰਾ ਸਾਲ ਤੁਹਾਡੇ ਲਈ ਦੁਖਾਂ ਭਰਿਆ ਬੀਤਿਆ, ਹਰ ਮਹੀਨੇ ਕੀਮਤਾਂ ਵਧਦੀਆਂ ਗਈਆਂ। ਤੁਸੀਂ ਰੌਲਾ ਪਾਉਂਦੇ ਸੀ ਤਾਂ ਸਰਕਾਰ ਵਪਾਰੀਆਂ ਨੂੰ ਧਮਕੀ ਦੇ ਦੇਂਦੀ ਸੀ। ਬਹੁਤਾ ਰੌਲਾ ਪਾਇਆ ਤਾਂ ਦੋ ਚਾਰ ਵਪਾਰੀ ਗ੍ਰਿਫ਼ਤਾਰ ਕਰ ਲਏ, ਹੁਣ ਤਾਂ ਤੁਹਾਡਾ ਢਿੱਡ ਭਰ ਗਿਆ ਹੋਵੇਗਾ। ਸਾਧੋ, ਇਹ ਪਤਾ ਨਹੀਂ ਕਿਹੜਾ ਆਰਥਿਕ ਨਿਯਮ ਹੈ ਕਿ ਜਿਵੇਂ ਜਿਵੇਂ ਵਪਾਰੀ ਗ੍ਰਿਫ਼ਤਾਰ ਹੁੰਦੇ ਗਏ, ਤਿਵੇਂ-ਤਿਵੇਂ ਕੀਮਤਾਂ ਵਧਦੀਆਂ ਗਈਆਂ। ਮੈਨੂੰ ਤਾਂ ਇੰਜ ਲੱਗਦਾ ਹੈ, ਮਨਾਫ਼ਖੋਰ ਨੂੰ ਗ੍ਰਿਫ਼ਤਾਰ ਕਰਨਾ ਇੱਕ ਪਾਪ ਹੈ। ਇਸੇ ਪਾਪ ਸਦਕਾ ਕੀਮਤਾਂ ਵਧਦੀਆਂ ਨੇ।

ਸਾਧੋ, ਮੇਰੀ ਕਾਮਨਾ ਅਕਸਰ ਪੁੱਠੀ ਪੈ ਜਾਂਦੀ ਹੈ। ਪਿਛਲੇ ਸਾਲ ਵਿੱਚ ਇੱਕ ਸਰਕਾਰੀ ਕਰਮਚਾਰੀ ਲਈ ਮੈਂ ਸੁਖ ਦੀ ਕਾਮਨਾ ਕੀਤੀ ਸੀ। ਸਿੱਟਾ ਇਹ ਹੋਇਆ ਕਿ ਉਹ ਰਿਸ਼ਵਤ ਖਾਣ ਲੱਗ ਪਿਆ... ਉਸਨੇ ਮੇਰੀ ਇੱਛਾ ਜੋ ਪੂਰੀ ਕਰਨੀ ਸੀ ਤੇ ਰਿਸ਼ਵਤ ਖਾਧੇ ਬਿਨਾਂ ਕੋਈ ਸਰਕਾਰੀ ਕਰਮਚਾਰੀ ਸੁਖੀ ਹੋ ਹੀ ਨਹੀਂ ਸਕਦਾ। ਸਾਧੋ, ਸਾਲ ਭਰ ਤਾਂ ਉਹ ਸੁਖੀ ਰਿਹਾ, ਪਰ ਦਸੰਬਰ ਵਿੱਚ ਗ੍ਰਿਫ਼ਤਾਰ ਹੋ ਗਿਆ। ਇੱਕ ਵਿਦਿਆਰਥੀ ਨੂੰ ਮੈਂ ਕਿਹਾ ਸੀ ਕਿ ਨਵਾਂ ਸਾਲ ਸੁਖਦਾਈ ਹੋਵੇ... ਤਾਂ ਉਸਨੇ ਫਸਟ ਕਲਾਸ ਲੈਣ ਖਾਤਰ ਇਮਤਿਹਾਨਾਂ ਵਿੱਚ ਨਕਲ ਮਾਰ ਲਈ। ਇੱਕ ਨੇਤਾ ਨੂੰ ਮੈਂ ਕਿਹਾ ਦਿੱਤਾ ਸੀ ਕਿ ਇਸ ਵਰ੍ਹੇ ਤੁਹਾਡਾ ਜੀਵਨ ਸੁਖਦਾਈ ਹੋਵੇ... ਤਾਂ ਉਹ ਸੰਸਦ ਦਾ ਪੈਸਾ ਖਾ ਗਿਆ ਸੀ।

ਸਾਧੋ, ਇੱਕ ਈਮਾਨਦਾਰ ਵਪਾਰੀ ਨੂੰ ਮੈਂ ਕਹਿ ਬੈਠਾ ਸਾਂ ਕਿ ਨਵਾਂ ਵਰ੍ਹਾ ਸੁਖਦਾਈ ਹੋਵੇ ਤਾਂ ਉਹ ਉਸੇ ਦਿਨ ਤੋਂ ਮੁਨਾਫ਼ਾਖੋਰੀ ਕਰਨ ਲੱਗ ਪਿਆ ਸੀ। ਇੱਕ ਪੱਤਰਕਾਰ ਲਈ ਮੈਂ ਸ਼ੁਭਕਾਮਨਾਵਾਂ ਭੇਜੀਆਂ ਤਾਂ ਉਹ ਬਲੈਕ-ਮੇਲਿੰਗ ਕਰਨ ਲੱਗ ਪਿਆ। ਇੱਕ ਲੇਖਕ ਨੂੰ ਕਿਹਾ ਕਿ ਨਵਾਂ ਸਾਲ ਤੁਹਾਡੇ ਲਈ ਸੁਖਦਾਈ ਹੋਵੇ ਤਾਂ ਉਹ ਲਿਖਣਾ ਛੱਡ ਕੇ ਰੇਡੀਓ 'ਤੇ ਨੌਕਰ ਹੋ ਗਿਆ। ਇੱਕ ਪਹਿਲਵਾਨ ਨੂੰ ਮੈਂ ਕਹਿ ਦਿੱਤਾ ਕਿ ਬਹਾਦਰ ਤੇਰਾ ਨਵਾਂ ਸਾਲ ਸੁਖਦਾਈ ਹੋਵੇ ਤਾਂ ਉਹ ਜੂਏ ਦਾ ਅੱਡਾ ਲਾ ਕੇ ਬੈਠ ਗਿਆ। ਇੱਕ ਅਧਿਆਪਕ ਨੂੰ ਮੈਂ ਸ਼ੁਭਕਾਮਨਾ ਦਿੱਤੀ ਤਾਂ ਉਹ ਪੈਸੇ ਲੈ ਕੇ ਮੁੰਡਿਆਂ ਨੂੰ ਪਾਸ ਕਰਵਾਉਣ ਲੱਗ ਪਿਆ। ਇੱਕ ਮੁਟਿਆਰ ਲਈ ਸ਼ੁਭਕਾਮਨਾ ਕੀਤੀ ਤਾਂ ਉਹ ਪ੍ਰੇਮੀ ਨਾਲ ਨੱਠ ਗਈ। ਇੱਕ ਐਮ.ਐਲ. ਏ. ਲਈ ਸ਼ੁਭਕਾਮਨਾ ਕੀਤੀ ਤਾਂ ਉਹ ਪੁਲਿਸ ਨਾਲ ਰਲ ਕੇ ਰਿਸ਼ਵਤ ਖਾਣ ਲੱਗ ਪਿਆ।

ਸਾਧੋ, ਤੁਹਾਨੂੰ ਨਵੇਂ ਸਾਲ ਦੀਆਂ ਸ਼ੁਭਕਾਮਨਾਵਾਂ ਦੇਣ ਤੋਂ ਮੈਂ ਇਸ ਲਈ ਡਰ ਰਿਹਾ ਹਾਂ ਕਿ ਇੱਕ ਤਾਂ ਈਮਾਨਦਾਰ ਆਦਮੀ ਨੂੰ ਸੁਖ ਦੇਣਾ ਕਿਸੇ ਦੇ ਵੱਸ ਦੀ ਗੱਲ ਨਹੀਂ: ਈਸ਼ਵਰ ਦੇ ਵੀ ਨਹੀਂ। ਮੇਰੇ ਕਹਿ ਦੇਣ ਨਾਲ ਕੁਛ ਨਹੀਂ ਹੋਵੇਗਾ। ਜੇ ਮੇਰੀ ਸ਼ੁਭਕਾਮਨਾ ਨੇ ਸਹੀ ਹੀ ਹੋਣਾ ਹੈ, ਤਾਂ ਤੁਸੀਂ ਸਾਧੂ ਸੁਭਾਅ ਛੱਡ ਕੇ ਪਤਾ ਨਹੀਂ ਕੀ ਕੀ ਕਰਨ ਲੱਗ ਪਓ! ਤੁਸੀਂ ਗਾਂਜਾ-ਸ਼ਰਾਬ ਜਾਂ ਚੋਰ-ਬਾਜ਼ਾਰੀ ਕਰਨ ਲੱਗੋ। ਤੁਸੀਂ ਕੋਈ ਸੰਸਥਾ ਬਣਾ ਕੇ ਚੰਦਾ ਖਾਣ ਲੱਗੋਂ। ਸਾਧੋ, ਸਿੱਧੇ ਰਸਤੇ ਇਸ ਰਾਜਭਾਗ ਵਿੱਚ ਕੋਈ ਸੁਖ ਨਹੀਂ ਮਿਲਦਾ। ਸਾਧੋ, ਇਸੇ ਡਰ ਦਾ ਮਾਰਿਆ ਮੈਂ ਤੁਹਾਨੂੰ ਨਵੇਂ ਸਾਲ ਲਈ ਕੋਈ ਸ਼ੁਭਕਾਮਨਾ ਨਹੀਂ ਦੇਂਦਾ ਪਿਆ ਕਿ ਕਿੱਧਰੇ ਤੁਸੀਂ ਸੁਖੀ ਹੋਣ ਦੀਆਂ ਕੋਸ਼ਿਸ਼ਾਂ ਹੀ ਨਾ ਕਰਨ ਲੱਗ ਪਵੋਂ...।

## ਰੂਹਦਾਰੀਆਂ

ਗੁਰਭਜਨ ਗਿੱਲ (ਪ੍ਰੋ.)



### ਪੰਜਾਬੀ ਲੋਕ ਸੰਗੀਤ ਦੇ ਪਰਕਾਂਡ ਸਾਧਕ

# ਉਸਤਾਦ ਲਾਲ ਚੰਦ ਯਮਲਾ ਜੱਟ ਚੇਤੇ ਆਏ

*ਪੰਜਾਬ ਦੇ ਗਵਰਨਰ ਸੁਰਿੰਦਰ ਨਾਥ ਨੂੰ ਲਾਲ ਚੰਦ ਯਮਲਾ ਜੱਟ ਜੀ ਦੀ ਬੀਮਾਰ ਪੁਰਸੀ ਲਈ ਡਿਪਟੀ ਕਮਿਸ਼ਨਰ ਸ.ਸ. ਚੰਨੀ, ਡੀ.ਪੀ.ਆਰ.ਓ. ਗੁਰਚਰਨ ਸਿੰਘ ਸੋਢੀ, ਸਤਿਬੀਰ ਸਿੰਘ ਸਿੱਧੂ 'ਪੰਜਾਬੀ ਟ੍ਰਿਬਿਊਨ' ਵਾਲੇ ਸਵੇਰੇ ਸਵੇਰੇ ਲੈ ਕੇ ਗਏ ਸਾਂ। ਗਵਰਨਰ ਨੇ ਉਨ੍ਹਾਂ ਦੀਆਂ ਜ਼ਰੂਰਤਾਂ ਪੁੱਛੀਆਂ ਤਾਂ ਉਨ੍ਹਾਂ ਸਿਰਫ਼ ਲੈਂਡ ਲਾਈਨ ਟੈਲੀਫੋਨ ਲੁਆਉ ਕੇ ਦੇਣ ਲਈ ਹੀ ਕਿਹਾ, ਹੋਰ ਕੁਝ ਨਹੀਂ ਮੰਗਿਆ। ਗਵਰਨਰੀ ਰਾਜ ਸੀ ਉਦੋਂ ਕੁਝ ਵੀ ਮੰਗ ਸਕਦੇ ਸਨ, ਪਰ ਉਸ ਦਰਵੇਸ਼ ਗਵੱਈਏ ਨੇ ਮੰਗਣ ਦੀ ਥਾਂ ਇਹੀ ਕਿਹਾ, "ਮੇਰੇ ਘਰ ਆਏ ਹੋ, ਤੁਸੀਂ ਕੋਈ ਸੇਵਾ ਦੱਸੋ?" ਉਸ ਗੀਤ ਸੁਣਨ ਦੀ ਮੰਗ ਕੀਤੀ। ਯਮਲਾ ਜੱਟ ਨੇ ਤੂੰਬੀ ਸੁਰ ਕੀਤੀ ਤੇ ਕਰਤਾਰ ਦੀ ਢੋਲਕ ਥਾਪ 'ਤੇ ਗੀਤ ਸੁਣਾਇਆ, ਜੋ ਟੀ.ਵੀ. ਲਈ ਜਗਮੋਹਨ ਕੰਬੋਜ ਨੇ ਕੁਝ ਹਿੱਸਾ ਰੀਕਾਰਡ ਕਰਕੇ ਸ਼ਾਮ ਦੀਆਂ ਖ਼ਬਰਾਂ ਵਿੱਚ ਸੁਣਾਇਆ।*



ਉਸਤਾਦ ਯਮਲਾ ਜੱਟ ਜੀ ਨਾਲ 1971-72 ਤੋਂ ਆਖਰੀ ਸਵਾਸਾਂ ਤੋਂ ਇੱਕ ਸ਼ਾਮ ਪਹਿਲਾਂ ਮੋਹਨ ਦੇਵੀ ਕੈਂਸਰ ਹਸਪਤਾਲ ਵਿੱਚ 18 ਜਾਂ 19 ਦਸੰਬਰ 1991 ਨੂੰ ਹੋਈ ਆਖਰੀ ਮੁਲਾਕਾਤ ਤੀਕ ਜਵਾਹਰ ਨਗਰ ਕੈਂਪ ਵਿੱਚ ਯਮਲਾ ਜੱਟ ਦੇ ਡੇਰੇ 'ਤੇ ਅਨੇਕਾਂ ਮੁਲਾਕਾਤਾਂ ਹੋਈਆਂ।

ਆਖਰੀ ਵੇਲੇ ਸ਼ੂਗਰ ਕਾਰਨ ਪੈਰ ਨੂੰ ਗੈਂਗਰੀਨ ਹੋ ਗਈ ਸੀ। ਲੱਤ ਕੱਟਣੀ ਪੈਣੀ ਸੀ। ਅਗਲੇ ਦਿਨ ਸਰਜਰੀ ਹੋਣ ਕਾਰਨ ਸ਼ਾਮੀਂ ਜਗਦੇਵ ਸਿੰਘ ਜੱਸੋਵਾਲ ਨਾਲ ਯਮਲਾ ਜੱਟ ਜੀ ਨਾਲ ਉਨ੍ਹਾਂ ਦੇ ਵੱਡੇ ਪੁੱਤਰ ਕਰਤਾਰ ਚੰਦ ਦੀ ਹਾਜ਼ਰੀ ਵਿੱਚ ਮੁਲਾਕਾਤ ਹੋਈ। ਸਰਜਰੀ ਬਾਰੇ ਉਨ੍ਹਾਂ ਨੂੰ ਬਿਲਕੁਲ ਪਤਾ ਨਹੀਂ ਸੀ। ਦਰਦ ਵਿੱਚ ਕਰਾਹੁੰਦਿਆਂ ਉਨ੍ਹਾਂ ਕਈ ਗੱਲਾਂ ਕੀਤੀਆਂ ਸਾਡੇ ਨਾਲ। ਪ੍ਰੋ. ਮੋਹਨ ਸਿੰਘ ਮੇਲੇ 'ਤੇ ਵੀ ਉਨ੍ਹਾਂ 20 ਅਕਤੂਬਰ ਨੂੰ ਕੁਰਸੀ 'ਤੇ ਬਹਿ ਕੇ ਹੀ ਗਾਇਆ ਸੀ। ਹੰਸ ਰਾਜ ਹੰਸ ਤੇ ਗੁਰਦਾਸ ਮਾਨ ਨਾਲ ਉਨ੍ਹਾਂ ਦੀ ਚਰਨ ਬੰਦਨਾ ਵਾਲੀ ਯਾਦਗਾਰੀ ਤਸਵੀਰ ਉਸੇ ਮੇਲੇ ਦੀ ਹੈ। ਗੀਤਕਾਰ ਬਹੋਨੇ ਵਾਲਾ ਗਿੱਲ, ਸਵਰਨ ਆਪਣਾ ਤੇ ਪਿੱਛੇ ਮੈਂ ਵੀ ਹਾਜ਼ਰ ਹਾਂ ਤਸਵੀਰ ਵਿੱਚ।

ਪੰਜਾਬ ਦੇ ਗਵਰਨਰ ਸੁਰਿੰਦਰ ਨਾਥ ਨੂੰ ਲਾਲ ਚੰਦ ਯਮਲਾ ਜੱਟ ਜੀ ਦੀ ਬੀਮਾਰ ਪੁਰਸੀ ਲਈ ਡਿਪਟੀ ਕਮਿਸ਼ਨਰ ਸ.ਸ. ਚੰਨੀ, ਡੀ.ਪੀ.ਆਰ.ਓ. ਗੁਰਚਰਨ ਸਿੰਘ ਸੋਢੀ, ਸਤਿਬੀਰ ਸਿੰਘ ਸਿੱਧੂ 'ਪੰਜਾਬੀ ਟ੍ਰਿਬਿਊਨ' ਵਾਲੇ ਸਵੇਰੇ ਸਵੇਰੇ ਲੈ ਕੇ ਗਏ ਸਾਂ। ਗਵਰਨਰ ਨੇ ਉਨ੍ਹਾਂ ਦੀਆਂ ਜ਼ਰੂਰਤਾਂ ਪੁੱਛੀਆਂ ਤਾਂ ਉਨ੍ਹਾਂ ਸਿਰਫ਼ ਲੈਂਡ ਲਾਈਨ ਟੈਲੀਫੋਨ ਲੁਆਉ ਕੇ ਦੇਣ ਲਈ ਹੀ ਕਿਹਾ, ਹੋਰ ਕੁਝ ਨਹੀਂ ਮੰਗਿਆ। ਗਵਰਨਰੀ ਰਾਜ ਸੀ ਉਦੋਂ ਕੁਝ ਵੀ ਮੰਗ ਸਕਦੇ ਸਨ, ਪਰ ਉਸ ਦਰਵੇਸ਼ ਗਵੱਈਏ ਨੇ ਮੰਗਣ ਦੀ ਥਾਂ ਇਹੀ ਕਿਹਾ, "ਮੇਰੇ ਘਰ ਆਏ ਹੋ, ਤੁਸੀਂ ਕੋਈ ਸੇਵਾ ਦੱਸੋ?" ਉਸ ਗੀਤ ਸੁਣਨ ਦੀ ਮੰਗ ਕੀਤੀ। ਯਮਲਾ ਜੱਟ ਨੇ ਤੂੰਬੀ ਸੁਰ ਕੀਤੀ ਤੇ ਕਰਤਾਰ ਦੀ ਢੋਲਕ ਥਾਪ 'ਤੇ ਗੀਤ ਸੁਣਾਇਆ, ਜੋ ਟੀ.ਵੀ. ਲਈ ਜਗਮੋਹਨ ਕੰਬੋਜ ਨੇ ਕੁਝ ਹਿੱਸਾ ਰੀਕਾਰਡ ਕਰਕੇ ਸ਼ਾਮ ਦੀਆਂ ਖ਼ਬਰਾਂ ਵਿੱਚ ਸੁਣਾਇਆ।

ਕੁਝ ਦਿਨ ਪਹਿਲਾਂ ਹੀ ਤਾਂ ਆਪਣੇ ਪੋਤਰੇ ਸੁਰੇਸ਼ ਦੀ ਨੌਕਰੀ ਉਹ ਆਪਣੇ ਸ਼ਾਗਿਰਦ ਜਸਬੀਰ ਖੁਸ਼ਦਿਲ ਦੀ ਲਾਲ ਮਾਰੂਤੀ ਵੈਨ ਵਿੱਚ ਬਹਿ ਕੇ ਸਾਡੇ ਦਫ਼ਤਰ ਆਏ। ਮੈਨੂੰ ਵੈਨ 'ਚ ਬੁਲਾਇਆ ਤੇ ਕਹਿਣ ਲੱਗੇ, ਡਾ. ਖੇਮ ਸਿੰਘ ਗਿੱਲ ਜੀ ਨੂੰ ਬੇਨਤੀ ਕਰੋ ਕਿ ਮੇਰੇ ਪੋਤਰੇ ਨੂੰ ਕੱਚਾ-ਪੱਕਾ ਰੱਖ ਲਵੇ। ਉਹ ਪੋਤਰਾ ਅੱਜ ਵੀ ਬੇ-ਰੋਜ਼ਗਾਰ ਹੈ। ਪੁੱਜ ਕੇ ਸੁਰੀਲਾ। ਜਦ ਮਿਲਦੈ, ਮੈਂ ਨੀਵੀਂ ਪਾ ਲੈਂਦਾ ਹਾਂ। ਮੇਰੀ ਹਸਤੀ ਉਸ ਦਾ ਕੁਝ ਵੀ ਸੰਵਾਰਨ ਦੀ ਨਹੀਂ ਸੀ। ਯਮਲਾ ਜੱਟ ਜਿਸ ਦਿਨ ਗਏ, ਓਦਣ ਰੱਜ ਕੇ ਮੀਂਹ ਪਿਆ। ਬੱਸ ਸਟੈਂਡ ਮਗਰਲੇ ਸਿਵਿਆਂ ਤੀਕ ਤੁਰਦਿਆਂ ਭਿੱਜਦਿਆਂ ਗਏ। ਯਾਦ ਗਲੀ ਵਿੱਚ ਅੱਧੀ ਰਾਤੀਂ ਉਸਤਾਦ ਜੀ ਮਿਲ ਗਏ। ਸਵੇਰ ਸਾਰ ਗੁਰਦਾਸਪੁਰੋਂ ਉਨ੍ਹਾਂ ਦੇ ਸ਼ਾਗਿਰਦ ਨਿਰਮਲ ਸਿੰਘ ਨਿੰਮਾ ਨੇ ਉਨ੍ਹਾਂ ਦਾ ਰੀਕਾਰਡਡ ਗੀਤ 'ਮੇਰਾ ਰਸਤਾ ਰੋਕ ਨਾ ਗੋਰੀਏ' ਭੇਜਿਆ ਤਾਂ ਸੋਚਿਆ ਬਾਪੂ ਨੂੰ ਚੇਤੇ ਕਰੀਏ, ਜਿਸ ਦੇ ਗੀਤਾਂ ਨੇ ਮੇਰੀ ਪੀੜ੍ਹੀ ਨੂੰ ਜਵਾਨ ਕੀਤਾ। ਉਨ੍ਹਾਂ ਦੇ ਗੁਰੂ ਨਾਨਕ ਦੇਵ ਜੀ ਬਾਰੇ ਲਿਖੇ ਗੀਤ ਵੀ ਪੇਸ਼ ਹਨ।

ਲਾਲ ਚੰਦ ਯਮਲਾ ਜੱਟ ਦਾ ਜਨਮ ਅੰਦਾਜ਼ਨ 28 ਮਾਰਚ 1910 ਨੂੰ ਹੋਇਆ ਤੇ 20 ਦਸੰਬਰ 1991 ਨੂੰ ਅਲਵਿਦਾ ਕਹਿ ਗਏ।

ਉਹ ਪਿੱਛੋਂ ਭਾਵੇਂ ਪਿੰਡ ਭਾਗੋਵਾਲ (ਸਿਆਲਕੋਟ) ਦੇ ਸਨ, ਪਰ ਮਾਪਿਆਂ ਦੇ ਬਾਰਾਂ ਆਬਾਦ ਹੋਣ ਵੇਲੇ ਓਧਰ ਜਾਣ ਕਰਕੇ ਜਨਮ ਚੱਕ ਨੰਬਰ 384 ਟੋਭਾ ਟੇਕ ਸਿੰਘ, ਜ਼ਿਲ੍ਹਾ ਲਾਇਲਪੁਰ ਵਿੱਚ ਹੋਇਆ।

ਨੌਂ ਸਾਲ ਦੀ ਉਮਰ ਵਿੱਚ ਉਨ੍ਹਾਂ ਨੇ ਪਹਿਲੀ ਵਾਰ ਪੀਰ ਕਟੋਰੇ ਸ਼ਾਹ ਦੀ ਸਮਾਧ ਉੱਤੇ ਲੱਗਣ ਵਾਲੇ ਮੇਲੇ ਵਿੱਚ ਗਾਇਆ। ਵੀਹ ਸਾਲ ਦੀ ਉਮਰੇ 1930 ਵਿੱਚ ਉਨ੍ਹਾਂ ਨੇ ਲਾਇਲਪੁਰ ਰਹਿੰਦੇ ਪੰਡਿਤ ਸਾਹਿਬ ਦਿਆਲ ਜੀ ਸੂਦਕਾਂ ਦੇ ਨੰਗਲ ਵਾਲਿਆਂ ਨੂੰ ਉਸਤਾਦ ਧਾਰਨ ਕੀਤਾ ਤੇ ਉਨ੍ਹਾਂ ਤੋਂ ਢੋਲਕ ਤੇ ਦੋਤਾਰਾ ਸਿੱਖਿਆ। ਸਾਰੰਗਾ ਤੇ ਸਾਰੰਗੀ ਵਜਾਉਣੀ ਉਨ੍ਹਾਂ ਆਪਣੇ ਨਾਨੇ ਗੂੜ੍ਹਾ ਰਾਮ ਪਾਸੋਂ ਸਿੱਖ ਲਈ।

1938 ਵਿੱਚ ਲਾਲ ਚੰਦ ਨੇ ਪੱਕੇ ਰਾਗਾਂ ਦੀ ਸਿੱਖਿਆ ਲੈਣ ਲਈ ਲਾਇਲਪੁਰ ਦੇ ਚੱਕ ਨੰ: 224 ਫੱਤੇ ਦੀਨ ਵਾਲੇ ਪਿੰਡ ਦੇ ਚੌਧਰੀ ਮਜੀਦ ਨੂੰ ਗੁਰੂ ਧਾਰ ਲਿਆ।

1947 ਵਿੱਚ ਦੇਸ਼ ਦੀ ਵੰਡ ਹੋ ਗਈ। ਲਾਲ ਚੰਦ ਯਮਲਾ ਜੱਟ ਆਪਣੇ ਸਮੁੱਚੇ ਪਰਿਵਾਰ ਸਮੇਤ ਏਧਰ ਲੁਧਿਆਣੇ ਆ ਗਿਆ। ਪਹਿਲਾਂ ਬਸਤੀ ਜੋਧੇਵਾਲ ਵਿੱਚ ਕੁਝ ਸਮਾਂ ਵਾਹੀ ਜੋਤੀ ਤੇ ਦਿਹਾੜੀ ਦੱਪਾ ਕੀਤਾ ਅਤੇ ਮਗਰੋਂ ਗੁਜਾਰੇ ਲਈ ਉਨ੍ਹਾਂ ਪੰਜਾਬੀ ਕਵੀ ਗਿਆਨੀ ਰਾਮ ਨਰੈਣ ਸਿੰਘ ਦਰਦੀ ਹੋਰਾਂ ਦੀ ਬਗੀਚੀ ਵਿੱਚ ਮਾਲੀ ਦੀ ਨੌਕਰੀ ਕਰ ਲਈ।

ਜਦੋਂ ਦਰਦੀ ਜੀ ਦੇ ਵੱਡੇ ਪਿੱਤਰ ਗੁਣਵੰਤ ਸਿੰਘ ਦੂਆ ਨੇ ਲਾਲ ਚੰਦ ਹੋਰਾਂ ਨੂੰ ਨਿੱਕੀ ਜੇਹੀ ਤੂੰਬੀ ਵਜਾਉਂਦਿਆਂ ਸੁਣਿਆ ਤਾਂ ਉਨ੍ਹਾਂ ਦੀ ਗਾਇਨ ਕਲਾ ਦਾ ਪਤਾ ਦਰਦੀ ਜੀ ਨੂੰ ਲੱਗਿਆ। ਉਨ੍ਹਾਂ ਲਾਲ ਚੰਦ ਨੂੰ ਸੁਣਿਆ ਤੇ ਸਟੇਜ ਉੱਤੇ ਗਾਉਣ ਲਈ ਉਤਸ਼ਾਹਿਤ ਕਰਨ ਲਈ ਕਵੀ ਦਰਬਾਰਾਂ 'ਤੇ ਲਿਜਾਣ ਲੱਗ ਪਏ। ਕਿਲ੍ਹਾ ਰਾਏਪੁਰ ਖ਼ਾਲਸਾ ਸਕੂਲ ਦੀ ਗਰੁੱਪ ਫੋਟੋ ਲਗਪਗ ਚਾਲੀ ਪੰਜਾਹ ਸਾਲ ਪਹਿਲਾਂ ਮੈਂ ਦਰਦੀ ਜੀ ਦੀ ਪਤਨੀ ਤੇ ਯਮਲਾ ਜੱਟ ਦੀ ਗੁਰਮੁਖੀ ਸਿਖਾਉਣ ਵਾਲੀ ਉਸਤਾਦ ਪ੍ਰੋ. ਤੇਜ ਕੌਰ ਦਰਦੀ ਜੀ ਦੀ ਐਲਬਮ ਵਿੱਚ ਵੇਖੀ ਸੀ। ਉਹ ਮੇਰੇ ਵੀ ਗੌਰਮਿੰਟ ਕਾਲਜ ਲੁਧਿਆਣਾ ਵਿੱਚ ਪ੍ਰੋਫੈਸਰ ਰਹੇ।

ਦਰਦੀ ਜੀ ਨੇ ਹੀ ਉਨ੍ਹਾਂ ਨੂੰ ਸ਼ਾਇਰੀ ਵਿੱਚ ਸੁੰਦਰ ਦਾਸ ਆਸੀ ਦਾ ਸ਼ਾਗਿਰਦ ਪਾਇਆ। ਆਸੀ ਜੀ ਆਪ ਧਨੀ ਰਾਮ ਚਾਤ੍ਰਿਕ ਜੀ ਜੇ ਸ਼ਾਗਿਰਦ ਸਨ। ਚਾਤ੍ਰਿਕ ਜੀ ਭਾਈ ਵੀਰ ਸਿੰਘ ਜੀ ਦੇ ਚੇਲੇ ਤੇ ਵਜ਼ੀਰ ਹਿੰਦ ਪ੍ਰੈੱਸ ਵਿੱਚ ਕਾਮੇ ਸਨ। ਇਹ ਅੰਗਲੀ-ਸੰਗਲ਼ੀ ਮੈਂ ਯਮਲਾ ਜੱਟ ਜੀ ਦੇ ਮੂੰਹੋਂ ਸੁਣੀ ਹੋਈ ਹੈ।

ਜਦ ਉਨ੍ਹਾਂ ਆਕਾਸ਼ਵਾਣੀ ਜਲੰਧਰ ਤੋਂ ਗਾਉਣਾ ਸ਼ੁਰੂ ਕੀਤਾ ਤਾਂ ਉਹ ਸਾਰੇ ਦੇਸ਼ ਵਿੱਚ ਮਸ਼ਹੂਰ ਹੋ ਗਏ। ਉਨ੍ਹਾਂ ਆਪਣੇ ਲਿਖੇ ਹੋਏ ਗੀਤ ਹੀ ਗਾਏ ਜਾਂ ਲੋਕ-ਪ੍ਰਮਾਣਿਤ ਲੋਕ-ਗਾਥਾਵਾਂ ਨੂੰ ਗਾਇਆ। ਉਹ ਅਨਪੜ੍ਹ ਨਹੀਂ ਸਨ, ਅੱਖਰ ਗਿਆਨ ਤਾਂ ਸੀ, ਪਰ ਲਿਖਣ ਵਿੱਚ ਬਹੁਤੀ ਮੁਹਾਰਤ ਨਾ ਹੋਣ ਕਾਰਨ ਗੀਤ ਆਪਣੇ ਸ਼ਾਗਿਰਦਾਂ ਤੋਂ ਲਿਖਵਾ ਲੈਂਦੇ ਸਨ। ਮੂੰਹ ਜ਼ੁਬਾਨੀ ਲਿਖਵਾਉਂਦੇ ਤੇ ਮਗਰੋਂ ਯਾਦ ਕਰ ਲੈਂਦੇ।

ਉਨ੍ਹਾਂ ਦਾ ਪਹਿਲਾ ਸ਼ਾਗਿਰਦ ਅਕਾਲੀ ਨੇਤਾ ਸਵਰਗੀ ਕਿਰਪਾਲ ਸਿੰਘ ਭੋਲਾ ਸੀ। ਮਗਰੋਂ ਨਰਿੰਦਰ ਬੀਬਾ, ਜਗਤ ਸਿੰਘ ਜੱਗਾ, ਅਮਰਜੀਤ ਸਿੰਘ ਗੁਰਦਾਸਪੁਰੀ, ਗਿਆਨ ਸਿੰਘ ਕੰਵਲ, ਮੇਰੇ ਪਿੰਡ ਬਸੰਤਕੋਟ ਵਾਲਾ ਹਰਦੇਵ ਖੁਸ਼ਦਿਲ, ਜਸਬੀਰ ਖੁਸ਼ਦਿਲ, ਅਮਰੀਕ ਸਿੰਘ ਗਾਜੀਨੰਗਲ, ਜਾਗੀਰ ਸਿੰਘ ਤਾਲਿਬ, ਅਮਰੀਕ ਸਿੰਘ ਦੱਤ, ਦਲਬੀਰ ਨਸ਼ਈ, ਜਸਦੇਵ ਤੇ ਜਸਵਿੰਦਰ ਯਮਲਾਜੱਟ, ਦੇਵਿੰਦਰ ਧਾਰੀਆ, ਸਵਰਨ ਸਿੰਘ ਆਪਣਾ ਯਮਲਾ ਜੱਟ, ਕਸ਼ਮੀਰ ਸਿੰਘ ਸ਼ੰਭੂ ਤੇ ਨਿਰਮਲ ਸਿੱਧੂ ਅਤੇ ਅਨੇਕਾਂ ਹੋਰ ਯਮਲਾ ਜੀ ਦੇ ਸ਼ਾਗਿਰਦ ਹੋਏ ਹਨ। ਨਿੰਦਰ ਘੁਗਿਆਣਵੀ ਉਨ੍ਹਾਂ ਦਾ ਆਖਰੀ ਸ਼ਾਗਿਰਦ ਸੀ, ਜੋ 28 ਹਾੜ 1988 ਵਿੱਚ ਨਿੱਕੀ ਉਮਰੇ ਸ. ਜਗਦੇਵ ਸਿੰਘ ਜੱਸੋਵਾਲ, ਅਮਰਜੀਤ ਗੁਰਦਾਸਪੁਰੀ ਤੇ ਮੇਰੀ ਹਾਜ਼ਰੀ ਵਿੱਚ ਸ਼ਾਗਿਰਦ ਪਿਆ। ਉਦੋਂ ਉਹ ਪੱਗ ਬੰਨ੍ਹਦਾ ਸੀ।

ਗੱਲਾਂ ਨਹੀਂ ਮੁੱਕਣੀਆਂ ਕਦੇ, ਹਮੇਸ਼ਾ ਬੰਦਾ ਹੀ ਮੁੱਕਦਾ ਹੈ।

ਚਲੋ ਹੁਣ ਉਨ੍ਹਾਂ ਦੇ ਗੀਤ ਪੜ੍ਹੋ:

### (1)
### ਸਤਿਗੁਰ ਨਾਨਕ ਤੇਰੀ ਲੀਲਾ ਨਿਆਰੀ ਏ

ਸਤਿਗੁਰ ਨਾਨਕ ਤੇਰੀ ਲੀਲਾ ਨਿਆਰੀ ਏ।
ਨੀਝਾਂ ਲਾ ਲਾ ਵੇਂਹਦੀ ਦੁਨੀਆਂ ਸਾਰੀ ਏ।

ਭੁਲ ਭੁਲੇਖੇ ਮੁੜਕੇ ਫੇਰਾ ਪਾ ਜਾਵੀਂ।
ਚਾਰੇ ਕੂਟ ਹਨੇਰਾ ਜੋਤ ਜਗਾ ਜਾਵੀਂ।
ਬਾਣੀ ਦੇ ਥਾਂ ਫ਼ੈਸ਼ਨ ਚੜ੍ਹੀ ਖ਼ੁਮਾਰੀ ਏ
ਸਤਿਗੁਰ ਨਾਨਕ ਤੇਰੀ ਲੀਲਾ ਨਿਆਰੀ ਏ।

ਕੌਡੇ ਨਾਲੋਂ ਵਧ ਕੇ ਹੁਣ ਵੀ ਰਾਖਸ਼ ਨੇ।
ਕੂੜ ਕਮਾਂਦੇ ਫਿਰਦੇ ਝੂਠੇ ਆਸ਼ਕ ਨੇ।
ਛੱਡ ਜਾਣਾ ਨਿਹੁੰ ਲਾ ਕੇ ਕੀ ਦਿਲਦਾਰੀ ਏ?
ਸਤਿਗੁਰ ਨਾਨਕ ਤੇਰੀ ਲੀਲਾ ਨਿਆਰੀ ਏ।

ਤੇਰੇ ਲੇਖੇ ਬੰਦੇ ਆਦਮ ਖਾਣੇ ਨੇ।
ਸੱਜਣ ਨਾਲੋਂ ਵਧ ਕੇ ਠੱਗ ਸਿਆਣੇ ਨੇ।
ਸਧਨੇ ਦੇ ਹੱਥ ਮੁੜਕੇ ਫੜੀ ਕਟਾਰੀ ਏ।
ਸਤਿਗੁਰ ਨਾਨਕ ਤੇਰੀ ਲੀਲਾ ਨਿਆਰੀ ਏ।

ਭਾਗੋ ਵਰਗਿਆਂ ਲੋਕਾਂ ਲੁੱਟ ਮਚਾਈ ਏ।
ਹੱਕ ਬਿਗਾਨਾ ਖਾਣਾ ਕੀ ਵਡਿਆਈ ਏ।
ਅੱਜ ਉਹ ਮੌਜ ਉਡਾਵੇ ਜੋ ਹੰਕਾਰੀ ਏ।
ਸਤਿਗੁਰ ਨਾਨਕ ਤੇਰੀ ਲੀਲਾ ਨਿਆਰੀ ਏ।

ਤੂੰ ਦੁਖੀਆਂ ਲਈ ਖੇਤੀਂ ਹੱਲ ਚਲਾਂਦਾ ਸੈਂ।
ਦਸਾਂ ਨੌਹਾਂ ਦੀ ਕਿਰਤ ਕਮਾਈ ਖਾਂਦਾ ਸੈਂ।
ਤਾਹੀਉਂ ਤੇਰੀ ਸ਼ੋਭਾ ਹਰ ਥਾਂ ਭਾਰੀ ਏ।
ਸਤਿਗੁਰ ਨਾਨਕ ਤੇਰੀ ਲੀਲਾ ਨਿਆਰੀ ਏ।

'ਜੱਟ' ਦੀ ਤਾਰ ਦੀਵਾਨੀ ਪਈ ਕੁਰਲਾਂਦੀ ਏ।
ਆ ਦੁਨੀਆਂ ਦੇ ਵਾਲੀ ਤਰਲੇ ਪਾਂਦੀ ਏ।
ਵਿੱਚ ਵਿਛੋੜੇ ਤੇਰੇ ਇਹ ਦੁਖਿਆਰੀ ਏ।
ਸਤਿਗੁਰ ਨਾਨਕ ਤੇਰੀ ਲੀਲਾ ਨਿਆਰੀ ਏ।

### (2)
### ਸਤਿਗੁਰ ਨਾਨਕ ਆ ਜਾ ਸੰਗਤ ਪਈ ਪੁਕਾਰਦੀ

ਸਤਿਗੁਰ ਨਾਨਕ ਆ ਜਾ ਸੰਗਤ ਪਈ ਪੁਕਾਰਦੀ।
ਤੇਰੇ ਹੱਥ ਵਿੱਚ ਚਾਬੀ ਓ ਦਾਤਾ ਸਾਰੇ ਸੰਸਾਰ ਦੀ।

ਜੇਲ੍ਹਾਂ ਵਿੱਚ ਜਾ ਕੇ ਦੁਖੀਆਂ ਦਾ ਤੂੰ ਦੁੱਖ ਨਿਵਾਰਿਆ।
ਤੂੰ ਕਰਮ ਕਮਾਇਆ ਐਸਾ ਡੁੱਬਿਆਂ ਨੂੰ ਤਾਰਿਆ।
ਤੂੰ ਆਕੜ ਭੰਨੀਂ ਦਾਤਾ ਬਾਬਰ ਸਰਕਾਰ ਦੀ।
ਤੇਰੇ ਹੱਥ ਵਿੱਚ ਚਾਬੀ ਓ ਦਾਤਾ ਸਾਰੇ ਸੰਸਾਰ ਦੀ।

ਪਰਬਤ ਨੂੰ ਪੰਜਾ ਲਾ ਕੇ ਤੂੰ ਡਿਗਦਾ ਅਟਕਾ ਲਿਆ।
ਵਲੀਆਂ ਦੇ ਵਲ਼ ਛਲ ਕੱਢ ਕੇ ਤੂੰ ਰਾਹੇ ਪਾ ਲਿਆ।
ਤੇਰੀ ਬਾਣੀ ਦੇ ਵਿੱਚ ਬਾਬਾ ਹਰ ਬਾਤ ਵਿਚਾਰ ਦੀ।
ਤੇਰੇ ਹੱਥ ਵਿੱਚ ਚਾਬੀ ਓ ਦਾਤਾ ਸਾਰੇ ਸੰਸਾਰ ਦੀ

ਔਹ ਪੰਜਾ ਤੇ ਨਨਕਾਣਾ ਨਜ਼ਰਾਂ ਤੋਂ ਦੂਰ ਨੇ।
ਤੇਰੀ ਦੀਦ ਦੀ ਖ਼ਾਤਿਰ ਬਾਬਾ ਅੱਖੀਆਂ ਮਜ਼ਬੂਰ ਨੇ।
'ਯਮਲੇ ਜੱਟ' ਦੀ ਤੂੰਬੀ ਤੈਨੂੰ ਵਾਜਾਂ ਮਾਰਦੀ।
ਤੇਰੇ ਹੱਥ ਵਿੱਚ ਚਾਬੀ ਓ ਦਾਤਾ ਸਾਰੇ ਸੰਸਾਰ ਦੀ।

### (3)
### ਜੱਗ ਦਿਆ ਚਾਨਣਾ ਤੂੰ ਮੁੱਖ ਨਾ ਲੁਕਾ ਵੇ

ਜੱਗ ਦਿਆ ਚਾਨਣਾ ਤੂੰ ਮੁੱਖ ਨਾ ਲੁਕਾ ਵੇ।
ਨਾਨਕੀ ਨੂੰ ਮਾਣ ਤੇਰਾ ਤ੍ਰਿਪਤਾ ਨੂੰ ਚਾਅ ਵੇ।

ਬੁੱਢੇ ਜੇਹੇ ਬਾਪ ਤੈਨੂੰ ਚਾਅਵਾਂ ਨਾਲ ਪਾਲਿਆ।
ਸੁੰਦਰ ਜੁਆਨੀ ਵਿੱਚ ਬਚਪਨ ਢਾਲਿਆ।
ਪਿਤਾ ਦੇ ਕਲੇਜੇ ਨੂੰ ਵੀ ਠੋਕਰਾਂ ਨਾ ਲਾ ਵੇ।
ਜੱਗ ਦਿਆ ਚਾਨਣਾ ਤੂੰ ਮੁੱਖ ਨਾ ਲੁਕਾ ਵੇ।

ਅੰਮੀਂ ਦੀਆਂ ਸੱਧਰਾਂ ਹੋਈਆਂ ਨਹੀਉਂ ਪੂਰੀਆਂ।
ਭੈਣ ਦੀਆਂ ਆਸਾਂ ਅਜੇ ਪਈਆਂ ਨੀ ਅਧੂਰੀਆਂ।
ਪਾ ਨਾ ਵਿਛੋੜਾ ਮੇਰਾ ਦਿਲ ਨਾ ਦੁਖਾ ਵੇ।
ਜੱਗ ਦਿਆ ਚਾਨਣਾ ਤੂੰ ਮੁੱਖ ਨਾ ਲੁਕਾ ਵੇ।

ਛੋਟੇ ਛੋਟੇ ਬਾਲ ਤੇਰੇ ਹੰਝੂ ਪਏ ਨੀ ਡੋਲ੍ਹਦੇ।
ਪਿਤਾ ਕਿੱਥੇ ਚੱਲਿਆ ਏ ਅੰਮੀਂ ਤਾਈਂ ਬੋਲਦੇ।
ਲਿਖੀ ਏ ਜੋ ਲੇਖਾਂ ਵਿੱਚ ਕਰਦਾ ਖ਼ੁਦਾ ਵੇ।
ਜੱਗ ਦਿਆ ਚਾਨਣਾ ਤੂੰ ਮੁੱਖ ਨਾ ਲੁਕਾ ਵੇ।

ਹੱਸ ਮੁੱਖੋਂ ਬਾਬਾ ਜੀ ਨੇ ਸਭ ਨੂੰ ਉਚਾਰਦੇ।
ਝੂਠੇ ਨੇ ਪਿਆਰ ਏਥੇ ਕੁੱਲ ਸੰਸਾਰ ਦੇ।
ਸੁਣ ਕੇ ਸੁਲੱਖਣੀ ਨੂੰ ਹੋ ਗਿਆ ਸ਼ੁਦਾ ਵੇ।
ਜੱਗ ਦਿਆ ਚਾਨਣਾ ਤੂੰ ਮੁੱਖ ਨਾ ਲੁਕਾ ਵੇ।

### (4)
### ਮੇਰਿਆ ਵੀਰਾ ਸ਼ਾਹੀ ਫ਼ਕੀਰਾ ਨਾਨਕ ਵੀਰਾ ਵੇ

ਭੈਣ ਨਾਨਕੀ ਵੀਰ ਦੀ ਤਾਂਘ ਅੰਦਰ
ਹੋ ਗਈ ਸੁੱਕ ਕੇ ਵਾਂਗਰਾਂ ਲੱਕੜੀ ਏ।
ਮੋਤੀ ਹੰਝੂਆਂ ਦੇ ਅੱਖੋਂ ਕਿਰਨ ਲੱਗ ਪਏ
ਛਲਕੀ ਦਿਲੋਂ ਪਿਆਰ ਦੀ ਸੱਚੜੀ ਏ।
ਬੰਦੇ ਬੰਦੇ ਦੀ ਜੇਹੜੀ ਪੁਆ ਗਿਆ ਸੈਂ
ਵੇ ਗਈ ਖੁਲ੍ਹ ਅੱਜ ਉਹ ਗਲਵੱਕੜੀ ਏ।
ਉਜੜੇ ਖੇਤ ਵਸਾਵਣੇ ਵਾਲਿਆ ਵੇ
ਕਿ ਧਰਤੀ ਫੇਰ ਪੁਕਾਰਦੀ ਰੱਕੜੀ ਏ।

ਅੱਖੀਆਂ ਦੇ ਵਿੱਚ ਨਚਦੇ ਫਿਰਦੇ ਤੇਰੇ ਚੋਜ ਨਿਰਾਲੇ।
ਨੂਰੀ ਮੁੱਖੜਾ ਫੇਰ ਵਿਖਾ ਜਾ ਕਹਿੰਦੇ ਨਾਗ ਨੇ ਕਾਲੇ।
ਦਿਲ ਤੇ ਪਿਆਰ ਦੀਆਂ ਜੋਤਾਂ ਫੇਰ ਜਗਾ।
ਮੇਰਿਆ ਵੀਰਾ, ਸ਼ਾਹੀ ਫ਼ਕੀਰਾ ਨਾਨਕ ਵੀਰਾ ਵੇ,
ਕਦੀ ਤੇ ਫੇਰਾ ਪਾ ਆ ਜਾ ਵੀਰਾ ਵੇ ਕਦੀ ਤੇ ਫੇਰਾ ਪਾ।

ਅੱਜ ਤੇਰੀ ਤਲਵੰਡੀ ਵੀਰਾ ਤੈਨੂੰ ਪਈ ਪੁਕਾਰੇ।
ਮੱਝੀਂ ਵੇਖਣ ਚੁਕ ਚੁਕ ਬੂਥੇ ਸਾਨੂੰ ਕਿਹੜਾ ਚਾਰੇ।
ਦਿਲ ਦਿਆਂ ਜ਼ਖ਼ਮਾਂ 'ਤੇ ਆ ਪਿਆਰ ਦੀਆਂ ਮਰ੍ਹਮਾਂ ਲਾ।
ਮੇਰਿਆ ਵੀਰਾ, ਸ਼ਾਹੀ ਫ਼ਕੀਰਾ ਨਾਨਕ ਵੀਰਾ ਵੇ,
ਕਦੀ ਤੇ ਫੇਰਾ ਪਾ ਆ ਜਾ ਵੀਰਾ ਵੇ ਕਦੀ ਤੇ ਫੇਰਾ ਪਾ।

ਸੱਚੇ ਸੌਦੇ ਕਰਦਾ ਫਿਰਦੈਂ ਰਲ ਕੇ ਨਾਲ ਫ਼ਕੀਰਾਂ।
ਭੁੱਖਿਆਂ ਤਾਈਂ ਫੇਰ ਖਲਾ ਜਾ ਪੂੜੇ ਹਲਵੇ ਖੀਰਾਂ।
ਮੋਦੀ ਖਾਨੇ ਨੂੰ ਆ ਕੇ ਫੇਰ ਲੁਟਾ।
ਮੇਰਿਆ ਵੀਰਾ, ਸ਼ਾਹੀ ਫ਼ਕੀਰਾ ਨਾਨਕ ਵੀਰਾ ਵੇ,
ਕਦੀ ਤੇ ਫੇਰਾ ਪਾ ਆ ਜਾ ਵੀਰਾ ਵੇ ਕਦੀ ਤੇ ਫੇਰਾ ਪਾ।

–0–

# ਸ਼ਬਦਾਂ ਦੀ ਬੂੰਦ ਮੋਤੀ ਬਣ ਜਾਂਦੀ...

ਪ੍ਰਿੰਸੀਪਲ ਵਿਜੈ ਕੁਮਾਰ
ਫੋਨ: +91-9872627136

## ਮਹਾਨ ਤੈਰਾਕ ਮਾਇਕਲ ਫਰੇਡ ਫਲੇਪਸ ਦੇ ਪ੍ਰੇਰਨਾਦਾਇਕ ਸ਼ਬਦ

ਅਮਰੀਕੀ ਤੈਰਾਕ ਮਾਰਕ ਸਪਿਟਜ ਦੇ 1972 ਦੇ ਮਿਊਨਿਖ ਓਲੰਪਿਕ ਦੇ ਤੈਰਾਕੀ ਮੁਕਾਬਲੇ ਵਿੱਚ ਇੱਕ ਦਿਨ ਵਿੱਚ 7 ਸੋਨੇ ਦੇ ਤਮਗੇ ਜਿੱਤਣ ਦੇ ਬਣਾਏ 32 ਸਾਲ ਦੇ ਪੁਰਾਣੇ ਰਿਕਾਰਡ ਨੂੰ ਤੋੜਨ ਵਾਲੇ ਮਾਇਕਲ ਫਲੇਪਸ ਦੀ ਕਹਾਣੀ ਬਹੁਤ ਹੀ ਦਿਲਚਸਪ ਹੈ। ਉਸਨੇ ਬੀਜਿੰਗ ਓਲੰਪਿਕ ਵਿੱਚ 2008 ਦੇ ਤੈਰਾਕੀ ਮੁਕਾਬਲੇ ਵਿੱਚ ਇੱਕ ਦਿਨ ਵਿੱਚ 8 ਸੋਨੇ ਦੇ ਤਮਗੇ ਜਿੱਤ ਕੇ ਮਾਰਕ ਸਪਿਟਜ ਦਾ ਰਿਕਾਰਡ ਤੋੜਿਆ ਸੀ। 30 ਜੂਨ 1985 ਨੂੰ ਵਾਲਟੀ ਮਾਰ ਮੈਰੀਲੈਂਡ 'ਚ ਪੈਦਾ ਹੋਏ ਮਾਇਕਲ ਫਰੇਡ ਫਲੇਪਸ ਆਪਣੇ ਮਾਪਿਆਂ ਦੀ ਤੀਸਰੀ ਅਤੇ ਸਭ ਤੋਂ ਛੋਟੀ ਸੰਤਾਨ ਹੈ। ਉਸਦਾ ਪਾਲਣ-ਪੋਸ਼ਣ ਟਾਕਸਨ ਦੇ ਰਾਜਰਸ ਵਿੱਚ ਹੋਇਆ। ਉਸਨੇ ਆਪਣੀ ਅੱਠਵੀਂ ਜਮਾਤ ਤੱਕ ਦੀ ਪੜ੍ਹਾਈ ਰਾਜਰਸ ਫੋਰਜ ਐਲੀਮੈਂਟਰੀ ਸਕੂਲ ਡਬਰਟਨ, ਹਾਈ ਸਕੂਲ ਤੱਕ ਦੀ ਪੜ੍ਹਾਈ ਟਾਕਸਨ ਹਾਈ ਸਕੂਲ ਅਤੇ ਗ੍ਰੈਜੂਏਸ਼ਨ ਵੀ ਟਾਕਸਨ ਹਾਈ ਸਕੂਲ ਤੋਂ ਹੀ ਕੀਤੀ। ਉਸਨੇ ਸੱਤ ਸਾਲ ਦੀ ਉਮਰ 'ਚ ਤੈਰਾਕੀ ਸਿੱਖਣੀ ਸ਼ੁਰੂ ਕਰ ਦਿੱਤੀ ਸੀ। ਉਸਨੇ ਤੈਰਾਕੀ 'ਚ 32 ਸੋਨੇ ਦੇ ਤਮਗੇ ਜਿੱਤੇ ਹਨ। ਦੁਨੀਆ ਦੇ ਕੇਵਲ ਤਿੰਨ ਹੀ ਤੈਰਾਕ ਹਨ, ਜਿਨ੍ਹਾਂ ਨੇ ਤੈਰਾਕੀ 'ਚ ਇੱਕ ਦਿਨ ਵਿੱਚ 6 ਤੋਂ 8 ਸੋਨੇ ਦੇ ਤਮਗੇ ਜਿੱਤੇ ਹਨ। ਦੁਨੀਆ ਦਾ ਸਭ ਤੋਂ ਬਿਹਤਰ ਤੈਰਾਕ ਹੋਣ ਕਾਰਨ ਮਾਇਕਲ ਫਰੇਡ ਫਲੇਪਸ ਨੂੰ 'ਦੀ ਵਾਲਟੀਮਾਰ ਬੁਲੇਟ' ਅਤੇ 'ਫਲਾਇੰਗ ਫਿਸ਼' ਵੀ ਕਿਹਾ ਜਾਂਦਾ ਹੈ।

ਉਸਨੇ ਅਮਰੀਕੀ ਤੈਰਾਕ ਮਾਰਕ ਸਪਿਟਜ ਦਾ ਮਿਊਨਿਖ ਓਲੰਪਿਕ ਵਿੱਚ ਤੈਰਾਕੀ ਮੁਕਾਬਲੇ ਵਿੱਚ ਸੋਨੇ ਦੇ 7 ਤਮਗੇ ਜਿੱਤਣ ਦਾ 32 ਸਾਲ ਪੁਰਾਣਾ ਰਿਕਾਰਡ ਤੋੜਨ ਦਾ ਸੁਪਨਾ 2004 'ਚ ਲਿਆ ਸੀ। ਉਸਨੇ ਪੂਰੇ ਚਾਰ ਸਾਲ ਬਾਅਦ 2008 ਦੇ ਬੀਜਿੰਗ ਓਲੰਪਿਕ 'ਚ ਸੋਨੇ ਦੇ ਅੱਠ ਤਮਗੇ ਜਿੱਤ ਕੇ ਆਪਣਾ ਸੁਪਨਾ ਸਾਕਾਰ ਕੀਤਾ ਸੀ। ਬੀਜਿੰਗ ਓਲੰਪਿਕ ਵਿੱਚ ਸੋਨੇ ਦੇ ਅੱਠ ਤਮਗੇ ਜਿੱਤ ਕੇ ਦੁਨੀਆ ਦਾ ਸਭ ਤੋਂ ਅੱਵਲ ਤੈਰਾਕ ਬਣਨ ਤੋਂ ਬਾਅਦ ਉਸਨੇ ਪੱਤਰਕਾਰਾਂ ਨੂੰ ਆਪਣੀ ਸਫਲਤਾ ਬਾਰੇ ਜੋ ਸ਼ਬਦ ਕਹੇ, ਉਹ ਬਹੁਤ ਹੀ ਦਿਲਚਸਪ ਅਤੇ ਪ੍ਰੇਰਨਾ ਭਰਪੂਰ ਸਨ। ਉਸਦੇ ਉਹ ਪ੍ਰੇਰਨਾ ਭਰਪੂਰ ਸ਼ਬਦ ਦੁਨੀਆ ਦੇ ਉਸ ਹਰ ਵਿਅਕਤੀ ਨੂੰ ਪੜ੍ਹਨੇ ਅਤੇ ਸੁਣਨੇ ਚਾਹੀਦੇ ਹਨ, ਜੋ ਕਿਸੇ ਨਾ ਕਿਸੇ ਖੇਤਰ ਵਿੱਚ ਸਫ਼ਲਤਾ ਪ੍ਰਾਪਤ ਕਰਨ ਦੀ ਇੱਛਾ ਰੱਖਦਾ ਹੈ। ਆਪਣੇ ਗਲੇ ਵਿੱਚ ਪਏ ਸੋਨੇ ਦੇ ਅੱਠ ਤਮਗਿਆਂ ਨਾਲ ਜਦੋਂ ਉਹ ਪੱਤਰਕਾਰਾਂ ਨੂੰ ਸੰਬੋਧਨ ਕਰ ਰਿਹਾ ਸੀ ਤਾਂ ਇੱਕ ਔਰਤ ਪੱਤਰਕਾਰ ਨੇ ਉਸਨੂੰ ਕਿਹਾ, "ਅੱਜ ਦਾ ਦਿਨ ਤੁਹਾਡੇ ਲਈ ਬਹੁਤ ਚੰਗਾ ਹੈ,ਤੁਸੀਂ ਇੱਕ ਦਿਨ ਵਿੱਚ ਤੈਰਾਕੀ ਵਿੱਚ ਸੋਨੇ ਦੇ ਅੱਠ ਤਮਗੇ ਜਿੱਤਣ ਦਾ ਰਿਕਾਰਡ ਬਣਾਇਆ ਹੈ, ਤੁਸੀਂ ਆਪਣੀ ਇਸ ਮਹਾਨ ਪ੍ਰਾਪਤੀ ਬਾਰੇ ਕੀ ਕਹਿਣਾ ਚਾਹੁੰਦੇ ਹੋ?" ਮਾਰਕ ਫਰੇਡ ਫਲੇਪਸ ਨੇ ਅੱਗੋਂ ਕਿਹਾ, "ਮੇਰੇ ਲਈ ਹਰ ਇੱਕ ਦਿਨ ਚੰਗਾ ਹੈ। ਤੁਹਾਨੂੰ, ਮੈਨੂੰ ਇਸ ਪ੍ਰਾਪਤੀ ਲਈ ਕੀਤੇ ਗਏ ਸੰਘਰਸ਼ ਬਾਰੇ ਦੱਸਣ ਨੂੰ ਕਹਿਣਾ ਚਾਹੀਦਾ ਸੀ। ਕਿਸੇ ਵੀ ਪ੍ਰਾਪਤੀ ਲਈ ਲਏ ਗਏ ਸੁਪਨੇ ਕਦੇ ਨਹੀਂ ਜਿੱਤਦੇ, ਸਗੋਂ ਪ੍ਰਾਪਤੀ ਲਈ ਕੀਤਾ ਗਿਆ ਸੰਘਰਸ਼ ਅਤੇ ਉਠਾਏ ਗਏ ਦੁੱਖ ਜਿੱਤਦੇ ਹਨ।

ਮੈਂ ਮਾਰਕ ਸਪਿਟਸ ਦਾ ਰਿਕਾਰਡ ਤੋੜਨ ਲਈ 2004 ਵਿੱਚ ਸੁਪਨਾ ਵੇਖਿਆ ਸੀ। ਉਸਦਾ ਰਿਕਾਰਡ ਤੋੜਨ ਲਈ ਮੈਨੂੰ ਪੂਰੇ ਚਾਰ ਸਾਲ ਮਿਹਨਤ ਕਰਨੀ ਪਈ। ਉਸਦੇ ਤਮਗਿਆਂ ਦਾ ਰਿਕਾਰਡ ਤੋੜਨ ਤੋਂ ਪਹਿਲਾਂ ਮੈਂ ਉਸਦੇ ਮਿਹਨਤ ਕਰਨ ਦਾ ਰਿਕਾਰਡ ਤੋੜਿਆ। ਉਹ ਹਰ ਰੋਜ 8 ਘੰਟੇ ਪਾਣੀ 'ਚ ਤੈਰਨ ਦਾ ਅਭਿਆਸ ਕਰਦਾ ਸੀ। ਮੈਂ ਹਰ ਰੋਜ ਪਾਣੀ 'ਚ 12 ਘੰਟੇ ਤੈਰਨਾ ਸ਼ੁਰੂ ਕੀਤਾ। ਮੈਂ ਹਰ ਰੋਜ, ਹਫਤੇ ਦੇ ਸੱਤ ਦਿਨ ਅਤੇ ਸਾਲ ਦੇ 365 ਦਿਨ 15 ਕਿਲੋਮੀਟਰ ਤੈਰਨ ਦਾ ਅਭਿਆਸ ਕਰਦਾ ਸੀ। ਚਾਰ ਸਾਲ 'ਚ ਮੈਂ ਲੱਗਭਗ 20,000 ਕਿਲੋਮੀਟਰ ਤੈਰਾਕੀ ਦਾ ਸਫ਼ਰ ਤੈਅ ਕੀਤਾ ਹੈ। ਉਸ ਸੰਘਰਸ਼ ਅਤੇ ਉਠਾਏ ਦੁੱਖਾਂ ਦਾ ਨਤੀਜਾ ਇਹ ਜਿੱਤੇ ਹੋਏ ਮੈਡਲ ਤੁਹਾਡੇ ਸਾਹਮਣੇ ਹਨ। ਮਾਇਕਲ ਫਰੇਡ ਫ਼ਲੇਪਸ ਵੱਲੋਂ ਕੀਤੀ ਗਈ ਮਿਹਨਤ ਤੋਂ ਹਰ ਵਿਅਕਤੀ ਨੂੰ ਸਬਕ ਸਿੱਖਣ ਚਾਹੀਦਾ ਹੈ।

## ਮਨੁੱਖ ਦੀ ਸੋਚ ਨਾਲ ਜੁੜੇ ਨੇ ਉਸ ਦੀ ਬੋਲਬਾਣੀ ਤੇ ਉਸਦੇ ਕਰਮ

ਸੰਤ ਮਸਕੀਨ ਜੀ ਕਹਿੰਦੇ ਹਨ ਕਿ ਦੁਨੀਆ ਭਰ 'ਚ ਅਜਿਹਾ ਕੋਈ ਵੀ ਸਕੂਲ ਨਹੀਂ ਬਣਿਆ, ਜੋ ਮਨੁੱਖ ਨੂੰ ਮਹਾਨ ਬਣਾ ਸਕੇ। ਉਸ ਨੂੰ ਮਹਾਨ ਬਣਾਉਣ ਵਾਲੇ ਉਸ ਦੀ ਸੋਚ, ਬੋਲਬਾਣੀ ਅਤੇ ਉਸਦੇ ਕਰਮ ਹੁੰਦੇ ਹਨ। ਮਨੁੱਖ ਦੀ ਸੋਚ ਨਾਲ ਉਸਦੇ ਵਿਚਾਰ ਜੁੜੇ ਹੋਏ ਹੁੰਦੇ ਹਨ। ਨਕਾਰਾਤਮਕ ਸੋਚ ਮਨੁੱਖ ਨੂੰ ਤੰਗ ਦਿਲ, ਸਵਾਰਥੀ, ਲਾਲਚੀ, ਖੁਦਗਰਜ਼, ਕਰਨੀ ਤੇ ਕਥਨੀ ਵਿੱਚ ਫਰਕ ਰੱਖਣ ਵਾਲੇ ਰਾਹ ਵੱਲ ਤੋਰ ਦਿੰਦੀ ਹੈ, ਪਰ ਸਕਾਰਾਤਮਕ ਸੋਚ ਵਾਲਾ ਮਨੁੱਖ ਆਪਣੇ ਆਪ ਨੂੰ ਨਿੰਦਾ ਚੁਗਲੀ ਅਤੇ ਆਲੋਚਨਾ ਤੋਂ ਦੂਰ ਰੱਖਦਾ ਹੈ। ਉਹ ਫਰਾਖਦਿਲ ਹੁੰਦਾ ਹੈ, ਉਸਦੀ ਸੋਚ ਉਸਾਰੂ ਹੁੰਦੀ ਹੈ। ਉਹ ਜ਼ਿੰਦਗੀ ਦੇ ਮਾੜੇ ਹਾਲਾਤਾਂ 'ਚ ਵੀ ਹੌਸਲੇ ਅਤੇ ਧੀਰਜ ਦਾ ਪੱਲਾ ਨਹੀਂ ਛੱਡਦਾ। ਉਹ ਸਭ ਦਾ ਹੁੰਦਾ ਹੈ, ਸਾਰੇ ਉਸਦੇ ਹੁੰਦੇ ਹਨ। ਉਸਾਰੂ ਸੋਚ ਵਾਲੇ ਲੋਕ ਭਵਿੱਖ ਦੇ ਬਾਰੇ ਵਿੱਚ ਸੁਪਨੇ ਵੇਖ ਕੇ ਆਪਣੇ ਆਪ ਨੂੰ ਉਲਝਾਉਣ, ਭੂਤਕਾਲ ਦੇ ਮਾੜੇ ਸਮੇਂ ਨੂੰ ਯਾਦ ਕਰਕੇ ਪਛਤਾਉਣ ਨਾਲੋਂ ਆਪਣੇ ਦਿਮਾਗ ਨੂੰ ਵਰਤਮਾਨ 'ਚ ਕੇਂਦ੍ਰਿਤ ਕਰਕੇ ਜ਼ਿੰਦਗੀ ਦਾ ਮਜ਼ਾ ਲੈਂਦੇ ਹਨ।






ਮਹਾਤਮਾ ਬੁੱਧ ਕਹਿੰਦੇ ਹਨ ਕਿ ਸਕਾਰਾਤਮਕ ਅਤੇ ਨਕਾਰਾਤਮਕ ਵਿਚਾਰਾਂ ਵਾਲੇ ਲੋਕਾਂ 'ਚ ਫਰਕ ਇਹ ਹੁੰਦਾ ਹੈ ਕਿ ਸਕਾਰਾਤਮਕ ਵਿਚਾਰਧਾਰਾ ਵਾਲੇ ਲੋਕ ਆਪਣੇ ਮਨ ਉੱਤੇ ਕਾਬੂ ਪਾ ਲੈਂਦੇ ਹਨ, ਇਸ ਲਈ ਉਹ ਸੁੱਖ ਵੇਲੇ ਹੰਕਾਰ 'ਚ ਨਹੀਂ ਆਉਂਦੇ ਅਤੇ ਦੁੱਖ 'ਚ ਨਿਰਾਸ਼ ਨਹੀਂ ਹੁੰਦੇ। ਮਨੁੱਖ ਨੂੰ ਮਾੜੀ ਸੋਚ ਤੋਂ ਮੁਕਤ ਹੋਣ ਦਾ ਹੌਸਲਾ ਕਰਨਾ ਚਾਹੀਦਾ ਹੈ। ਜਿੱਥੋਂ ਤੱਕ ਹੋ ਸਕੇ, ਆਪਣੀ ਸੋਚ ਨੂੰ ਉਸਾਰੂ ਬਣਾਉਣਾ ਚਾਹੀਦਾ ਹੈ ਅਤੇ ਉਸ ਨੂੰ ਆਪਣੀ ਜ਼ਿੰਦਗੀ ਵਿੱਚ ਵੀ ਉਤਾਰਨਾ ਚਾਹੀਦਾ ਹੈ। ਮਨੁੱਖ ਦੀ ਸੋਚ ਹੀ ਇਹ ਗੱਲ ਨਿਸ਼ਚਿਤ ਕਰਦੀ ਹੈ ਕਿ ਉਸਨੇ ਆਪਣੀਆਂ ਗਲਤੀਆਂ ਨੂੰ ਪੌੜੀਆਂ ਬਣਾ ਕੇ ਉਨ੍ਹਾਂ ਤੋਂ ਸਿੱਖਣਾ ਹੈ ਜਾਂ ਫੇਰ ਨਕਾਰਾਤਮਕ ਸੋਚ ਨਾਲ ਗਲਤੀਆਂ ਦੇ ਸਮੁੰਦਰ ਵਿੱਚ ਡੁੱਬ ਕੇ ਆਪਣਾ ਅੱਗੇ ਵੱਧਣ ਦਾ ਰਾਹ ਬੰਦ ਕਰਨਾ ਹੈ।

ਮਰਹੂਮ ਰਾਸ਼ਟਰਪਤੀ ਡਾ. ਏ.ਪੀ.ਜੇ. ਅਬਦੁੱਲ ਕਲਾਮ ਦੀ ਜ਼ਿੰਦਗੀ ਦੇ ਅਨੁਭਵ ਅਤੇ ਸੋਚ ਵਿੱਚੋਂ ਨਿਕਲੇ ਕੁਝ ਇਹ ਵਿਚਾਰ ਜਲਦੀ ਉੱਠੋ, ਆਰਾਮ ਨਾਲ ਬੋਲੋ, ਤਮੀਜ ਨਾਲ ਖਾਓ, ਚੰਗੇ ਕੰਮ ਕਰੋ, ਸ਼ਾਂਤੀ ਨਾਲ ਕਮਾਓ, ਇਮਾਨਦਾਰੀ ਨਾਲ ਬਚਾਓ, ਸੋਚ ਕੇ ਖਰਚ ਕਰੋ, ਸਾਦਗੀ ਦੀ ਜ਼ਿੰਦਗੀ ਜੀਓ ਅਤੇ ਤਣਾਅ ਤੋਂ ਦੂਰ ਰਹੋ- ਉਨ੍ਹਾਂ ਦੀ ਪ੍ਰਗਤੀਵਾਦੀ ਸੋਚ ਨੂੰ ਪ੍ਰਗਟਾਉਂਦੇ ਹਨ। ਹਰ ਇਨਸਾਨ ਨੂੰ ਉਨ੍ਹਾਂ ਦੀ ਇਸ ਸੋਚ ਉੱਤੇ ਅਮਲ ਕਰਨਾ ਚਾਹੀਦਾ ਹੈ। ਮਨੁੱਖ ਦੇ ਦੂਜਿਆਂ ਨਾਲ ਚੰਗੇ ਮਾੜੇ ਸੰਬੰਧ, ਉਸਦੀ ਦੋਸਤੀ/ਦੁਸ਼ਮਣੀ, ਰਿਸ਼ਤੇ ਨਿਭਾਉਣ, ਤੋੜਨ, ਈਰਖਾ ਕਰਨ, ਸਬਰ ਸੰਤੋਖ ਰੱਖਣ- ਇਹ ਸਭ ਕੁਝ ਮਨੁੱਖ ਦੀ ਚੰਗੀ-ਮਾੜੀ ਸੋਚ ਉੱਤੇ ਹੀ ਨਿਰਭਰ ਕਰਦਾ ਹੈ। ਸੋਚ ਕੇ ਬੋਲਣਾ ਅਤੇ ਚੰਗੇ ਕਰਮ ਹੀ ਸਾਡਾ ਭਵਿੱਖ ਤੇ ਕਿਸਮਤ ਲਿਖਦੇ ਹਨ।

ਨਿਮਰਤਾ, ਸਤਿਕਾਰ ਅਤੇ ਇਨਸਾਨੀਅਤ ਦੇ ਗੁਣ ਮਨੁੱਖ ਵਿੱਚ ਉਸਦੀ ਚੰਗੀ ਸੋਚ ਹੀ ਪੈਦਾ ਕਰ ਸਕਦੀ ਹੈ। ਮਾੜੀ ਸੋਚ ਮਨੁੱਖ ਦੇ ਦਿਮਾਗ ਨੂੰ ਉਸਦੇ ਕਾਬੂ ਵਿੱਚ ਨਹੀਂ ਰਹਿਣ ਦਿੰਦੀ, ਜਿਸ ਨਾਲ ਉਹ ਕ੍ਰੋਧ, ਗਲਤ ਫਹਿਮੀ ਅਤੇ ਚੰਗੇ ਮਾੜੇ ਵਿੱਚ ਫਰਕ ਕਰਨ ਦੀ ਸੂਝ-ਬੂਝ ਖੋ ਬੈਠਦਾ ਹੈ ਅਤੇ ਮਾੜੇ ਪਾਸੇ ਨੂੰ ਤੁਰ ਪੈਂਦਾ ਹੈ। ਦ੍ਰਯੋਧਨ ਆਪਣੀ ਮਾੜੀ ਸੋਚ, ਬੋਲਬਾਣੀ ਤੇ ਮਾੜੇ ਕਰਮਾਂ ਨਾਲ ਸਮਾਜ ਵਿੱਚ ਦੁਤਕਾਰਿਆ ਗਿਆ ਅਤੇ ਯੁਧਿਸ਼ਟਰ ਦੀ ਚੰਗੀ ਸੋਚ, ਬੋਲਬਾਣੀ ਅਤੇ ਚੰਗੇ ਕਰਮਾਂ ਨੇ ਉਸਨੂੰ ਸਨਮਾਨ ਦਾ ਪਾਤਰ ਬਣਾਇਆ। ਨਿਊਟਨ ਦੇ ਗਰੂਤਾ ਆਕਰਸ਼ਣ ਦੇ ਨਿਯਮ ਪਿੱਛੇ ਉਸਦੀ ਸੋਚ ਇਹ ਸੀ ਕਿ ਬਿਨਾ ਯਤਨ ਤੋਂ ਤੁਸੀਂ ਹੇਠਾਂ ਡਿੱਗ ਸਕਦੇ ਹੋ, ਉੱਚੇ ਨਹੀਂ ਉੱਠ ਸਕਦੇ। ਚੰਗੀ ਸੋਚ, ਬੋਲਬਾਣੀ ਅਤੇ ਚੰਗੇ ਕਰਮ ਉਸਦੀ ਸਮਾਜ ਵਿੱਚ ਵੱਖਰੀ ਪਹਿਚਾਣ ਬਣਾਉਂਦੇ ਹਨ। ਸਮੁੰਦਰ ਦੇ ਖਾਰੇ ਪਾਣੀ ਵਿੱਚ ਮਿੱਠੇ ਪਾਣੀ ਵਾਲੀਆਂ ਨਦੀਆਂ ਵੀ ਆਪਣੀ ਹੋਂਦ ਗੁਆ ਬੈਠਦੀਆਂ ਹਨ। ਦੀਵਾਰਾਂ ਅਤੇ ਪੁਲ ਇੱਕੋ ਜਿਹੇ ਮਟੀਅਰਲ ਨਾਲ ਬਣੇ ਹੁੰਦੇ ਹਨ, ਪਰ ਪੁਲ ਜੋੜਦੇ ਹਨ ਅਤੇ ਦੀਵਾਰਾਂ ਵੰਡਦੀਆਂ ਹਨ। ਬੁੱਧੀ ਸਭ ਕੋਲ ਹੁੰਦੀ ਹੈ, ਪਰ ਮਾੜੀ-ਚੰਗੀ ਬੋਲਬਾਣੀ, ਚੰਗੇ-ਮਾੜੇ ਕਰਮ, ਇਮਾਨਦਾਰੀ ਅਤੇ ਬੇਈਮਾਨੀ ਮਨੁੱਖ ਕੋਲੋਂ ਉਸ ਦੀ ਸੋਚ ਹੀ ਕਰਵਾਉਂਦੀ ਹੈ। ਸਕਾਰਾਤਮਕ ਅਤੇ ਨਕਾਰਾਤਮਕ ਵਿਚਾਰਾਂ ਦਾ ਫ਼ਰਕ ਇਸ ਤੱਥ ਨੂੰ ਪ੍ਰਮਾਣਿਤ ਕਰਦਾ ਹੈ ਕਿ ਜਿੱਦ, ਗੁੱਸਾ, ਗਲਤੀ, ਲਾਲਚ ਅਤੇ ਅਪਮਾਨ ਖਰਾਦ ਵਾਂਗ ਹੁੰਦੇ ਹਨ; ਜੇਕਰ ਦੂਜਾ ਕਰੇ ਤਾਂ ਚੁਭਦੇ ਹਨ, ਪਰ ਜੇਕਰ ਖੁਦ ਕਰੋ ਅਹਿਸਾਸ ਨਹੀਂ ਹੁੰਦਾ।


ਅਮਰੀਕਾ ਦੇ ਮਰਹੂਮ ਰਾਸ਼ਟਰਪਤੀ ਇਬਰਾਹੀਮ ਲਿੰਕਨ ਕਹਿੰਦੇ ਸਨ ਕਿ ਆਪਣੀ ਜ਼ਿੰਦਗੀ 'ਚ ਇਹ ਸੋਚ ਬਣਾ ਕੇ ਰੱਖੋ ਕਿ ਉੱਡਣ ਲਈ ਇਜਾਜ਼ਤ ਦੀ ਲੋੜ ਨਹੀਂ, ਕਿਉਂਕਿ ਖੰਭ ਮੇਰੇ ਹਨ ਅਤੇ ਅਸਮਾਨ ਕਿਸੇ ਦਾ ਨਹੀਂ। ਫੁੱਲਾਂ ਨੂੰ ਜਦੋਂ ਮਸਲਿਆਂ ਜਾਂਦਾ ਹੈ ਤਾਂ ਉਹ ਪਹਿਲਾਂ ਨਾਲੋਂ ਵੀ ਕਮਾਲ ਦੀ ਸੁਗੰਧ ਛੱਡਦੇ ਹਨ। ਸਫਲ ਇਨਸਾਨ ਦੀ ਨੀਂਹ ਉਸਦੀ ਅਗਾਂਹਵਧੂ ਸੋਚ ਹੀ ਹੁੰਦੀ ਹੈ। ਲੋਕ ਸ਼ੂਗਰ ਅਤੇ ਬਲੱਡ ਪ੍ਰੈਸ਼ਰ ਰੋਗਾਂ ਤੋਂ ਡਰਦੇ ਨਮਕ ਅਤੇ ਮਿੱਠਾ ਛੱਡ ਦਿੰਦੇ ਹਨ, ਪਰ ਚੰਗੀ ਸੋਚ ਲਈ ਮਾੜੀਆਂ ਆਦਤਾਂ ਨਹੀਂ ਛੱਡਦੇ। ਜ਼ਿੰਦਗੀ ਦੇ ਸਭ ਹਾਲਾਤ ਵਿੱਚ ਆਪਣੀ ਸੋਚ ਨੂੰ ਸੰਤੁਲਿਤ ਰੱਖੋ, ਕਿਉਂਕਿ ਇਸ ਨਾਲ ਤੁਹਾਡੀ ਸ਼ਖਸੀਅਤ ਦਾ ਪ੍ਰਗਟਾਵਾ ਹੁੰਦਾ ਹੈ। ਸਫਲ ਹੋਣ ਦੀ ਸੋਚ ਰੱਖਣ ਵਾਲੇ ਲੋਕ ਨਤੀਜਿਆਂ ਦੀ ਯੋਜਨਾ ਨਹੀਂ ਬਣਾਉਂਦੇ, ਸਗੋਂ ਉਹ ਠੀਕ ਸ਼ੁਰੂਆਤ ਦੀ ਯੋਜਨਾ ਬਣਾਉਂਦੇ ਹਨ। ਠੀਕ ਸ਼ੁਰੂਆਤ ਦੇ ਹੀ ਠੀਕ ਨਤੀਜੇ ਹੁੰਦੇ ਹਨ।

## ਕੁਝ ਗੱਲਾਂ ਅਣਗੌਲਣੀਆਂ ਅਤੇ ਭੁੱਲਣੀਆਂ ਵੀ ਪੈਂਦੀਆਂ ਹਨ

ਮਨੁੱਖੀ ਜ਼ਿੰਦਗੀ 'ਚ ਰਿਸ਼ਤੇ, ਸੰਬੰਧ, ਤਾਲੂਕਾਤ, ਮਿੱਤਰਤਾ ਅਤੇ ਦੋਸਤੀ ਸਦਾ ਇੱਕੋ ਜਿਹੇ ਨਹੀਂ ਰਹਿੰਦੇ। ਇਨ੍ਹਾਂ ਨੂੰ ਬਰਕਰਾਰ ਰੱਖਣ ਲਈ ਬਹੁਤ ਸੂਝ-ਬੂਝ, ਫਰਾਖਦਿਲੀ, ਸਿਆਣਪ ਤੇ ਦੂਰ-ਅੰਦੇਸ਼ੀ ਦੀ ਲੋੜ ਹੁੰਦੀ ਹੈ। ਦੁਨੀਆ ਦਾ ਪ੍ਰਸਿੱਧ ਦਾਰਸ਼ਨਿਕ ਸੀ.ਐਮ. ਵਿੰਡਰ ਮਨੁੱਖੀ ਸਬੰਧਾਂ ਦੀ ਬਰਕਰਾਰੀ ਦੇ ਮਹਤੱਵ ਦੀ ਚਰਚਾ ਕਰਦਾ ਹੋਇਆ ਕਹਿੰਦਾ ਹੈ ਕਿ ਤੁਹਾਡੇ ਕੀਤੇ ਹੋਏ ਅਹਿਸਾਨ ਦੇ ਬਦਲੇ ਜੇਕਰ ਕੋਈ ਵਿਅਕਤੀ ਕਿਸੇ ਕਾਰਨ ਲੋੜ ਪੈਣ 'ਤੇ ਤੁਹਾਡੇ ਕੰਮ ਨਹੀਂ ਆਉਂਦਾ ਤਾਂ ਉਸਦੇ ਨਾਲ ਨਾਤਾ ਤੋੜਨ ਦੀ ਬਜਾਏ ਉਸਦੀ ਮਜਬੂਰੀ ਸਮਝ ਕੇ ਉਸ ਨੂੰ ਭੁੱਲ ਜਾਓ, ਹੋ ਸਕਦਾ ਹੈ ਕਿ ਉਹੀ ਵਿਆਕਤੀ ਫੇਰ ਵੀ ਤੁਹਾਡੀ ਕਿਸੇ ਵੇਲੇ ਸਹਾਇਤਾ ਕਰ ਸਕਦਾ ਹੈ। ਛੋਟੀਆਂ-ਛੋਟੀਆਂ ਗੱਲਾਂ ਗਲਤੀਆਂ ਅਤੇ ਭੁੱਲਾਂ ਨੂੰ ਭੁੱਲ ਜਾਣਾ, ਦਿਮਾਗ 'ਚ ਨਾ ਰੱਖਣਾ ਅਤੇ ਨਜ਼ਰਅੰਦਾਜ਼ ਕਰਨਾ ਜ਼ਿੰਦਗੀ ਪ੍ਰਤੀ ਤੁਹਾਡੇ ਨਜ਼ਰੀਏ ਅਤੇ ਤੁਹਾਡੀ ਸ਼ਖਸੀਅਤ ਦੀ ਤਸਵੀਰ ਨੂੰ ਉਕੇਰਦਾ ਹੈ। ਲੋਕਾਂ ਦੇ ਸੌ ਵਾਰ ਕੰਮ ਆ ਜਾਓ, ਪਰ ਕਿਸੇ ਕਾਰਨ ਤੁਸੀਂ ਇੱਕ ਵਾਰ ਮਦਦ ਕਰਨ ਤੋਂ ਨਾਂਹ ਕਰ ਦਿਓ ਤਾਂ ਲੋਕ ਤੁਹਾਡੇ ਸਾਰੇ ਪੁਰਾਣੇ ਅਹਿਸਾਨ ਭੁੱਲ ਜਾਂਦੇ ਹਨ। ਇਸ ਕਹਾਵਤ ਉੱਤੇ ਹਰ ਵਿਅਕਤੀ ਨੂੰ ਵਿਚਾਰ ਜਰੂਰ ਕਰਨਾ ਚਾਹੀਦਾ ਹੈ। ਕਿਸੇ ਵੱਲੋਂ ਕਿਸੇ ਕਾਰਨ ਕੰਮ ਨਾ ਆ ਸਕਣ ਕਾਰਨ, ਉਸ ਨੂੰ ਆਪਣੇ ਦਿਮਾਗ 'ਚ ਬਿਠਾ ਰੱਖਣਾ, ਉਸ ਤੋਂ ਬਦਲਾ ਲੈਣ ਦੀ ਸੋਚ ਰੱਖਣਾ ਮਨੁੱਖੀ ਰਿਸ਼ਤਿਆਂ ਲਈ ਘਾਤਕ ਹੁੰਦਾ ਹੈ। ਅਜਿਹੀ ਸੋਚ ਸੌੜੇ ਤੇ ਤੰਗ ਦਿਲ ਵਿਚਾਰਾਂ ਵਾਲੇ ਲੋਕਾਂ ਦੀ ਹੀ ਹੁੰਦੀ ਹੈ।

ਦਾਨਿਸ਼ਮੰਦ ਤੇ ਧਰਤੀ ਨਾਲ ਜੁੜੇ ਲੋਕ ਨਾ ਤਾਂ ਆਪਣੇ ਕੀਤੇ ਅਹਿਸਾਨਾਂ ਦੇ ਬਦਲੇ ਦੂਜਿਆਂ ਤੋਂ ਉਸਦਾ ਮੋੜ ਚਾਹੁੰਦੇ ਹਨ ਅਤੇ ਨਾ ਕਦੇ ਦੂਜਿਆਂ ਤੋਂ ਲਈ ਸਹਾਇਤਾ ਨੂੰ ਭੁਲਾਉਂਦੇ ਹਨ। ਰਵਿੰਦਰ ਨਾਥ ਟੈਗੋਰ ਨੂੰ ਜਦੋਂ ਗੀਤਾਂਜਲੀ ਲਈ ਨੋਬਲ ਪੁਰਸਕਾਰ ਮਿਲਿਆ ਤਾਂ ਉਨ੍ਹਾਂ ਨੂੰ ਦੁਨੀਆ ਭਰ ਦੇ ਲੋਕਾਂ ਨੇ ਵਧਾਈ ਦਿੱਤੀ, ਪਰ ਹਸਦ ਦਾ ਮਾਰਿਆ ਉਨ੍ਹਾਂ ਦਾ ਗੁਆਂਢੀ ਉਨ੍ਹਾਂ ਨੂੰ ਮੁਬਾਰਕ ਕਹਿਣ ਲਈ ਨਹੀਂ ਆਇਆ। ਉਨ੍ਹਾਂ ਨੇ ਆਪਣੇ ਗੁਆਂਢੀ ਨਾਲ ਸੰਬੰਧ ਖਤਮ ਕਰਨ ਦੀ ਬਜਾਏ, ਉਸਦੇ ਘਰ ਜਾ ਕੇ ਉਸ ਨੂੰ ਕਿਹਾ, "ਮਿੱਤਰ ਮੈਨੂੰ ਨੋਬਲ ਪੁਰਸਕਾਰ ਮਿਲਣ 'ਤੇ ਦੁਨੀਆ ਭਰ ਤੋਂ ਸ਼ੁਭ ਇੱਛਾਵਾਂ ਆਈਆਂ, ਪਰ ਤੁਸੀਂ ਮੈਨੂੰ ਮੁਬਾਰਕ ਕਹਿਣ ਲਈ ਨਹੀਂ ਆਏ। ਤੁਹਾਡੀ ਵਧਾਈ ਤੋਂ ਬਗੈਰ ਮੇਰੀ ਇਹ ਖੁਸ਼ੀ ਅਧੂਰੀ ਹੈ। ਤੁਹਾਡੇ ਨਾ ਆਉਣ ਦਾ ਕਾਰਨ ਮੇਰੀ ਤੁਹਾਡੇ ਪ੍ਰਤੀ ਕੋਈ ਗਲਤੀ ਹੋ ਸਕਦੀ ਹੈ, ਉਸ ਲਈ ਮੈਂ ਤੁਹਾਡੇ ਕੋਲੋਂ ਖਿਮਾ ਚਾਹੁੰਦਾ ਹਾਂ।" ਰਵਿੰਦਰਨਾਥ ਟੈਗੋਰ ਦੇ ਇਨ੍ਹਾਂ ਸ਼ਬਦਾਂ ਨੂੰ ਸੁਣ ਕੇ ਉਨ੍ਹਾਂ ਦਾ ਗੁਆਂਢੀ ਮਨੋ ਮਨ ਬਹੁਤ ਸ਼ਰਮਿੰਦਾ ਹੋਇਆ। ਦੂਜਿਆਂ ਦੀਆਂ ਛੋਟੀਆਂ ਮੋਟੀਆਂ ਗੱਲਾਂ ਅਤੇ ਗਲਤੀਆਂ ਇਹ ਸੋਚ ਕੇ ਅਣਗੌਲੀਆਂ ਅਤੇ ਅਣਵੇਖੀਆਂ ਕਰੋ ਕਿ ਅਸੀਂ ਫੇਰ ਵੀ ਇੱਕ-ਦਜੇ ਦੇ ਕੰਮ ਆਉਣਾ ਹੈ। ਮਨੁੱਖੀ ਸਬੰਧਾਂ ਵਿੱਚ ਵਿਗਾੜ ਉਦੋਂ ਪੈਂਦਾ ਹੈ, ਜਦੋਂ ਅਸੀਂ ਇਹ ਭੁੱਲ ਜਾਂਦੇ ਹਾਂ ਕਿ ਰੁੱਖ ਟਹਿਣੀਆਂ ਵੱਢਣ ਨਾਲ ਨਹੀਂ ਸਗੋਂ ਜੜ੍ਹਾਂ ਪੁੱਟਣ ਨਾਲ ਸੁੱਕਦਾ ਹੈ। ਸਾਡੇ ਮਿੱਤਰ, ਦੋਸਤ, ਸੰਬੰਧੀ ਅਤੇ ਰਿਸ਼ਤੇਦਾਰ ਸਾਡੀ ਜ਼ਿੰਦਗੀ ਦਾ ਖਜ਼ਾਨਾ ਹੁੰਦੇ ਹਨ। ਅਸੀਂ ਇੱਕ-ਦੂਜੇ ਨੂੰ ਚੰਗੀ ਤਰ੍ਹਾਂ ਸਮਝਦੇ ਵੀ ਹੁੰਦੇ ਹਾਂ, ਪਰ ਫੇਰ ਵੀ ਕਈ ਛੋਟੀਆਂ-ਛੋਟੀਆਂ ਗੱਲਾਂ ਅਤੇ ਭੁੱਲਾਂ ਸਾਡੇ ਸੰਬੰਧਾਂ 'ਚ ਅਜੀਬ ਸਥਿਤੀ ਪੈਦਾ ਕਰ ਦਿੰਦੀਆਂ ਹਨ, ਜਿਨ੍ਹਾਂ ਨੂੰ ਅਸੀਂ ਆਪਣੀ ਸੂਝ-ਬੂਝ ਨਾਲ ਨਜ਼ਰਅੰਦਾਜ਼ ਕਰਨਾ ਹੁੰਦਾ ਹੈ।

ਭੌਤਿਕਵਾਦ ਅਤੇ ਸਵਾਰਥ ਦੇ ਵਹਾਅ 'ਚ ਸਾਡੀ ਸਹਿਣਸ਼ੀਲਤਾ ਅਤੇ ਸੂਝ-ਬੂਝ ਪੇਤਲੀ ਪੈਂਦੀ ਜਾ ਰਹੀ ਹੈ, ਇਸੇ ਲਈ ਅਸੀਂ ਆਪਣਿਆਂ ਦੀਆਂ ਛੋਟੀਆਂ-ਮੋਟੀਆਂ ਗੱਲਾਂ ਨੂੰ ਨਜ਼ਰਅੰਦਾਜ਼ ਕਰਨ ਤੋਂ ਵਿਹੂਣੇ ਹੁੰਦੇ ਜਾ ਰਹੇ ਹਾਂ। ਬਿਹਤਰੀਨ ਲੋਕ ਸਾਡੀ ਜ਼ਿੰਦਗੀ ਵਿੱਚ ਇਤਫਾਕ ਨਾਲ ਹੀ ਆਉਂਦੇ ਹਨ, ਉਨ੍ਹਾਂ ਨਾਲ ਸੰਬੰਧਾਂ ਨੂੰ ਬਣਾ ਕੇ ਰੱਖਣ ਲਈ ਇਨ੍ਹਾਂ ਛੋਟੀਆਂ-ਮੋਟੀਆਂ ਗੱਲਾਂ ਨੂੰ ਭੁਲਾਉਣਾ ਹੀ ਪੈਂਦਾ ਹੈ। ਛੋਟੀਆਂ-ਮੋਟੀਆਂ ਗੱਲਾਂ ਤੇ ਭੁੱਲਾਂ ਦਿਮਾਗ 'ਚ ਰੱਖ ਕੇ ਆਪਸੀ ਸੰਬੰਧਾਂ ਦੇ ਪੁਲ ਢਾਹ ਕੇ ਮੇਲ-ਜੋਲ ਦੇ ਦਰਵਾਜ਼ੇ ਬੰਦ ਕਰ ਦੇਣਾ ਮਨੁੱਖ ਦੀ ਮੂਰਖਤਾ ਦੀ ਨਿਸ਼ਾਨੀ ਹੁੰਦੀ ਹੈ। ਗਲਤੀਆਂ ਅਤੇ ਭੁੱਲਾਂ ਕਿਸੇ ਤੋਂ ਵੀ ਹੋ ਸਕਦੀਆਂ ਹਨ; ਸੋਲਾਂ ਕਲਾਂ ਸੰਪੂਰਨ ਕੋਈ ਨਹੀਂ ਹੋ ਸਕਦਾ। ਉਨ੍ਹਾਂ ਨੂੰ ਨਜ਼ਰਅੰਦਾਜ਼ ਕਰਨ ਦੀ ਗੁੰਜਾਇਸ਼ ਸਦਾ ਹੀ ਕਾਇਮ ਰੱਖਣੀ ਚਾਹੀਦੀ ਹੈ। ਭੁੱਲਣ ਵਾਲਾ ਮਹਾਨ ਹੁੰਦਾ ਹੈ।




ਸਾਹਿਤ ਵਿੱਚ ਨੋਬਲ ਪੁਰਸਕਾਰ ਜੇਤੂ ਰਵਿੰਦਰਨਾਥ ਟੈਗੋਰ

ਇੱਕ ਵਿਅਕਤੀ ਨੇ ਇੱਕ ਪ੍ਰਾਈਵੇਟ ਕੰਪਨੀ 'ਚ ਤਰੱਕੀ ਪਾਉਣ ਲਈ ਆਪਣੇ ਤੋਂ ਸੀਨੀਅਰ ਵਿਅਕਤੀ ਨੂੰ ਨੌਕਰੀ ਤੋਂ ਕਢਵਾ ਕੇ ਤਰੱਕੀ ਲੈ ਲਈ। ਕੁਝ ਸਮੇਂ ਤੋਂ ਬਾਅਦ ਉਸ ਵਿਅਕਤੀ ਦੀ ਮਾਂ ਦੀ ਮੌਤ ਹੋ ਗਈ, ਜਿਸਨੇ ਤਰੱਕੀ ਲੈਣ ਲਈ ਨੌਕਰੀ ਤੋਂ ਕਢਵਾਇਆ ਸੀ। ਨੌਕਰੀ ਤੋਂ ਕੱਢਿਆ ਵਿਅਕਤੀ ਅਫ਼ਸੋਸ ਲਈ ਸਭ ਤੋਂ ਪਹਿਲਾਂ ਉਸਦੇ ਘਰ ਪਹੁੰਚਿਆ। ਲੋਕਾਂ ਵੱਲੋਂ ਪੁੱਛੇ ਜਾਣ 'ਤੇ ਉਸ ਨੇ ਕਿਹਾ, ਮੇਰੇ ਉਸ ਨਾਲ ਪੁਰਾਣੇ ਸੰਬੰਧ ਹਨ, ਮੈਂ ਉਸ ਦੇ ਦੁੱਖ ਵਿੱਚ ਸ਼ਾਮਿਲ ਹੋਣ ਤੋਂ ਬਿਨਾ ਕਿਵੇਂ ਰਹਿ ਸਕਦਾ ਸਾਂ, ਨੌਕਰੀ ਤਾਂ ਹੋਰ ਵੀ ਮਿਲ ਹੀ ਜਾਣੀ ਹੈ।

# ਵੇਲਜ਼ ਵਿਖੇ ਵੀ ਨਸਲੀ ਵਿਤਕਰੇ ਦਾ ਸ਼ਿਕਾਰ ਰਹੇ ਪੰਜਾਬੀ

**ਬੋਲਦੇ ਪੰਨੇ**

**ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ**
ਫੋਨ:+91-9781646008



***ਪੰਜਾਬੀ ਜਿੱਥੇ ਵੀ ਗਏ, ਪੰਜਾਬੀਅਤ ਦੇ ਝੰਡੇ ਬੁਲੰਦ ਕਰਨ ਤੇ ਬੁਲੰਦ ਰੱਖਣ ਵਿੱਚ ਕੋਈ ਕਸਰ ਨਹੀਂ ਛੱਡੀ ਹੈ; ਪਰ ਹਥਲੀ ਲਿਖਤ ਵਿੱਚ ਇਹ ਜ਼ਿਕਰ ਵੀ ਹੈ ਕਿ ਉਥੇ ਪੰਜਾਬੀ ਕਿਵੇਂ ਨਸਲੀ ਵਿਤਕਰੇ ਦਾ ਸ਼ਿਕਾਰ ਰਹੇ! ਉਂਜ ਵੇਲਜ਼ ਵਿਖੇ ਸਭ ਤੋਂ ਪਹਿਲਾ ਗੁਰਦੁਆਰਾ 'ਗੁਰਦੁਆਰਾ ਸ੍ਰੀ ਦਸ਼ਮੇਸ਼ ਸਿੰਘ ਸਭਾ' ਸੰਨ 1989 ਵਿੱਚ ਕਾਰਡਿਫ਼ ਵਿਖੇ ਸਥਾਪਿਤ ਕੀਤਾ ਗਿਆ ਸੀ। ਇੱਥੇ ਵੱਸਦੇ ਭਾਰਤੀਆਂ ਤੇ ਪੰਜਾਬੀਆਂ ਨੇ ਵੱਖ-ਵੱਖ ਖੇਤਰਾਂ ਵਿੱਚ ਨਾਮਾਣਾ ਖੱਟਿਆ ਹੈ ਅਤੇ 'ਇੰਡੀਅਨ ਸੁਸਾਇਟੀ ਆਫ਼ ਸਾਊਥ ਵੈਸਟ ਵੇਲਜ਼' ਬਣਾ ਕੇ ਤੇ ਹੋਰ ਖੇਤਰਾਂ ਵਿੱਚ ਖ਼ੁਦ ਨੂੰ ਸਥਾਪਿਤ ਕਰ ਕੇ ਮਾਣ ਹਾਸਿਲ ਕੀਤਾ ਹੈ। ਨਤੀਜਨ, ਵੇਲਜ਼ ਦੇ ਸੰਸਦ ਭਵਨ ਅੰਦਰ 'ਸਿੱਖਜ਼ ਇਨ ਵੇਲਜ਼' ਸਿਰਲੇਖ ਹੇਠ ਚਿੱਤਰ-ਪ੍ਰਦਰਸ਼ਨੀ ਵੀ ਲਗਾਈ ਜਾਂਦੀ ਹੈ। ਪੇਸ਼ ਹੈ, ਇਸ ਸਾਂਝ ਦਾ ਸੰਖੇਪ ਜ਼ਿਕਰ...***



ਇਹ ਕੋਈ ਮਿੱਟੀ ਦੀ ਛੋਟੀ ਜਿਹੀ ਢੇਰੀ ਨਹੀਂ ਹੈ। ਅਸਲ ਵਿੱਚ ਇਹ 'ਸਨੋਅਡਨ' ਨਾਂ ਦੀ ਚੋਟੀ ਹੈ, ਜੋ ਵੇਲਜ਼ ਅੰਦਰ ਕਈ ਉੱਚੇ-ਉੱਚੇ ਪਰਬਤਾਂ ਵਿੱਚੋਂ ਸਭ ਤੋਂ ਉੱਚੀ ਚੋਟੀ ਹੈ

*ਪ੍ਰਸਿੱਧ ਯਾਤਰਾ ਮਾਹਿਰਾਂ ਦੇ ਇੱਕ ਪੈਨਲ ਵੱਲੋਂ ਸਾਲ 2017 ਵਿੱਚ ਯੂ.ਕੇ. ਦੇ ਆਲੇ-ਦੁਆਲੇ 15 ਥਾਵਾਂ/ਮਨਮੋਹਕ ਦ੍ਰਿਸ਼ਾਂ ਦੀ ਇੱਕ ਸੂਚੀ ਬਣਾਈ ਗਈ ਸੀ, ਜਿਸ ਵਿੱਚ ਪ੍ਰਸਿੱਧ ਪ੍ਰਕਾਸ਼ਨਾਂ, ਗੁੱਡ ਹਾਊਸਕੀਪਿੰਗ ਅਤੇ ਵਾਂਡਰਲਸਟ ਸ਼ਾਮਲ ਸਨ। ਇੱਕ ਵਾਰ 15 ਦੀ ਚੋਣ ਹੋ ਜਾਣ ਤੋਂ ਬਾਅਦ ਆਮ ਲੋਕਾਂ ਨੂੰ ਆਪਣੇ ਮਨਪਸੰਦ 'ਤੇ ਵੋਟ ਪਾਉਣ ਦੀ ਇਜਾਜ਼ਤ ਦਿੱਤੀ ਗਈ। 15 ਦ੍ਰਿਸ਼ਾਂ ਵਿੱਚੋਂ 'ਸਨੋਅਡਨ' ਚੋਟੀ ਨੂੰ ਚੁਣਿਆ ਗਿਆ। ਵੋਟਾਂ ਦੇ ਨਤੀਜਿਆਂ ਤੋਂ ਪਤਾ ਲੱਗਾ ਕਿ ਸਨੋਅਡਨ ਸਭ ਤੋਂ ਪਸੰਦੀਦਾ ਦ੍ਰਿਸ਼ ਸੀ, ਜਿਸਨੇ ਇੰਗਲੈਂਡ ਵਿੱਚ ਸਟੋਨਹੇਂਜ ਅਤੇ ਸਕਾਟਲੈਂਡ ਵਿੱਚ ਬੇਨ ਨੇਵਿਸ ਵਰਗੇ ਮਸ਼ਹੂਰ ਦ੍ਰਿਸ਼ਾਂ ਨੂੰ ਪਛਾੜ ਦਿੱਤਾ। ਇਹ ਸਿਖਰ ਤੋਂ ਲਿਲਿਨ ਲਿਲੀਡਾ ਝੀਲ ਦਾ ਦ੍ਰਿਸ਼ ਸੀ, ਜਿਸਨੇ ਸਨੋਅਡਨ ਨੂੰ ਆਪਣਾ ਪਹਿਲਾ ਸਥਾਨ ਪ੍ਰਾਪਤ ਕਰਨ ਵਿੱਚ ਮਦਦ ਕੀਤੀ। ਇਹ ਕੁਦਰਤੀ ਝੀਲ ਯੂ.ਕੇ. ਦੇ ਅੰਦਰ ਸਭ ਤੋਂ ਵੱਧ ਵੇਖੀਆਂ ਜਾਣ ਵਾਲੀਆਂ ਝੀਲਾਂ ਵਿੱਚੋਂ ਇੱਕ ਹੈ।*

ਯੂਨਾਈਟਿਡ ਕਿੰਗਡਮ ਕਹਾਉਣ ਵਾਲਾ ਯੂ.ਕੇ. ਦਰਅਸਲ ਇੰਗਲੈਂਡ, ਸਕਾਟਲੈਂਡ, ਉੱਤਰੀ ਆਇਰਲੈਂਡ ਅਤੇ ਵੇਲਜ਼ ਆਦਿ ਨੂੰ ਮਿਲਾ ਕੇ ਬਣਿਆ ਹੈ। ਵੇਲਜ਼ ਦਰਅਸਲ ਗ੍ਰੇਟ ਬ੍ਰਿਟੇਨ ਦੇ ਦੱਖਣ-ਪੱਛਮ ਵਿੱਚ ਸਥਿਤ ਹੈ। ਇਸਦੇ ਸੱਤ ਸਭ ਤੋਂ ਮਹੱਤਵਪੂਰਨ ਸ਼ਹਿਰ ਕਾਰਡਿਫ਼, ਨਿਊਪੋਰਟ, ਸਵੈਨਸੀ, ਬੈਂਗਰ, ਸੇਂਟ ਡੇਵਿਡਸ, ਸੇਂਟ ਐਸਫ਼ ਅਤੇ ਰੈਗ਼ਜ਼ਮ ਹਨ। ਇਸ ਮੁਲਕ ਦੀ ਰਾਜਧਾਨੀ ਦਾ ਨਾਂ ਕਾਰਡਿਫ਼ ਹੈ, ਜੋ ਕਿ ਵੇਲਜ਼ ਦਾ ਸਭ ਤੋਂ ਵੱਡਾ ਸ਼ਹਿਰ ਵੀ ਹੈ। ਇਸਦੇ ਉੱਤਰ ਵਿੱਚ ਆਇਰਿਸ਼ ਸਾਗਰ, ਪੂਰਬ ਵਿੱਚ ਇੰਗਲੈਂਡ ਅਤੇ ਦੱਖਣ ਵਿੱਚ ਬ੍ਰਿਸਟਲ ਚੈਨਲ ਸਥਿਤ ਹੈ। ਸਾਲ 2021 ਦੀ ਜਨਗਣਨਾ ਅਨੁਸਾਰ ਇੱਥੋਂ ਦੀ ਆਬਾਦੀ 32 ਕੁ ਲੱਖ ਦੇ ਕਰੀਬ ਸੀ, ਜਦੋਂ ਕਿ ਇੱਥੇ ਵੱਸੋਂ ਦੀ ਘਣਤਾ 154 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ ਦੇ ਕਰੀਬ ਸੀ। ਇੱਥੋਂ ਦੇ ਬਾਸ਼ਿੰਦਿਆਂ ਦੀ ਪ੍ਰਤੀ ਵਿਅਕਤੀ ਆਮਦਨ ਅੰਦਾਜ਼ਨ 26 ਕੁ ਹਜ਼ਾਰ ਪੌਂਡ ਸਾਲਾਨਾ ਸੀ। ਇਸਦਾ ਕੁੱਲ ਰਕਬਾ 21,218 ਵਰਗ ਕਿਲੋਮੀਟਰ ਤੱਕ ਫ਼ੈਲਿਆ ਹੋਇਆ ਹੈ, ਜਿਸ ਵਿੱਚੋਂ 2700 ਕਿਲੋਮੀਟਰ ਤਾਂ ਇਸਦਾ ਸਮੁੰਦਰੀ ਕਿਨਾਰਾ ਹੈ। ਇਸ ਮੁਲਕ ਅੰਦਰ ਕਈ ਉੱਚੇ-ਉੱਚੇ ਪਰਬਤ ਹਨ, ਜਿਨ੍ਹਾਂ ਵਿੱਚੋਂ 'ਸਨੋਅਡੋਨ' ਨਾਂ ਦੀ ਇਸਦੀ ਸਭ ਤੋਂ ਉੱਚੀ ਚੋਟੀ ਵੀ ਸ਼ਾਮਿਲ ਹੈ।

ਵੇਲਜ਼ ਦੀ ਖ਼ਾਸੀਅਤ ਇਹ ਹੈ ਕਿ ਇੱਥੇ ਵੱਸਦੇ ਭਾਰਤੀਆਂ ਦੀ ਸੰਖਿਆ ਨਿਰੰਤਰ ਵਧ ਰਹੀ ਹੈ ਤੇ ਇੱਥੇ ਆਉਣ ਵਾਲੇ ਜ਼ਿਆਦਾਤਰ ਭਾਰਤੀ ਲੋਕਾਂ ਨੇ ਇੱਥੋਂ ਦੇ ਵਿਭਿੰਨਤਾਪੂਰਨ ਸੱਭਿਆਚਾਰ, ਮਜਬੂਤ ਹੁੰਦੀ ਅਰਥ-ਵਿਵਸਥਾ ਅਤੇ ਸਿੱਖਿਆ ਦੇ ਖੇਤਰ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ ਤੇ ਪਾ ਵੀ ਰਹੇ ਹਨ। ਸਾਲ 2021 ਦੀ ਜਨਗਣਨਾ ਵੇਲੇ ਇੱਥੇ ਵੱਸਣ ਵਾਲੇ ਭਾਰਤੀਆਂ ਦੀ ਸੰਖਿਆ 21 ਹਜ਼ਾਰ ਦੇ ਕਰੀਬ ਸੀ, ਜੋ ਕਿ ਸਾਲ 2024 ਵਿੱਚ 30 ਹਜ਼ਾਰ ਹੋ ਗਈ ਸੀ। ਇੱਥੇ ਵੱਸਣ ਵਾਲੇ ਵਿਦੇਸ਼ੀ ਵਿਦਿਆਰਥੀਆਂ ਵਿੱਚ ਸਭ ਤੋਂ ਵੱਡੀ ਸੰਖਿਆ ਭਾਰਤਵਾਸੀਆਂ ਦੀ ਸੀ ਤੇ ਅੱਜ ਵੀ ਹੈ। ਇੱਥੇ 'ਇੰਡੀਅਨ ਸੁਸਾਇਟੀ ਆਫ਼ ਸਾਊਥ ਵੈਸਟ ਵੇਲਜ਼' ਬਹੁਤ ਸਾਰੇ ਸੱਭਿਆਚਾਰਕ ਸਮਾਗਮ ਆਯੋਜਿਤ ਕਰਦੀ ਰਹਿੰਦੀ ਹੈ, ਜੋ ਕਿ ਭਾਈਚਾਰੇ ਦੀ ਭਾਵਨਾ ਨੂੰ ਮਜਬੂਤ ਕਰਨ ਵਿੱਚ ਮਦਦ ਕਰਦੇ ਹਨ। ਉਂਜ ਜ਼ਿਕਰਯੋਗ ਹੈ ਕਿ 11 ਅਕਤੂਬਰ 1875 ਨੂੰ ਮਹਾਰਾਣੀ ਵਿਕਟੋਰੀਆ ਦੇ ਵੱਡੇ ਬੇਟੇ ਅਤੇ ਵੇਲਜ਼ ਦੇ ਰਾਜਕੁਮਾਰ ਐਲਬਰਟ ਐਡਵਰਡ ਨੇ ਚਾਰ ਮਹੀਨਿਆਂ ਤੱਕ ਭਾਰਤੀ ਉਪ-ਮਹਾਂਦੀਪ ਦਾ ਦੌਰਾ ਵੀ ਕੀਤਾ ਸੀ।

ਉਂਜ ਤਾਂ ਇਹ ਸੱਚ ਹੈ ਕਿ ਯੂ.ਕੇ. ਵਿੱਚ ਰਹਿਣ ਵਾਲੇ ਜ਼ਿਆਦਾਤਰ ਪੰਜਾਬੀਆਂ ਦਾ ਵਾਸ ਇੰਗਲੈਂਡ ਵਿਖੇ ਹੈ, ਪਰ ਇਹ ਵੀ ਸੱਚ ਹੈ ਕਿ ਵੇਲਜ਼ ਵਿਖੇ ਵੀ ਚਾਰ ਹਜ਼ਾਰ ਤੋਂ ਵੱਧ ਸੰਖਿਆ ਵਿੱਚ ਪੰਜਾਬੀ ਵੱਸਦੇ ਹਨ। ਪ੍ਰਾਪਤ ਅੰਕੜਿਆਂ ਅਨੁਸਾਰ ਸਾਲ 2001 ਵਿੱਚ ਇੱਥੇ ਵੱਸਣ ਵਾਲੇ ਪੰਜਾਬੀਆਂ ਦੀ ਸੰਖਿਆ 2 ਹਜ਼ਾਰ ਦੇ ਕਰੀਬ ਸੀ, ਜੋ ਕਿ ਸੰਨ 2011 ਵਿੱਚ ਤਿੰਨ ਹਜ਼ਾਰ ਅਤੇ ਫਿਰ ਸੰਨ 2021 ਵਿੱਚ ਚਾਰ ਹਜ਼ਾਰ ਤੋਂ ਵਧ ਗਈ ਸੀ। ਵੇਲਜ਼ ਵਿਖੇ ਸਭ ਤੋਂ ਪਹਿਲਾ ਗੁਰਦੁਆਰਾ 'ਗੁਰਦੁਆਰਾ ਸ੍ਰੀ ਦਸ਼ਮੇਸ਼ ਸਿੰਘ ਸਭਾ' ਸੰਨ 1989 ਵਿੱਚ ਕਾਰਡਿਫ਼ ਵਿਖੇ ਸਥਾਪਿਤ ਕੀਤਾ ਗਿਆ ਸੀ। ਇੱਥੇ ਪੁੱਜੇ ਅਤੇ ਵੱਸ ਰਹੇ ਬਹੁਤੇ ਪੰਜਾਬੀ ਆਪਣੇ ਮਿਹਨਤੀ ਸੁਭਾਅ ਕਰਕੇ ਵੱਡੇ-ਵੱਡੇ ਘਰਾਂ ਦੇ ਮਾਲਕ ਹਨ ਤੇ ਇਨ੍ਹਾਂ ਦਾ ਵਪਾਰਕ ਖੇਤਰ ਵਿੱਚ ਵੀ ਚੰਗਾ ਪ੍ਰਭਾਵ ਹੈ।

ਇੱਥੇ ਇਹ ਦੱਸਣਾ ਬਣਦਾ ਹੈ ਕਿ ਇੱਥੇ ਵੱਸਣ ਵਾਲੇ ਪੰਜਾਬੀਆਂ ਨੂੰ ਤੇ ਖ਼ਾਸ ਕਰਕੇ ਸਿੱਖਾਂ ਨੂੰ ਆਪਣੇ ਧਾਰਮਿਕ ਚਿੰਨ੍ਹਾਂ ਕਰਕੇ ਭਾਰੀ ਮੁਸ਼ਕਿਲਾਂ ਅਤੇ ਮੁਸੀਬਤਾਂ ਦਾ ਸਾਹਮਣਾ ਕਰਨਾ ਪਿਆ ਹੈ। ਸੰਨ 2000 ਦੌਰਾਨ ਵੇਲਜ਼ ਦੇ ਪੋਰਟ ਟੈਲਬਟ ਨਾਮਕ ਸਥਾਨ 'ਤੇ ਮਿੱਥ ਕੇ ਕੀਤੇ ਨਸਲੀ ਹਮਲੇ ਵਿੱਚ ਵੇਲਜ਼ ਦੀ ਇੱਕ ਨਾਮਵਰ ਸਿੱਖ ਸ਼ਖ਼ਸੀਅਤ ਦਾ ਕਤਲ ਕਰ ਦਿੱਤਾ ਗਿਆ ਸੀ ਤੇ ਠੀਕ ਅੱਠ ਸਾਲ ਬਾਅਦ ਸੰਨ 2008 ਵਿੱਚ ਲੜਕੀਆਂ ਦੇ ਇੱਕ ਸਕੂਲ ਵਿੱਚ ਪੜ੍ਹਦੀ ਇਕਲੌਤੀ ਸਿੱਖ ਲੜਕੀ ਨੂੰ ਸਕੂਲ ਅੰਦਰ ਪ੍ਰਵੇਸ਼ ਕਰਨ ਤੋਂ ਇਸ ਕਰਕੇ ਰੋਕ ਦਿੱਤਾ ਗਿਆ ਸੀ, ਕਿਉਂਕਿ ਉਸਨੇ ਕੜਾ ਉਤਾਰਨ ਤੋਂ ਇਨਕਾਰ ਕਰ ਦਿੱਤਾ ਸੀ। ਮਾਮਲਾ ਆਖ਼ਿਰ ਹਾਈਕੋਰਟ ਤੱਕ ਚਲਾ ਗਿਆ ਸੀ, ਜਿੱਥੇ ਅਦਾਲਤ ਨੇ ਇਨਸਾਫ਼ ਦੀ ਗੱਲ ਕਰਦਿਆਂ ਸਕੂਲ ਪ੍ਰਸ਼ਾਸਨ ਦੇ ਰਵੱਈਏ ਨੂੰ ਗ਼ਲਤ ਠਹਿਰਾਇਆ ਸੀ।

ਪੰਜਾਬੀਆਂ ਨੇ ਵੇਲਜ਼ ਵਿਖੇ ਵੱਸਦਿਆਂ ਵੱਖ-ਵੱਖ ਖੇਤਰਾਂ ਵਿੱਚ ਆਪਣੀਆਂ ਸ਼ਾਨਦਾਰ ਸੇਵਾਵਾਂ ਦਿੱਤੀਆਂ ਹਨ। ਇਹ ਖੇਤਰ ਹਨ- ਆਰਥਿਕ ਮਾਮਲੇ, ਕਮਿਊਨਿਟੀ ਕਾਊਂਸਲਿੰਗ, ਜਸਟਿਸ ਆਫ਼ ਪੀਸ, ਵਪਾਰ ਅਤੇ ਟੈਕਸੀ ਸੰਚਾਲਨ ਆਦਿ। ਦਰਅਸਲ ਸੰਨ 1950 ਤੋਂ ਬਾਅਦ ਯੂ.ਕੇ. ਵਿਖੇ ਉਦਯੋਗਿਕ ਖੇਤਰ ਵਿੱਚ ਰੁਜ਼ਗਾਰ ਦੇ ਮੌਕੇ ਵਧਣ ਕਰਕੇ ਬਹੁਤ ਸਾਰੇ ਪੰਜਾਬੀ ਇੱਥੇ ਆਣ ਪੁੱਜੇ ਸਨ, ਪਰ ਉਨ੍ਹਾਂ ਦੀਆਂ ਅਗਲੀਆਂ ਪੀੜ੍ਹੀਆਂ ਨੇ ਇੱਥੇ ਸਵੈ-ਰੁਜ਼ਗਾਰ ਦੇ ਖੇਤਰ ਵਿੱਚ ਮੱਲਾਂ ਮਾਰੀਆਂ ਸਨ। ਵੇਲਜ਼ ਵਿਖੇ ਵੱਖ-ਵੱਖ ਗੁਰਪੁਰਬ ਅਤੇ ਭਾਰਤੀ ਤਿਉਹਾਰ ਪੂਰੀ ਸ਼ਰਧਾ ਭਾਵਨਾ ਨਾਲ ਮਨਾਏ ਜਾਂਦੇ ਹਨ ਤੇ ਲੰਗਰ ਵੀ ਲਗਾਏ ਜਾਂਦੇ ਹਨ, ਜਿਨ੍ਹਾਂ ਨਾਲ ਸਥਾਨਕ ਨਾਗਰਿਕਾਂ ਨੂੰ ਪੰਜਾਬੀਆਂ ਦੇ ਖੁੱਲ੍ਹ-ਦਿਲੇ ਸੁਭਾਅ ਅਤੇ ਸੇਵਾ ਭਾਵਨਾ ਬਾਰੇ ਪਤਾ ਲੱਗਦਾ ਹੈ। ਇੱਥੇ 'ਸਿੱਖਜ਼ ਇਨ ਵੇਲਜ਼' ਸਿਰਲੇਖ ਹੇਠ ਵੇਲਜ਼ ਦੇ ਸੰਸਦ ਭਵਨ ਅੰਦਰ ਚਿੱਤਰ-ਪ੍ਰਦਰਸ਼ਨੀ ਵੀ ਲਗਾਈ ਜਾਂਦੀ ਹੈ, ਜਿਸ ਵਿੱਚ ਪੰਜਾਬੀਆਂ ਦੇ ਇਤਿਹਾਸ, ਸੱਭਿਆਚਾਰ, ਪਰਵਾਸ ਬਾਰੇ ਭਾਵਪੂਰਤ ਤਸਵੀਰਾਂ ਦੇ ਨਾਲ-ਨਾਲ ਪੰਜਾਬੀਆਂ ਵੱਲੋਂ ਵੇਲਜ਼ ਦੇ ਵਿਕਾਸ ਵਿੱਚ ਪਾਏ ਯੋਗਦਾਨ ਸਬੰਧੀ ਪ੍ਰਭਾਵਸ਼ਾਲੀ ਤਸਵੀਰਾਂ ਵੀ ਪ੍ਰਦਰਸ਼ਿਤ ਕੀਤੀਆਂ ਜਾਂਦੀਆਂ ਹਨ।

ਵੇਲਜ਼ ਵਿਖੇ ਆ ਕੇ ਨਾਮਣਾ ਖੱਟਣ ਵਾਲੇ ਪਹਿਲੇ ਭਾਰਤੀ ਡਾਕਟਰ ਦਾ ਨਾਂ ਡਾ. ਗਣੇਸ਼ ਸੁਬਰਾਮਣੀਅਮ ਹੈ, ਜਦੋਂ ਕਿ ਸ੍ਰੀ ਰਾਜ ਕੁਮਾਰ ਅਗਰਵਾਲ ਨੂੰ ਵੇਲਜ਼ ਦੇ ਪਹਿਲੇ ਭਾਰਤੀ ਰਾਜਦੂਤ ਹੋਣ ਦਾ ਸ਼ਰਫ਼ ਹਾਸਿਲ ਹੈ। ਡੌਰਥੀ ਬੈਨਰਜੀ, ਜੋ ਕਿ ਆਈ ਤਾਂ ਇੱਥੇ ਬਤੌਰ ਵਿਦਿਆਰਥਣ ਸੀ ਪਰ ਛੇਤੀ ਹੀ ਉਸਨੇ ਆਪਣੀ ਮਦਮਸਤ ਗਾਇਕੀ ਸਦਕਾ ਵੇਲਜ਼ ਵਾਸੀਆਂ ਨੂੰ ਆਪਣੇ ਦੀਵਾਨੇ ਬਣਾ ਲਿਆ ਸੀ। ਡਾ. ਅਕਸ਼ੇ ਪੀਰ ਸਾਹਿਬ ਦਾ ਤਕਨਾਲੋਜੀ ਦੇ ਖੇਤਰ ਵਿੱਚ ਚੰਗਾ ਨਾਂ ਹੈ। ਕਨਿਸ਼ਕਾ ਨਾਰਾਇਣ ਇੱਥੋਂ ਦੀ ਸੰਸਦ ਮੈਂਬਰ ਹੈ ਤੇ ਉਸਨੂੰ ਇੱਥੇ ਵੱਸਦੇ ਘੱਟ-ਗਿਣਤੀ ਫ਼ਿਰਕਿਆਂ ਦੀ ਪਹਿਲੀ ਸੰਸਦ ਮੈਂਬਰ ਹੋਣ ਦਾ ਮਾਣ ਹਾਸਿਲ ਹੈ। ਅਜਿਹੇ ਬਹੁਤ ਸਾਰੇ ਹੋਰ ਭਾਰਤੀ ਲੋਕ ਵੀ ਹਨ, ਜਿਨ੍ਹਾਂ ਨੇ ਵੇਲਜ਼ ਵਿਖੇ ਦਵਾਈਆਂ, ਕਾਰੋਬਾਰ ਅਤੇ ਸੱਭਿਆਚਾਰ ਦੀ ਪ੍ਰਫੁੱਲਤਾ ਵਿੱਚ ਵਾਧਾ ਕਰਨ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਸ੍ਰੀ ਜਸਨੂਪ ਚੀਮਾ ਨੇ ਕਾਨੂੰਨ ਦੇ ਖੇਤਰ ਵਿੱਚ ਮੱਲਾਂ ਮਾਰੀਆਂ ਹਨ। ਕਲਾ ਦੇ ਖੇਤਰ ਵਿੱਚ ਪੰਜਾਬਣ ਬਨਿਤਾ ਸੰਧੂ ਦਾ ਚੰਗਾ ਨਾਂ ਹੈ।

ਬਨਿਤਾ ਸੰਧੂ ਦਾ ਜਨਮ ਸੰਨ 1997 ਵਿੱਚ ਵੇਲਜ਼ ਦੇ ਕੈਰਲਿਓਨ ਨਗਰ ਵਿਖੇ ਹੋਇਆ ਸੀ ਅਤੇ ਗਿਆਰਾਂ ਵਰ੍ਹਿਆਂ ਦੀ ਉਮਰ ਵਿੱਚ ਹੀ ਇਸ ਕੁੜੀ ਨੂੰ ਅਦਾਕਾਰੀ ਦਾ ਸ਼ੌਕ ਪੈ ਗਿਆ ਸੀ ਤੇ 18 ਵਰ੍ਹਿਆਂ ਦੀ ਉਮਰ ਵਿੱਚ ਉਹ ਅੰਗਰੇਜ਼ੀ ਸਾਹਿਤ ਦੀ ਉਚੇਰੀ ਪੜ੍ਹਾਈ ਹਿਤ ਲੰਦਨ ਚਲੀ ਗਈ ਸੀ। 21 ਵਰ੍ਹਿਆਂ ਦੀ ਉਮਰ ਵਿੱਚ ਉਸਨੇ ਪਹਿਲਾਂ ਵੋਡਾਫ਼ੋਨ ਅਤੇ ਰਿਗਲੀਜ਼ ਡਬਲਮਿੰਟ ਨਾਮੀਂ ਉਤਪਾਦਾਂ ਲਈ ਇਸ਼ਤਿਹਾਰਾਂ ਵਿੱਚ ਕੰਮ ਕੀਤਾ ਸੀ ਤੇ ਫਿਰ ਉਹ ਬਾਲੀਵੁੱਡ ਜਾ ਪੁੱਜੀ ਸੀ, ਜਿੱਥੇ ਉਸਨੂੰ ਮਸ਼ਹੂਰ ਅਦਾਕਾਰ ਵਰੁਣ ਧਵਨ ਦੇ ਨਾਲ 'ਅਕਤੂਬਰ' ਨਾਂ ਦੀ ਫ਼ਿਲਮ ਲਈ ਮੁੱਖ ਭੂਮਿਕਾ ਵਿੱਚ ਲੈ ਲਿਆ ਗਿਆ ਸੀ। ਅਗਲੇ ਹੀ ਸਾਲ ਉਸਨੇ ਤਾਮਿਲ ਫ਼ਿਲਮ 'ਆਦਿਤਯ ਵਰਮਾ' ਅਤੇ ਅਮਰੀਕੀ ਟੀ.ਵੀ. ਲੜੀਵਾਰ 'ਪੰਡੋਰਾ' ਵਿੱਚ ਵੀ ਆਪਣੀ ਅਦਾਕਾਰੀ ਦੇ ਜੌਹਰ ਵਿਖਾਏ ਸਨ। ਇਸ ਉਪਰੰਤ ਉਸਨੇ 'ਸਰਦਾਰ ਊਧਮ ਸਿੰਘ', 'ਕਵਿਤਾ' ਅਤੇ ਟੈਰੇਸਾ' ਨਾਮੀਂ ਫ਼ਿਲਮਾਂ ਵੀ ਸਾਈਨ ਕੀਤੀਆਂ ਸਨ। ਉਸਦੇ ਅਭਿਨੈ ਨਾਲ ਸਜੀਆਂ ਕੁਝ ਹੋਰ ਫ਼ਿਲਮਾਂ ਵਿੱਚ ਹਿੰਦੀ ਫ਼ਿਲਮ 'ਡਿਟੈਕਟਿਵ ਸ਼ੇਰਦਿਲ' ਅਤੇ ਅੰਗਰੇਜ਼ੀ ਫ਼ਿਲਮ 'ਈਟੱਰਨਲ ਬਿਊਟੀ' ਆਦਿ ਦੇ ਨਾਂ ਵੀ ਸ਼ਾਮਿਲ ਹਨ। ਪੰਜਾਬੀ ਗਾਇਕ ਦਿਲਜੀਤ ਦੁਸਾਂਝ ਦੇ ਸੰਗੀਤਕ ਵੀਡੀਓ 'ਜਿੰਦ ਮਾਹੀ' ਤੋਂ ਇਲਾਵਾ ਗਾਇਕ ਏ.ਪੀ. ਢਿੱਲੋਂ ਦੇ ਸੰਗੀਤਕ ਵੀਡੀਓ 'ਵਿਦ ਯੂ' ਵਿੱਚ ਵੀ ਬਨਿਤਾ ਸੰਧੂ ਨੇ ਅਦਾਕਾਰੀ ਦੇ ਜਲਵੇ ਵਿਖਾਏ ਸਨ।

**'ਸਿੱਖਜ਼ ਇਨ ਵੇਲਜ਼' ਸਿਰਲੇਖ ਹੇਠ ਵੇਲਜ਼ ਦੇ ਸੰਸਦ ਭਵਨ ਅੰਦਰ ਚਿੱਤਰ-ਪ੍ਰਦਰਸ਼ਨੀ ਵੀ ਲਗਾਈ ਜਾਂਦੀ ਹੈ, ਜਿਸ ਵਿੱਚ ਪੰਜਾਬੀਆਂ ਦੇ ਇਤਿਹਾਸ, ਸੱਭਿਆਚਾਰ, ਪਰਵਾਸ ਬਾਰੇ ਭਾਵਪੂਰਤ ਤਸਵੀਰਾਂ ਦੇ ਨਾਲ-ਨਾਲ ਪੰਜਾਬੀਆਂ ਵੱਲੋਂ ਵੇਲਜ਼ ਦੇ ਵਿਕਾਸ ਵਿੱਚ ਪਾਏ ਯੋਗਦਾਨ ਸਬੰਧੀ ਪ੍ਰਭਾਵਸ਼ਾਲੀ ਤਸਵੀਰਾਂ ਵੀ ਪ੍ਰਦਰਸ਼ਿਤ ਕੀਤੀਆਂ ਜਾਂਦੀਆਂ ਹਨ।**



■ 'ਸਿੱਖਜ਼ ਇਨ ਵੇਲਜ਼' ਚਿੱਤਰ-ਪ੍ਰਦਰਸ਼ਨੀ ਵਿੱਚ ਲੱਗੀ ਇੱਕ ਤਸਵੀਰ...




ਵੇਲਜ਼ ਦੇ ਕੈਰਲਿਓਨ ਵਿੱਚ ਜਨਮੀ ਅਤੇ ਕਲਾ ਦੇ ਖੇਤਰ ਵਿੱਚ ਨਾਮ ਖੱਟਣ ਵਾਲੀ ਅਦਾਕਾਰਾ ਬਨਿਤਾ ਸੰਧੂ ਮਸ਼ਹੂਰ ਅਦਾਕਾਰ ਵਰੁਣ ਧਵਨ ਦੇ ਨਾਲ ਫਿਲਮ 'ਅਕਤੂਬਰ' ਵਿੱਚ

Prepare for Tomorrow Now With Comprehensive Retirement Planning

■Annuities ■Life Insurance ■Long-Term Care ■Medicare Planning ■Disability Income



Call Gurpreet Singh
*Retirement and Insurance Advisor*
Cell: 630-677-6144
Email: Preetisingh@ffig.com

FUTURITY FIRST
Retirement | Life | Health

Futurity First Insurance Group

Hiring Local & Midwest Drivers and Dedicated Lanes & Owner Operators



NT corp
4800 Vernon Ave, Ste. C, McCook, IL 60525
Ph: 847-562-5860 ext. 1003
Fax: 847-897-2660

Premium Truck & Trailer Tires
We also provide installation services
ਅਸੀਂ ਇੰਸਟਾਲੇਸ਼ਨ ਸੇਵਾਵਾਂ ਵੀ ਪ੍ਰਦਾਨ ਕਰਦੇ ਹਾਂ



HT HAMPSHIRE TIRES
ਟਰੱਕਾਂ ਅਤੇ ਟਰਾਲਿਆਂ ਲਈ ਵਧੀਆ ਕਿਸਮ ਦੇ ਟਾਇਰ ਲੈਣ ਲਈ ਸੰਪਰਕ ਕਰੋ
*ਹੈਂਪਸ਼ਾਇਰ ਟਾਇਰਜ਼* *ਭਰੋਸੇਮੰਦ ਅਤੇ ਹੰਢਣਸਾਰ*

Hampshire Tires
235 Industrial Dr., Hampshire, IL 60140
Ph: 847-556-9996
Email: info@hampshiretires.com www.hampshiretires.com

SAKHI ATTIRE



*Bridal Lehenga
*Party Lehenga
*Punjabi Suit
*Co Ord Sets
*Kallire *Chuda
*Punjabi Jutti
*Jewellery

*ਦੁਲਹਨ ਦਾ ਲਹਿੰਗਾ
*ਪਾਰਟੀ ਲਹਿੰਗਾ
*ਪੰਜਾਬੀ ਸੂਟ
*ਕਲੀੜੇ
*ਪੰਜਾਬੀ ਜੁੱਤੀ
*ਗਹਿਣੇ *ਚੂੜਾ
...ਅਤੇ ਹੋਰ ਬੜਾ ਕੁਝ

Rupi Sidhu
sakhi.attire
Ph: 630-415-7389
rupisidhu30@gmail.com